# ਯੋਜਨਾ

**ਸਾਲ 34 • ਅੰਕ 3 • ਮਾਰਚ 2017 • ਕੁੱਲ ਪੰਨੇ 68**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ , ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਸੰਪਾਦਕੀ – 4
- 2017-18 ਦਾ ਕੇਂਦਰੀ ਬਜਟ – ਵਿਸਤ੍ਰਿਤ ਵਿਸ਼ਲੇਸ਼ਣ – ਐੱਨ ਆਰ ਭਾਨੂਮੂਰਤੀ – ਏ ਸ੍ਰੀ ਹਰੀ ਨਾਇਡੂ 5
- ਕੇਂਦਰੀ ਬਜਟ 2017-18 : ਮਾਲੀ ਤੌਰ ਤੇ ਵਿਹਾਰਕ – ਚਰਨ ਸਿੰਘ 9
- ਮਾਲੀਆ ਇਕੱਤਰ ਕਰਨ ਦੇ ਯਤਨ ਅਤੇ 2017-18 ਦਾ ਬਜਟ – ਮਾਲਿਨੀ ਚੱਕਰਵਰਤੀ 14
- ਨਵੇਂ ਅਵਤਾਰ ਵਿੱਚ ਰੇਲ ਬਜਟ – ਅਰੁਨੇਂਦਰ ਕੁਮਾਰ 17
- ਬਜਟ ਵਿੱਚ ਨਵੇਂ ਬਦਲਾਅ : ਢਾਂਚਾਗਤ ਅਤੇ ਪ੍ਰਕਿਰਿਆ ਸੰਬੰਧਿਤ – ਹੈਪੀ ਪੰਤ 22
- ਆਰਥਿਕ ਸਰਵੇਖਣ 2016-17 : ਭਾਰਤੀ ਆਰਥਿਕਤਾ ਦਾ ਸਵਾਟ ਵਿਸ਼ਲੇਸ਼ਣ – ਰਵਿੰਦਰ ਐੱਚ ਢੋਲਕੀਆ 25
- 2017-18 ਦੇ ਬਜਟ ਬਾਰੇ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਦੇ ਵਿਚਾਰ – 29
- ਕੇਂਦਰੀ ਬਜਟ 2017-18 ਦੀਆਂ ਵਿਸ਼ੇਸ਼ਤਾਵਾਂ – 30
- ਕੇਂਦਰੀ ਬਜਟ 2017-18 : ਬੁਨਿਆਦੀ ਖੇਤਰ ਨੂੰ ਹੁਲਾਰਾ – ਕ੍ਰਿਸ਼ਨਾ ਦੇਵ 34
- ਖੇਤੀ ਖੇਤਰ, ਦਿਹਾਤੀ ਭਾਰਤ – ਵੱਡੇ ਗੌਰਵ ਵੱਲ ਕਦਮ – ਨਰਿੰਦਰ ਦੇਵ 39
- ਕੇਂਦਰੀ ਬਜਟ 2017-18 ਵਿੱਚ ਖੇਤੀਬਾੜੀ ਨੂੰ ਵੱਡਾ ਹੁਲਾਰਾ – ਲਕਸ਼ਮੀ ਜੋਸ਼ੀ, ਵੀ.ਪੀ. ਅਹੂਜਾ 43
- ਨੌਜਵਾਨਾਂ ਲਈ ਬਜਟ – ਐੱਸ ਐੱਸ ਮੰਥਾ 44
- ਕੇਂਦਰੀ ਬਜਟ 2017-18 : ਉਤਪਾਦਕਤਾ ਅਤੇ ਰੋਜ਼ਗਾਰ ਵਾਧੇ ਦੀ ਮਜ਼ਬੂਤੀ ਲਈ – ਅਰੂਪ ਮਿੱਤਰਾ 48
- ਬਜਟ 2017 : ਅਚੱਲ ਜਾਇਦਾਦ ਖੇਤਰ ਲਈ ਸੰਭਾਵੀ ਕਾਇਆਕਲਪ – ਰਣਜੀਤ ਮਹਿਤਾ 51
- 2017-18 ਦੇ ਸਿਹਤ ਬਜਟ ਵਿੱਚ ਸਿਹਤਮੰਦ ਵਾਧਾ – ਰਾਜੀਵ ਅਹੂਜਾ 54
- ਕਮਜ਼ੋਰ ਤਬਕਿਆਂ ਦੀ ਭਲਾਈ ਅਤੇ ਵਿਕਾਸ – ਸ੍ਰੀਕਾਰਾ ਨਾਇਕ, ਅੰਜਲੀ ਬਾਂਸਲ 58
- ਕੀ ਤੁਸੀਂ ਜਾਣਦੇ ਹੋ? 63



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 – ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730. ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

## ਬੇਹਤਰ ਭਾਰਤ ਲਈ ਬਜਟ

ਇਸ ਸਾਲ ਕੇਂਦਰੀ ਬਜਟ ਬਹੁਤ ਸਾਰੀਆਂ ਅਨਿਸਚਿਤਤਾਵਾਂ ਦਰਮਿਆਨ ਪੇਸ਼ ਕੀਤਾ ਗਿਆ। ਨੋਟਬੰਦੀ ਮੁਹਿੰਮ, ਵਸਤੂ ਤੇ ਸੇਵਾ ਕਰ ਮੁਹਿੰਮ, ਅਮਰੀਕਾ ਵਿੱਚ ਨਵੇਂ ਪ੍ਰਸ਼ਾਸਨ ਦੀ ਆਮਦ ਨੇ ਇਸ ਸਾਰੇ ਵਰਤਾਰੇ ਨੂੰ ਬਹੁਤ ਚੁਨੌਤੀ ਵਾਲਾ ਬਣਾ ਦਿੱਤਾ। ਇਸ ਸਾਲ ਦਾ ਬਜਟ ਇਤਿਹਾਸਕ ਵੀ ਸੀ ਕਿਉਂਕਿ ਇਸ ਵਾਰ ਫ਼ਰਵਰੀ ਦੇ ਅਖੀਰਲੇ ਦਿਨ ਬਜਟ ਪੇਸ਼ ਕਰਨ ਦੀ ਵਰ੍ਹਿਆਂ ਪੁਰਾਣੀ ਰਵਾਇਤ ਨੂੰ ਦਰਕਿਨਾਰ ਕਰ ਦਿੱਤਾ ਗਿਆ, ਰੇਲਵੇ ਬਜਟ ਨੂੰ ਕੇਂਦਰੀ ਬਜਟ ਵਿੱਚ ਸ਼ਾਮਲ ਕਰ ਦਿੱਤਾ ਗਿਆ ਅਤੇ ਯੋਜਨਾਕ੍ਰਿਤ ਅਤੇ ਗੈਰ-ਯੋਜਨਾਕ੍ਰਿਤ ਖਰਚ ਦੇ ਵਰਗੀਕਰਨ ਨੂੰ ਖਤਮ ਕਰ ਦਿੱਤਾ ਗਿਆ।

ਨੋਟਬੰਦੀ ਤੋਂ ਬਾਅਦ ਅਮੀਰ ਤੇ ਗਰੀਬ ਦੋਨਾਂ ਵਲੋਂ ਝੱਲੀਆਂ ਮੁਸੀਬਤਾਂ ਤੋਂ ਬਾਅਦ ਇਹ ਆਸ ਕੀਤੀ ਜਾ ਰਹੀ ਸੀ ਕਿ ਬਜਟ ਵਿੱਚ ਜਨਤਾ ਲਈ ਕੁੱਝ ਪ੍ਰੋਤਸਾਹਨ ਸ਼ਾਮਲ ਹੋਣਗੇ। ਪਰ, ਬਜਟ ਸਰਕਾਰ ਦੀਆਂ ਗਰੀਬ ਪੱਖੀ, ਦਿਹਾਤ ਪੱਖੀ, ਅਤੇ ਕਿਸਾਨ ਪੱਖੀ ਤਰਜੀਹਾਂ ਦਾ ਨਿਰੰਤਰ ਪ੍ਰਗਟਾਵਾ ਜਾਰੀ ਹੈ ਅਤੇ ਇਸ ਦਾ ਕੇਂਦਰ ਬਿੰਦੂ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਦਾ ਦੀਰਘਕਾਲੀ ਏਜੰਡਾ ਹੈ। ਸਮੁੱਚੇ ਤੌਰ ਤੇ "ਬਦਲਾਅ, ਕ੍ਰਿਆਸ਼ੀਲਤਾ ਅਤੇ ਸਵੱਛ ਭਾਰਤ" ਦੇ ਟੀਚੇ ਵਾਲੇ ਇਸ ਬਜਟ ਵਿੱਚ ਬਹੁਆਯਾਮੀ ਪਹਿਲ ਅਪਣਾਈ ਗਈ ਹੈ ਜਿਸ ਵਿੱਚ ਅਰਥਚਾਰੇ ਦੇ ਸਾਰੇ ਖੇਤਰਾਂ ਵੱਲ ਧਿਆਨ ਦਿੱਤਾ ਗਿਆ ਹੈ। ਜ਼ਿਆਦਾ ਜ਼ੋਰ ਦਿਹਾਤੀ ਵਿਕਾਸ, ਖੇਤੀਬਾੜੀ, ਬੁਨਿਆਦੀ ਢਾਂਚਾ, ਹੁਨਰ ਦਾ ਵਿਕਾਸ, ਨਿਰਮਾਣ ਅਤੇ ਰੋਜ਼ਗਾਰ ਨਿਰਮਾਣ ਆਦਿ ਖੇਤਰਾਂ ਉਤੇ ਦਿੱਤਾ ਗਿਆ ਹੈ।

ਕਿਸਾਨਾਂ ਅਤੇ ਦਿਹਾਤੀ ਜਨਸੰਖਿਆ ਤਰਜੀਹੀ ਸੂਚੀ ਵਿੱਚ ਸਭ ਤੋਂ ਉਪਰ ਹੋਣ ਕਰਕੇ, ਪੰਜ ਸਾਲਾਂ ਵਿੱਚ ਭਾਰਤੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਬਹੁਤ ਸਾਰੇ ਕਦਮਾਂ ਦਾ ਐਲਾਨ ਕੀਤਾ ਗਿਆ ਹੈ। ਖੇਤੀਬਾੜੀ ਲਈ ਕਰਜ਼ਾ ਆਵੰਟਨ ਵਧਾ ਕੇ 10 ਲੱਖ ਕਰੋੜ ਕਰ ਦਿੱਤਾ ਗਿਆ ਹੈ। ਕਿਸਾਨ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਤਹਿਤ 40 ਪ੍ਰਤਿਸ਼ਤ ਹੋਰ ਫ਼ਸਲ ਖੇਤਰ ਨੂੰ ਇਸ ਸਕੀਮ ਦੇ ਦਾਇਰੇ ਹੇਠ ਲਿਆਉਣ ਦਾ ਟੀਚਾ ਮਿਥਿਆ ਗਿਆ ਹੈ। ਦੀਰਘਕਾਲੀ ਸਿੰਜਾਈ ਫ਼ੰਡ ਲਈ ਰਕਮ ਵਧਾ ਕੇ 40,000 ਕਰੋੜ ਰੁਪਏ ਕਰ ਦਿੱਤੀ ਗਈ ਹੈ।

ਦਿਹਾਤੀ ਰੋਜ਼ਗਾਰ ਅਤੇ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਵਿੱਚ ਸੁਧਾਰ ਕਰਨ ਲਈ ਵੱਡਾ ਹੰਭਲਾ ਮਾਰਨ ਦੀ ਮਨਸ਼ਾ ਤਹਿਤ ਵੱਡੀ ਗਿਣਤੀ ਨੌਜਵਾਨਾਂ ਨੂੰ ਹੁਨਰਮੰਦ ਕਰਨ ਵਾਸਤੇ ਅਨੇਕ ਪਹਿਲਕਦਮੀਆਂ ਦਾ ਐਲਾਨ ਕੀਤਾ ਗਿਆ ਹੈ। ਭਾਰਤ ਦੀ ਰੋਜ਼ਗਾਰ ਨਿਰਮਾਣ ਕਰਨ ਵਾਲੀ ਮੋਹਰੀ ਸਕੀਮ ਮਗਨਰੇਗਾ ਨੂੰ 48,000 ਕਰੋੜ ਰੁਪਏ ਦਾ ਸਭ ਤੋਂ ਵੱਡਾ ਆਵੰਟਨ ਦਿੱਤਾ ਗਿਆ ਹੈ। 'ਸੰਕਲਪ' ਅਧੀਨ 300 ਆਨਲਾਈਨ ਕੋਰਸ ਸ਼ੁਰੂ ਕਰਨ ਅਤੇ ਨੌਜਵਾਨਾਂ ਨੂੰ ਬਜ਼ਾਰ ਮੁਖੀ ਹੁਨਰਾਂ ਵਿੱਚ ਸਿੱਖਿਅਤ ਕਰਨ ਲਈ 4000 ਕਰੋੜ ਰੁਪਏ ਦੇ ਆਵੰਟਨ ਨਾਲ 'ਸਵੈਮ' ਦਾ ਟੀਚਾ ਭਾਰਤ ਨੂੰ ਦੁਨੀਆਂ ਦੀ ਹੁਨਰ ਦੀ ਰਾਜਧਾਨੀ ਵਜੋਂ ਵਿਕਸਤ ਕਰਨਾ ਹੈ। ਮਿਸ਼ਨ ਅੰਤੋਦਿਆ ਤਹਿਤ 1 ਕਰੋੜ ਲੋਕਾਂ ਅਤੇ 50,000 ਪਿੰਡ ਪੰਚਾਇਤਾਂ ਨੂੰ ਗਰੀਬੀ ਤੋਂ ਬਾਹਰ ਕੱਢਣ ਦਾ ਪ੍ਰਸਤਾਵ ਕੀਤਾ ਗਿਆ ਹੈ। ਸਰਕਾਰ ਦਾ ਦਿਹਾਤੀ ਵਿਕਾਸ ਤੇ ਜ਼ਿਆਦਾ ਜ਼ੋਰ ਹੇਠ ਦਿੱਤੀਆਂ ਪਹਿਲਕਦਮੀਆਂ ਤੋਂ ਸਪੱਸ਼ਟ ਨਜ਼ਰ ਆ ਰਿਹਾ ਹੈ – 100 ਪ੍ਰਤਿਸ਼ਤ ਪਿੰਡਾਂ ਦੇ ਬਿਜਲੀਕਰਨ ਲਈ 1 ਮਈ 2018 ਦਾ ਟੀਚਾ ਨਿਰਧਾਰਤ ਕਰਨਾ, ਖੁੱਲ੍ਹੇ ਵਿੱਚ ਮਲ ਤਿਆਗ ਕਰਨ ਤੋਂ ਮੁਕਤ ਪਿੰਡਾਂ ਨੂੰ ਤਰਜੀਹੀ ਅਧਾਰ ਉਤੇ ਪੀਣ ਵਾਲੇ ਪਾਣੀ ਦੀ ਪੂਰਤੀ ਯਕੀਨੀ ਬਣਾਉਣਾ ਅਤੇ ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਤਹਿਤ ਰੋਜ਼ਾਨਾ 133 ਕਿਲੋਮੀਟਰ ਪੇਂਡੂ ਸੜਕਾਂ ਦੀ ਉਸਾਰੀ ਦੀ ਰਫ਼ਤਾਰ ਨੂੰ ਗਤੀ ਦੇਣਾ ਜੋ ਪਿੰਡਾਂ ਦੀ ਜੀਵਨ ਰੇਖਾ ਹਨ।

ਕਿਸੇ ਵੀ ਆਰਥਿਕ ਵਿਕਾਸ ਦਾ ਅਧਾਰ ਮਜ਼ਬੂਤ ਬੁਨਿਆਦੀ ਢਾਂਚਾ ਹੁੰਦਾ ਹੈ। ਇਸ ਲਈ ਠੀਕ ਹੀ ਇਸ ਖੇਤਰ ਨੂੰ 3.96 ਲੱਖ ਕਰੋੜ ਦਾ ਹੁਣ ਤੱਕ ਦਾ ਸਭ ਤੋਂ ਵੱਧ ਆਵੰਟਨ ਪ੍ਰਦਾਨ ਕੀਤਾ ਗਿਆ ਹੈ। ਰੇਲਵੇ ਲਈ 1.3 ਲੱਖ ਕਰੋੜ ਦਾ ਆਵੰਟਨ ਹੁਣ ਤੱਕ ਸਭ ਤੋਂ ਵੱਧ ਹੈ ਜਿਸ ਦੇ ਧਿਆਨ ਦੇ ਮੁੱਖ ਖੇਤਰ ਯਾਤਰੀਆਂ ਦੀ ਸੁਰੱਖਿਆ, ਸਾਫ ਸਫਾਈ ਅਤੇ ਵਿਕਾਸ ਮੁਖੀ ਕੰਮ ਹਨ। ਜ਼ਮੀਨ ਜਾਇਦਾਦ ਦੇ ਖੇਤਰ ਨੂੰ ਕ੍ਰਿਆਸ਼ੀਲ ਕਰਨ ਲਈ ਮਕਾਨ ਉਸਾਰੀ ਖੇਤਰ ਨੂੰ 'ਬੁਨਿਆਦੀ ਢਾਂਚੇ' ਦਾ ਰੁਤਬਾ ਪ੍ਰਦਾਨ ਕੀਤਾ ਗਿਆ ਹੈ।

ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਵਪਾਰ ਕਰਨ ਦੀ ਸੌਖ ਵਿੱਚ ਵਾਧਾ ਕਰਨ ਲਈ ਬਹੁਤ ਸਾਰੇ ਕਦਮ ਪੁੱਟੇ ਗਏ ਹਨ। ਇਹ ਦੇਖਦਿਆਂ ਕਿ ਹੁਣ 90 ਪ੍ਰਤਿਸ਼ਤ ਤੋਂ ਵੱਧ ਸਿੱਧਾ ਵਿਦੇਸ਼ੀ ਨਿਵੇਸ਼ ਸਿੱਧੇ ਰਸਤਿਉਂ ਆਉਂਦਾ ਹੈ, ਇਸ ਲਈ ਵਿਦੇਸ਼ੀ ਪ੍ਰੋਤਸਾਹਨ ਬੋਰਡ (ਐਫ ਆਈ ਪੀ ਬੀ) ਨੂੰ ਖਤਮ ਕਰਨ ਦਾ ਫੈਸਲਾ ਲਿਆ ਗਿਆ ਹੈ। ਛੋਟੇ ਉੱਦਮੀਆਂ ਨੂੰ ਉਤਸ਼ਾਹ ਦੇਣ ਲਈ, ਸਹਿਕਾਰੀ ਆਮਦਨ ਕਰ ਦੀ ਦਰ, 50 ਕਰੋੜ ਤੋਂ ਘੱਟ ਸਾਲਾਨਾ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਘੱਟ ਕਰਕੇ 25 ਪ੍ਰਤਿਸ਼ਤ ਕਰ ਦਿੱਤੀ ਗਈ ਹੈ।

ਭਾਰਤ ਨੈਟ ਲਈ 10,000 ਕਰੋੜ ਰੁਪਏ ਦਾ ਆਵੰਟਨ, ਅਧਾਰ ਪੇਅ ਦੀ ਸ਼ੁਰੂਆਤ, ਸਾਈਬਰ ਸੁਰੱਖਿਆ ਨਾਲ ਜੁੜੇ ਮਸਲਿਆਂ ਦੇ ਹੱਲ ਵਾਸਤੇ ਵਿਸ਼ੇਸ਼ ਟਾਸਕ ਫੋਰਸ ਦਾ ਗਠਨ ਸਰਕਾਰ ਵਲੋਂ ਦੇਸ਼ ਨੂੰ ਡਿਜੀਟਲ ਅਰਥਚਾਰੇ ਵਿੱਚ ਬਦਲਣ ਦੀ ਵਚਨਬਧਤਾ ਦੁਹਰਾਉਂਦੇ ਹਨ। ਵਿਸ਼ੇਸ਼ ਤੌਰ ਤੇ, ਕਾਲੇ ਧਨ ਉਤੇ ਕਾਬੂ ਪਾਉਣ ਅਤੇ ਰਾਜਨੀਤਕ ਪ੍ਰਣਾਲੀ ਨੂੰ ਸਾਫ ਕਰਨ ਲਈ, ਰਾਜਨੀਤਕ ਦਲਾਂ ਵਲੋਂ ਪ੍ਰਤਿ ਵਿਅਕਤੀ 2000 ਰੁਪਏ ਨਕਦ ਦਾਨ ਲੈਣ ਦੀ ਸੀਮਾ ਨਿਰਧਾਰਤ ਕੀਤੀ ਗਈ ਹੈ। ਇਸ ਸੀਮਾ ਤੋਂ ਵੱਧ ਯੋਗਦਾਨ ਚੈੱਕ ਜਾਂ ਡਿਜੀਟਲ ਭੁਗਤਾਨ ਜਾਂ ਚੋਣ ਬਾਂਡ ਦੇ ਰੂਪ ਵਿੱਚ ਹੀ ਕੀਤਾ ਜਾ ਸਕਦਾ ਹੈ। ਕੁੱਲ ਮਿਲਾ ਕੇ, 2017-18 ਦਾ ਕੇਂਦਰੀ ਬਜਟ ਵਧੇਰੇ ਪਾਰਦਰਸ਼ਤਾ ਲਿਆਉਣ, ਭ੍ਰਿਸ਼ਟਾਚਾਰ ਵਿੱਚ ਕਮੀ ਅਤੇ ਤੇਜ਼ ਆਰਥਿਕ ਵਿਕਾਸ ਹਾਸਲ ਕਰਨ ਵੱਲ ਸਰਕਾਰ ਦੀ ਇੱਛਾ-ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ ਅਤੇ ਇਸ ਦਿਸ਼ਾ ਵੱਲ ਇਕ ਸਹੀ ਕਦਮ ਹੈ ਜਿਸ ਵਿੱਚ ਸਾਰਿਆਂ ਲਈ ਕੁੱਝ ਨਾ ਕੁੱਝ ਹੈ।

**– ਮੁੱਖ ਸੰਪਾਦਕ**

# 2017-18 ਦਾ ਕੇਂਦਰੀ ਬਜਟ - ਵਿਸਤ੍ਰਿਤ ਵਿਸ਼ਲੇਸ਼ਣ

ਐੱਨ ਆਰ ਭਾਨੂਮੂਰਤੀ ਅਤੇ ਏ ਸ੍ਰੀ ਹਰੀ ਨਾਇਡੂ

ਜਾਨ ਪਛਾਣ

ਬਜਟ ਸੰਵਿਧਾਨ ਦੀਆਂ ਧਾਰਾਵਾਂ 112, 113, 114(3) ਅਤੇ 110 (ਏ) ਅਧੀਨ ਭਾਰਤ ਸਰਕਾਰ ਦੀ ਇਕ ਜ਼ਿੰਮੇਵਾਰੀ ਹੈ। ਇਤਿਹਾਸਕ ਤੌਰ ਤੇ, ਭਾਵੇਂ ਇਹ ਸਿਰਫ ਇਕ ਪ੍ਰਸਤਾਵਿਤ ਬੈਲੈਂਸ ਸ਼ੀਟ ਹੀ ਸੀ, ਪਰ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਨੀਤੀ ਸੰਬੰਧੀ ਪ੍ਰਮੁੱਖ ਫੈਸਲਿਆਂ ਦੇ ਐਲਾਨ ਲਈ ਵਰਤਿਆ, ਵਿਸ਼ੇਸ਼ ਤੌਰ ਤੇ ਟੈਕਸ ਪ੍ਰਸਤਾਵਾਂ ਦੇ ਐਲਾਨ ਲਈ। ਸਮੇਂ ਦੇ ਬੀਤਣ ਨਾਲ ਇਸ ਸਾਲਾਨਾ ਕਾਰਵਾਈ ਵਿੱਚ ਕਈ ਤਬਦੀਲੀਆਂ ਆਈਆਂ। ਇਸ ਸਾਲ ਵੀ ਇਸ ਵਿੱਚ ਤਿੰਨ ਅਹਿਮ ਤਬਦੀਲੀਆਂ ਆਈਆਂ ਹਨ - ਰੇਲ ਬਜਟ ਨੂੰ ਕੇਂਦਰੀ ਬਜਟ ਵਿੱਚ ਸ਼ਾਮਿਲ ਕਰ ਦਿੱਤਾ ਗਿਆ ਹੈ, ਬਜਟ ਪੇਸ਼ ਕਰਨ ਦੀ ਤਰੀਕ ਇਕ ਮਹੀਨਾ ਪਹਿਲਾਂ ਕਰ ਦਿੱਤੀ ਗਈ ਹੈ ਅਤੇ ਤੀਜਾ ਇਸ ਵਿੱਚ ਖਰਚਿਆਂ ਵਿੱਚ ਯੋਜਨਾ, ਗ਼ੈਰ ਯੋਜਨਾ ਦੇ ਫਰਕ ਨੂੰ ਖਤਮ ਕਰ ਦਿੱਤਾ ਗਿਆ ਹੈ। ਇਨ੍ਹਾਂ ਤਬਦੀਲੀਆਂ ਨੇ ਮੌਜੂਦਾ ਬਜਟ ਨੂੰ ਪਿਛਲੇ ਬਜਟਾਂ ਨਾਲ ਕੁਝ ਤੁਲਨਾਯੋਗ ਬਣਾ ਦਿੱਤਾ ਹੈ। ਪਰ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਇਹ ਬਜਟ ਕਿਸ ਸੰਦਰਭ ਵਿੱਚ ਪੇਸ਼ ਕੀਤਾ ਗਿਆ ਹੈ। ਬਜਟ ਤੋਂ ਪਹਿਲਾਂ ਦੋ ਪ੍ਰਮੁੱਖ ਨੀਤੀ ਤਬਦੀਲੀਆਂ ਹੋਈਆਂ - ਨੋਟਬੰਦੀ ਅਤੇ ਜੀ ਐੱਸ ਟੀ ਬਿੱਲ ਦਾ ਪਾਸ ਹੋਣਾ। ਵਿਸ਼ਵ ਪੱਧਰ ਉੱਤੇ ਅਮਰੀਕਾ ਅਤੇ ਯੂਰਪ ਵਿੱਚ ਵਿਸ਼ਵੀਕਰਨ ਨੂੰ ਖਤਮ ਕਰਨ ਦੇ ਰੁਝਾਨ ਪੈਦਾ ਹੋਣਾ, ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਅਤੇ ਵਿਸ਼ਵ ਪੱਧਰ ਉਤੇ ਵਸੂਲੀ ਦੇ ਘੱਟ ਰਹੇ ਰੁਝਾਨਾਂ ਨੇ ਭਾਰਤੀ ਆਰਥਿਕਤਾ ਵਿੱਚ ਅਨਿਸ਼ਚਿਤਤਾ ਵਿੱਚ ਵਾਧਾ ਕੀਤਾ ਹੈ।

ਅਜਿਹੀਆਂ ਅਨਿਸ਼ਚਿਤਤਾਵਾਂ ਦੇ ਪਿਛੋਕੜ ਵਿੱਚ ਬਜਟ ਉੱਤੇ ਆਰਥਿਕਤਾ ਨੂੰ ਬਹਾਲ ਕਰਨ ਲਈ ਕਦਮ ਚੁੱਕੇ ਜਾਣ ਦੀਆਂ ਕਾਫੀ ਉਮੀਦਾਂ ਸਨ ਜਿਸ ਨਾਲ ਵਧੇਰੇ ਨੌਕਰੀਆਂ ਨਿਕਲਣੀਆਂ ਸਨ। ਇਥੇ ਬਜਟ ਨੂੰ ਸਮਝਣ, ਉਸ ਦਾ ਵਿਸ਼ਲੇਸ਼ਣ ਕਰਨ ਅਤੇ ਆਰਥਿਕਤਾ ਉਤੇ ਪੈਣ ਵਾਲੇ ਇਸ ਦੇ ਪ੍ਰਭਾਵ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਵੇਂ ਕਿ ਵਿੱਤ ਮੰਤਰੀ ਵਲੋਂ ਵਰਨਣ ਕੀਤਾ ਗਿਆ ਹੈ, ਇਸ ਸਾਲ ਦਾ ਬਜਟ ਏਜੰਡਾ 'ਟੀ ਈ ਸੀ ਇੰਡੀਆ' (ਜਿਵੇਂ ਕਿ ਤਬਦੀਲ ਕਰਨਾ, ਤਾਕਤ ਦੇਣਾ ਅਤੇ ਸਵੱਛ ਇੰਡੀਆ) ਸੀ।

## ਮੌਜੂਦਾ ਸੂਖਮ ਰੁਝਾਨ

ਕੇਂਦਰੀ ਅੰਕੜਾ ਦਫ਼ਤਰ (ਸੀ ਐੱਸ ਓ) ਨੇ ਅੰਦਾਜ਼ਾ ਲਗਾਇਆ ਹੈ ਕਿ 2016-17 ਵਿੱਚ ਭਾਰਤ ਦੀ ਵਾਧਾ ਦਰ (ਪੇਸ਼ਗੀ ਅਨੁਮਾਨ) 7.1 ਪ੍ਰਤਿਸ਼ਤ ਰਹੇਗੀ। ਪਰ ਇਸ ਦਫ਼ਤਰ ਨੇ ਆਪ ਹੀ ਮੰਨਿਆ ਹੈ ਕਿ ਇਹ ਜੋ ਪੇਸ਼ਗੀ ਅੰਦਾਜ਼ਾ ਹੈ ਉਸ ਵਿੱਚ ਨੋਟਬੰਦੀ ਦੇ ਪੈਣ ਵਾਲੇ ਪ੍ਰਭਾਵ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ। ਵਧੇਰੇ ਵਿਸ਼ਲੇਸ਼ਕਾਂ ਨੇ ਕਿਹਾ ਹੈ ਕਿ ਨੋਟਬੰਦੀ ਦਾ ਕੁੱਲ ਘਰੇਲੂ ਉਤਪਾਦ ਉੱਤੇ 1 ਤੋਂ 2 ਪ੍ਰਤਿਸ਼ਤ ਤੱਕ ਪ੍ਰਭਾਵ ਪੈ ਸਕਦਾ ਹੈ। ਕੁੱਲ ਘਰੇਲੂ ਉਤਪਾਦ ਦੇ ਅੰਦਰ ਇਸ ਗੱਲ ਦੀ ਸੰਭਾਵਨਾ ਹੈ ਕਿ ਚੰਗੀ ਮਾਨਸੂਨ ਹੋਣ ਉੱਤੇ ਖੇਤੀ ਖੇਤਰ ਦਾ ਵਾਧਾ ਵਧੇਗਾ। ਜਦ ਕਿ ਸੇਵਾ ਖੇਤਰ ਵਿੱਚ ਵਾਧਾ 9 ਪ੍ਰਤਿਸ਼ਤ ਦੇ ਨੇੜੇ ਪਹੁੰਚ ਜਾਵੇਗਾ। ਸੱਨਅਤੀ ਖੇਤਰ ਵਿੱਚ 5.2 ਪ੍ਰਤਿਸ਼ਤ ਦਾ ਆਮ ਜਿਹਾ ਵਾਧਾ ਹੋਵੇਗਾ (ਵੇਖੋ ਤਾਲਿਕਾ-1)। ਸੀ ਪੀ ਆਈ ਦੇ ਅਧਾਰ ਉਤੇ ਦਸੰਬਰ ਵਿੱਚ ਪਸਾਰ 3.1 ਪ੍ਰਤਿਸ਼ਤ ਸੀ ਜੋ ਕਿ ਰਿਜ਼ਰਵ ਬੈਂਕ ਆਫ ਇੰਡੀਆ ਦੇ ਮਿੱਥੇ ਟੀਚੇ ਤੋਂ ਘੱਟ ਹੀ ਸੀ। ਵਪਾਰ ਮੋਰਚੇ ਉੱਤੇ ਬਰਾਮਦਾਂ ਅਤੇ ਦਰਾਮਦਾਂ ਲਗਾਤਾਰ ਘਟ ਰਹੀਆਂ ਸਨ ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਦੇ ਨਾਲ ਮੌਜੂਦਾ ਖਾਤਾ ਘਾਟਾ ਤੇਜ਼ੀ ਨਾਲ ਡਿੱਗ ਕੇ 2016-17 ਦੇ ਪਹਿਲੇ ਅੱਧ ਵਿੱਚ 0.3 ਪ੍ਰਤਿਸ਼ਤ ਉਤੇ ਆ ਗਿਆ। ਵਿੱਤੀ ਖੇਤਰ ਵਿੱਚ, ਲੱਗਦਾ ਹੈ ਕਿ ਆਮਦਨ ਵਿੱਚ ਲਚਕਤਾ ਆਈ ਜਦ ਕਿ ਮਾਲੀ ਘਾਟਾ ਅਪ੍ਰੈਲ-ਨਵੰਬਰ ਵਿੱਚ ਟੀਚੇ ਦੇ 86 ਪ੍ਰਤਿਸ਼ਤ ਉਤੇ ਜਾ ਪਹੁੰਚੇਗਾ। ਇਸ ਨੂੰ ਅਧਾਰ ਬਣਾ ਕੇ ਇਸ ਗੱਲ ਦੀ ਆਸ ਸੀ ਕਿ ਸਰਕਾਰ 2016-17 ਵਿੱਚ 3.5 ਪ੍ਰਤਿਸ਼ਤ ਦੇ ਮਾਲੀ ਘਾਟੇ ਨੂੰ ਪੂਰਾ ਕਰ ਸਕਦੀ ਹੈ।

ਬੈਂਕਿੰਗ ਮੋਰਚੇ ਉੱਤੇ, ਨੋਟਬੰਦੀ ਤੋਂ ਬਾਅਦ ਜਮ੍ਹਾਂ ਰਕਮਾਂ ਵਿੱਚ ਵਾਧਾ ਹੋਣ ਨਾਲ, ਬੈਂਕਾਂ ਨੇ ਵਿਆਜ ਦਰਾਂ ਵਿੱਚ ਕਟੌਤੀ ਨੂੰ ਕਰਜ਼ਿਆਂ/ਜਮ੍ਹਾਂ ਕਰਤਾਵਾਂ ਤੱਕ ਪਹੁੰਚਾਇਆ। ਇਸ ਦੇ ਨਤੀਜੇ ਵਜੋਂ ਕਰਜ਼ੇ ਦੀ ਮੰਗ ਵਧਣ ਅਤੇ ਫਿਰ ਵਿਕਾਸ ਦਰ ਵਧਣ ਦੀ ਆਸ ਹੈ। ਇਸ ਵੇਲੇ ਨਿਵੇਸ਼ (ਜੀ ਐੱਫ ਸੀ ਐੱਫ) ਵਾਧੇ ਦੀ ਦਰ -0.2 ਪ੍ਰਤਿਸ਼ਤ ਉਤੇ ਚਲ ਰਹੀ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਸੀ ਐੱਮ ਆਈ ਈ ਦੇ ਅੰਕੜੇ ਦਰਸਾਉਂਦੇ ਹਨ ਕਿ ਨੋਟਬੰਦੀ ਤੋਂ ਬਾਅਦ ਦੇ 50 ਦਿਨਾਂ ਵਿੱਚ ਨਵੇਂ ਪ੍ਰਾਜੈਕਟਾਂ ਦੇ ਐਲਾਨ ਵਿੱਚ ਕਾਫੀ ਕਮੀ ਆਈ ਹੈ ਅਤੇ ਇਹ ਗਿਣਤੀ 227 ਤੋਂ ਘਟ ਕੇ 177 ਪ੍ਰਾਜੈਕਟਾਂ ਉਤੇ ਪਹੁੰਚ ਗਈ ਹੈ।

## ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ

ਪਿਛਲੇ ਸਾਲ ਕਈ ਸੁਧਾਰ, ਜਿਵੇਂ ਕਿ ਦੀਵਾਲੀਆ ਕੋਡ, ਲਚਕਦਾਰ ਪਸਾਰ ਨੂੰ ਟੀਚਾ ਮਿਥਣ, ਮਾਲੀ ਨੀਤੀ ਕਮੇਟੀ ਪਾਸ ਕੀਤੇ ਜਾਣ, ਅਧਾਰ ਕਾਨੂੰਨ, ਜੀ ਐੱਸ ਟੀ ਆਦਿ ਪਾਸ ਕਰਨ ਤੋਂ ਬਾਅਦ ਇਸ ਸਾਲ ਬਜਟ ਦੋ ਵੱਖ-ਵੱਖ ਖੇਤਰਾਂ ਵਿੱਚ ਕੁਝ ਹੋਰ ਨੀਤੀ ਸੰਬੰਧੀ ਤਬਦੀਲੀਆਂ ਲਿਆਇਆ ਹੈ।

| ਤਾਲਿਕਾ-1 : ਕੁੱਝ ਮੈਕਰੋ-ਇਕਨਾਮਿਕ ਸੰਕੇਤਾਂ ਵਿੱਚ ਤਾਜ਼ਾ ਰੁਝਾਨ | | | | | |
|---|---|---|---|---|---|
| ਸੰਕੇਤ ਸਾਲ | 2012-13 | 2013-14 | 2014-15 | 2015-16 ਆਰ ਈ | 2016-17 ਬੀ ਈ |
| ਮੁੱਢਲੀਆਂ ਕੀਮਤਾਂ ਉਤੇ ਜੀ ਵੀ ਏ (ਵਾਧਾ ਦਰ) | 5.4 | 6.3 | 7.1 | 7.2 | 7.1 |
| ਜੀ ਐੱਫ ਸੀ ਐੱਫ (ਵਾਧਾ ਦਰ) | 4.9 | 3.4 | 4.9 | 3.9 | -0.2 |
| ਕੁੱਲ ਘਰੇਲੂ ਬਚਤ (ਜੀ ਡੀ ਪੀ ਦੇ ਪ੍ਰਤਿਸ਼ਤ ਅਨੁਸਾਰ) | 33.8 | 33 | 33 | - | - |
| ਖੇਤੀ (ਵਾਧਾ ਦਰ) | 1.5 | 4.2 | -0.2 | 1.2 | 4.1 |
| ਸੱਨਅਤ (ਵਾਧਾ ਦਰ) | 3.6 | 5 | 5.9 | 7.4 | 5.2 |
| ਸੇਵਾਵਾਂ (ਵਾਧਾ ਦਰ) | 8.1 | 7.8 | 10.3 | 8.9 | 8.8 |
| ਪਸਾਰ - ਸੀ ਪੀ ਆਈ (ਸਾਲਾਨਾ ਔਸਤ) | 10 | 9.4 | 5.8 | 4.9 | 3.41# |
| ਚਾਲੂ ਖਾਤੇ ਦਾ ਘਾਟਾ (ਜੀ ਡੀ ਪੀ ਦਾ ਪ੍ਰਤਿਸ਼ਤ) | 4.8 | 1.7 | 1.3 | 1.1 | 0.3* |
| ਬਰਾਮਦਾਂ (ਵਾਧਾ ਦਰ) | 6.7 | 7.8 | 1.7 | -5.2 | 2.2 |
| ਦਰਾਮਦਾਂ (ਵਾਧਾ ਦਰ) | 6 | -8.2 | 0.8 | -2.8 | -3.8 |
| ਆਮਦਨ ਘਾਟਾ (ਜੀ ਡੀ ਪੀ ਦੇ ਪ੍ਰਤਿਸ਼ਤ ਅਨੁਸਾਰ) | 3.7 | 3.2 | 2.9 | 2.5 | 2.3 |
| ਮਾਲੀ ਘਾਟਾ (ਜੀ ਡੀ ਪੀ ਦੇ ਪ੍ਰਤਿਸ਼ਤ ਅਨੁਸਾਰ) | 4.9 | 4.5 | 4.1 | 3.9 | 3.5 |

*ਸਰੋਤ : ਆਰਥਿਕ ਸਰਵੇਖਣ 2016-17 ਅਨੁਸਾਰ *2016 ਦੇ ਪਹਿਲੇ ਅੱਧ ਦੀ ਸੀ ਏ ਡੀ, #ਦਸੰਬਰ 2016 ਦੇ ਅੰਕੜੇ*

| ਤਾਲਿਕਾ-2 : ਢਾਂਚੇ ਲਈ ਆਵੰਟਨ ਦਾ ਰੁਝਾਨ | | | |
|---|---|---|---|
| ਮੁੱਦੇ | 2015-2016 | 2016-2017 ਆਰ ਈ | 2017-2018 ਬੀ ਈ |
| ਮਗਨਰੇਗਾ ਪ੍ਰੋਗਰਾਮ | 38500 | 47499 | 48000 |
| ਪ੍ਰਧਾਨ ਮੰਤਰੀ ਆਵਾਸ ਯੋਜਨਾ | 20075 | 20936 | 29043 |
| ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ | 19000 | 19000 | 19000 |
| ਅਮਰੁਤ | 7296 | 9559 | 9000 |
| ਸੁਰੱਖਿਆ ਸੇਵਾਵਾਂ ਲਈ ਆਪਟੀਕਲ ਫਾਈਬਰ ਕੇਬਲ ਢਾਂਚਾ | 2710 | 3210 | 3000 |
| ਭਾਰਤ ਨੈੱਟ | 0 | 6000 | 10000 |
| ਮੈਟਰੋ ਦੇ ਪ੍ਰਾਜੈਕਟ | 10000 | 15700 | 18000 |
| ਦੀਨ ਦਿਆਲ ਉਪਾਧਿਆਏ ਗ੍ਰਾਮ ਜਯੋਤੀ ਯੋਜਨਾ | 8500 | 7874 | 10635 |
| ਸਾਗਰਮਾਲਾ | 450 | 406 | 600 |
| ਗਰੀਬ ਪਰਿਵਾਰਾਂ ਲਈ ਐੱਲ ਪੀ ਜੀ ਕੁਨੈਕਸ਼ਨ | 2000 | 2500 | 2500 |
| ਰੇਲਵੇ ਲਈ ਬਜਟ ਆਵੰਟਨ | 30121.2 | 35007.9 | 55000 |
| ਕੁੱਲ | 138652.2 | 167691.9 | 187678 |

*ਸਰੋਤ : ਬਜਟ ਦਸਤਾਵੇਜ਼, ਭਾਰਤ ਸਰਕਾਰ, 2017-18 ਅਤੇ ਪੱਤਰ ਸੂਚਨਾ ਦਫ਼ਤਰ (ਪੀ ਆਈ ਬੀ)*

## ਰਵਾਇਤੀ ਖੇਤਰ

ਖੇਤੀ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਤਿੰਨ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ - ਬਿਜਾਈ ਤੋਂ ਪਹਿਲਾਂ, ਬਿਜਾਈ ਦੌਰਾਨ, ਕਟਾਈ ਤੋਂ ਬਾਅਦ। ਬਿਜਾਈ ਤੋਂ ਪਹਿਲਾਂ ਦੇ ਮੁੱਦੇ ਕਰਜ਼ੇ, ਖਾਦਾਂ ਅਤੇ ਸਿੰਜਾਈ ਨਾਲ ਸੰਬੰਧਿਤ ਹੁੰਦੇ ਹਨ। ਬਿਜਾਈ ਦੌਰਾਨ ਦੇ ਮੁੱਦਿਆਂ ਵਿੱਚ ਸੋਕੇ ਜਾਂ ਹੜ੍ਹਾਂ ਦੀ ਸਥਿਤੀ ਅਤੇ ਇਨ੍ਹਾਂ ਲਈ ਬੀਮਾ। ਕਟਾਈ ਤੋਂ ਬਾਅਦ ਦੀਆਂ ਸਮੱਸਿਆਵਾਂ ਵਿੱਚ ਮੰਡੀ ਕੀਮਤ ਦਾ ਜੋਖ਼ਮ ਅਤੇ ਆਵਾਜਾਈ ਦੀ ਸਮੱਸਿਆ ਆਦਿ ਹਨ। ਪਿਛਲੇ ਸਾਲ ਦੇ ਪ੍ਰੋਗਰਾਮਾਂ, ਜਿਵੇਂ ਕਿ 'ਜ਼ਮੀਨੀ ਮਲਕੀਅਤ ਦਾ ਡਿਜੀਟਲੀਕਰਨ', ਦਿਹਾਤੀ ਬਿਜਲੀਕਰਨ ਅਤੇ ਪਿੰਡਾਂ ਵਿੱਚ ਆਪਟੀਕਲ ਫਾਈਬਰ ਕੇਬਲ ਵਿਛਾਉਣ ਤੋਂ ਅੱਗੇ ਵਧਦੇ ਹੋਏ ਇਸ ਸਾਲ ਜ਼ਮੀਨ ਦੀ ਸਿਹਤ ਸੰਬੰਧੀ ਕਾਰਡ, ਫਸਲ ਬੀਮਾ ਯੋਜਨਾ, ਲੰਬੀ ਮਿਆਦ ਦੇ ਅਤੇ ਸੂਖਮ ਸਿੰਜਾਈ ਫੰਡ ਅਤੇ ਈ ਨਾਮ (ਇਲੈਕਟ੍ਰਾਨਿਕ ਨੈਸ਼ਨਲ ਐਗਰੀਕਲਚਰ ਮਾਰਕੀਟ) ਸਹੀ ਢੰਗ ਨਾਲ ਲਾਗੂ ਹੋਏ ਤਾਂ ਭਾਰਤੀ ਖੇਤੀ ਵਿੱਚ ਜੋਖਮ ਘਟਾਉਣਗੇ। ਬਜਟ ਵਿੱਚ ਖੇਤੀ ਕਰਜ਼ੇ ਦੀ ਹੱਦ 2016-17 ਦੇ 9 ਲੱਖ ਕਰੋੜ ਤੋਂ ਵਧਾ ਕੇ 2017-18 ਵਿੱਚ 10 ਲੱਖ ਕਰੋੜ ਕਰ ਦਿੱਤੀ ਗਈ ਹੈ। ਲੰਬੀ ਮਿਆਦ ਦੀ ਅਤੇ ਸੂਖਮ ਸਿੰਜਾਈ ਲਈ 20,000 ਕਰੋੜ ਰੁਪਏ ਦੀ ਵਾਧੂ ਰਕਮ ਪ੍ਰਦਾਨ ਕੀਤੀ ਗਈ ਹੈ। ਸੰਗਠਤ ਖੇਤੀ ਮੰਡੀ ਲਈ ਈ-ਨਾਮ ਦਾ ਪਸਾਰ 250 ਮੰਡੀਆਂ ਦੀ ਥਾਂ ਹੁਣ 585 ਏ ਪੀ ਐੱਮ ਸੀਜ਼ ਵਿੱਚ ਕੀਤਾ ਜਾਵੇਗਾ। ਸਰਕਾਰ ਠੇਕਾ ਖੇਤੀ ਖ਼ਾਸ ਤੌਰ ਤੇ ਡੇਅਰੀ, ਫਲ ਅਤੇ ਸਬਜ਼ੀਆਂ ਲਈ ਇਕ ਮਾਡਲ ਕਾਨੂੰਨ ਪੇਸ਼ ਕਰ ਰਹੀ ਹੈ।

## ਢਾਂਚਾ

ਭਾਰਤ ਵਿੱਚ ਨਿੱਜੀ ਨਿਵੇਸ਼ ਅਤੇ ਵਿਦੇਸ਼ੀ ਨਿਵੇਸ਼ ਲਈ ਮਾੜਾ ਢਾਂਚਾ ਇਕ ਵੱਡੀ ਸਮੱਸਿਆ ਬਣਿਆ ਹੋਇਆ ਹੈ। ਢਾਂਚੇ ਸੰਬੰਧੀ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਬਜਟ ਵਿੱਚ ਸੜਕਾਂ, ਬਿਜਲੀ ਅਤੇ ਡਿਜੀਟਲ ਢਾਂਚੇ ਉਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਸਰਕਾਰ 1 ਮਈ 2018 ਤੱਕ 100 ਪ੍ਰਤਿਸ਼ਤ ਦਿਹਾਤੀ ਬਿਜਲੀਕਰਨ ਦਾ ਟੀਚਾ ਪੂਰਾ ਕਰਨਾ ਚਾਹੁੰਦੀ ਹੈ। ਇਸ ਉਦੇਸ਼ ਲਈ ਦੀਨ ਦਿਆਲ ਉਪਾਧਿਆਏ ਗ੍ਰਾਮ ਜਯੋਤੀ ਯੋਜਨਾ ਵਿੱਚ 4814 ਕਰੋੜ ਰੁਪਏ ਰੱਖੇ ਗਏ ਹਨ। ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (ਪੀ ਐੱਮ ਜੀ ਐੱਸ ਵਾਈ) ਅਧੀਨ ਰੋਜ਼ਾਨਾ ਸੜਕ ਨਿਰਮਾਣ, ਜੋ ਕਿ 2011-14 ਵਿੱਚ 73 ਕਿਲੋਮੀਟਰ ਸੀ, ਉਹ 2016-17 ਵਿੱਚ 133 ਕਿਲੋਮੀਟਰ ਕਰ ਦਿੱਤਾ ਗਿਆ ਹੈ। ਇਸ ਸਕੀਮ ਅਧੀਨ ਬਜਟ ਵਿੱਚ ਰਕਮ 19,000 ਕਰੋੜ ਰੁਪਏ ਰੱਖੀ ਗਈ ਹੈ। ਰੇਲਵੇ ਵਿੱਚ ਪ੍ਰਸਾਰ ਲਈ 55,000 ਕਰੋੜ ਰੁਪਏ ਦਾ ਬਜਟ ਰਖਿਆ ਗਿਆ ਹੈ। ਸਮੁੱਚੇ ਆਵਾਜਾਈ ਖੇਤਰ ਲਈ ਬਜਟ ਵਿੱਚ 2.41 ਲੱਖ ਕਰੋੜ ਰੁਪਏ ਰੱਖੇ ਗਏ ਹਨ ਅਤੇ ਇਸ ਵਿੱਚ ਮੁੱਖ ਜ਼ੋਰ ਆਵਾਜਾਈ ਖੇਤਰ ਨੂੰ ਬਹਾਲ ਕਰਨ ਉੱਤੇ ਦਿੱਤਾ ਗਿਆ ਹੈ ਕਿਉਂਕਿ ਇਸ ਖੇਤਰ ਵਿੱਚ ਰੁਜ਼ਗਾਰ ਦੇ ਭਾਰੀ ਮੌਕੇ ਮਿਲ ਸਕਦੇ ਹਨ ਅਤੇ ਇਸ ਨਾਲ ਦੂਜੇ ਖੇਤਰਾਂ ਨਾਲ ਸੰਪਰਕ ਮਜ਼ਬੂਤ ਹੁੰਦਾ ਹੈ। ਇਸ ਲਈ ਇਸ ਦੇ ਵਿਕਾਸ ਲਈ ਖਰਚ ਵਿੱਚ ਵਾਧਾ ਜ਼ਰੂਰੀ ਹੈ।

## ਬਜਟ ਅਤੇ ਸੂਖਮ ਆਰਥਿਕਤਾ

ਬਜਟ ਵਿੱਚ ਵੱਡੇ ਨੀਤੀ ਫੈਸਲਿਆਂ ਵਿੱਚੋਂ ਇਕ ਵਿੱਤੀ/ਆਮਦਨ ਘਾਟਾ ਟੀਚਿਆਂ ਨਾਲ ਸੰਬੰਧਤ ਸੀ। ਅੰਤਰਰਾਸ਼ਟਰੀ ਰੇਟਿੰਗ ਏਜੰਸੀਆਂ

ਦੇ ਦਬਾਅ ਹੇਠ ਇਹ ਆਸ ਕੀਤੀ ਜਾਂਦੀ ਸੀ ਕਿ ਸਰਕਾਰ ਐੱਫ ਆਰ ਬੀ ਐੱਮ ਦੇ ਮੌਜੂਦਾ ਨਿਯਮ ਅਨੁਸਾਰ 3 ਪ੍ਰਤਿਸ਼ਤ ਮਾਲੀ ਘਾਟੇ ਉੱਤੇ ਟਿਕੀ ਰਹੇਗੀ। ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਐਫ ਆਰ ਬੀ ਐੱਮ ਦੀ ਨਵੀਂ ਕਮੇਟੀ ਦੀਆਂ ਮਾਲੀ ਰਾਹ ਉੱਤੇ ਸਿਫਾਰਸ਼ਾਂ ਕੀਤੀਆਂ ਹਨ ਜਿਸ ਨਾਲ ਕਿ ਨਿਵੇਸ਼ ਬਹਾਲ ਹੋ ਸਕੇ ਪਰ ਬਜਟ ਨੇ ਆਪਣੇ ਮਾਲੀ ਘਾਟੇ ਦੇ ਟੀਚੇ ਵਿੱਚ ਥੋੜ੍ਹੀ ਤਬਦੀਲੀ ਕਰਕੇ ਇਸ ਨੂੰ 3.2 ਪ੍ਰਤਿਸ਼ਤ ਰੱਖਿਆ ਹੈ (ਜਦ ਕਿ ਟੀਚਾ 3 ਪ੍ਰਤਿਸ਼ਤ ਸੀ)। ਇਥੇ ਸਭ ਤੋਂ ਅਹਿਮ ਪਹਿਲੂ ਇਹ ਹੈ ਕਿ ਉਸ ਨੇ ਆਮਦਨ ਘਾਟਾ 1.9 ਪ੍ਰਤਿਸ਼ਤ ਉਤੇ ਲੈ ਆਂਦਾ ਹੈ। ਟੀਚਾ 2.3 ਪ੍ਰਤਿਸ਼ਤ ਦਾ ਸੀ ਜਦ ਕਿ ਪੂੰਜੀਗਤ ਖਰਚਾ 1.3 ਪ੍ਰਤਿਸ਼ਤ ਉਤੇ ਪਹੁੰਚ ਗਿਆ ਹੈ (ਟੀਚਾ 1.1 ਪ੍ਰਤਿਸ਼ਤ ਦਾ ਸੀ)। ਸਾਡੇ ਵਿਚਾਰ ਵਿੱਚ ਇਹ ਸਭ ਕੁਝ ਕੰਮ ਦੇ ਪਸਾਰ ਅਤੇ ਨਿਰੰਤਰਤਾ ਅਨੁਸਾਰ ਹੈ ਅਤੇ ਇਸ ਨਾਲ ਮਾਲੀ ਸਥਿਤੀ ਮਜ਼ਬੂਤ ਹੋਵੇਗੀ। ਐਫ ਆਰ ਬੀ ਐੱਮ ਕਮੇਟੀ ਨੇ, ਲਗਦਾ ਹੈ ਕਿ ਸੁਝਾਅ ਦਿੱਤਾ ਹੈ ਕਿ ਦਰਮਿਆਨੀ ਮਿਆਦ ਦੇ ਕਰਜ਼ੇ 2023 ਤੱਕ 60 ਪ੍ਰਤਿਸ਼ਤ ਕੀਤੇ ਜਾਣ (ਕੇਂਦਰੀ 40 ਪ੍ਰਤਿਸ਼ਤ ਅਤੇ ਰਾਜ 20 ਪ੍ਰਤਿਸ਼ਤ)। ਇਹ ਚੀਜ਼ ਭਾਨੂਮੂਰਤੀ ਐਟ ਐੱਲ (2015) ਦੇ ਅਨੁਮਾਨਾਂ ਦੇ ਕਾਫੀ ਨੇੜੇ ਹੈ। ਅਜਿਹਾ ਮਾਲੀ ਰਸਤਾ ਦਰਮਿਆਨੀ ਮਿਆਦ ਦੇ ਵਿਕਾਸ ਦੇ ਟੀਚੇ ਨੂੰ ਹਾਸਲ ਕਰਨ ਅਤੇ ਵਿਕਾਸ ਟੀਚਿਆਂ ਦੀ ਪੂਰਤੀ ਲਈ ਹੈ।

## ਆਮਦਨ ਜੁਟਾਉਣ ਦੀਆਂ ਨੀਤੀਆਂ

ਜੀ ਐੱਸ ਟੀ ਪਾਸ ਹੋਣ ਅਤੇ ਨੋਟਬੰਦੀ ਲਾਗੂ ਹੋਣ ਤੋਂ ਬਾਅਦ ਇਸ ਗੱਲ ਦੀ ਸੰਭਾਵਨਾ ਹੈ ਕਿ ਕਰਾਂ ਦੀ ਪਾਲਣਾਂ ਵਧੇਗੀ। ਇਸ ਆਮਦਨ ਕਰ ਉਤੇ ਬਜਟ ਨੰਬਰ ਅਧਾਰਿਤ ਹੋਣਗੇ ਜਦ ਕਿ ਸਮਝਿਆ ਜਾਂਦਾ ਹੈ ਕਿ 1.4 ਤੋਂ ਉਪਰ ਦੀ ਕਰ ਆਮਦਨ ਤਰਲਤਾ ਹਾਸਲ ਹੋਵੇਗੀ। ਅਜਿਹੀ ਤਰਲਤਾ ਭਾਰਤ ਨੇ 2003–2007 ਵਿੱਚ ਵੀ ਹਾਸਲ ਕੀਤੀ ਸੀ ਜੋ ਕਿ ਟਿਨ (ਟੈਕਸ ਸੂਚਨਾ ਢਾਂਚਾ) ਲਾਗੂ ਹੋਣ ਦਾ ਸਮਾਂ ਸੀ। ਪੂੰਜੀਗਤ ਪ੍ਰਾਪਤੀਆਂ ਦੇ ਸੰਬੰਧ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਬਜਟ ਵਿੱਚ 72,500 ਕਰੋੜ ਰੁਪਏ ਦੀ ਆਸ ਲਗਾਈ ਗਈ ਸੀ। ਹੋਰ ਪ੍ਰਾਪਤੀਆਂ (ਵੱਡੀਆਂ ਪੂੰਜੀਆਂ ਕੱਢਣਾ) ਜੋ ਕਿ ਇਕ ਮੁਸ਼ਕਲ ਕੰਮ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਮੰਡੀ ਦੇ ਉਧਾਰ ਦਾ ਹਿਸਾਬ-ਕਿਤਾਬ ਕਰਨ ਤੋਂ ਬਾਅਦ ਸਰਕਾਰ ਨੂੰ ਆਪਣੇ ਨਕਦ ਬੱਚਤ ਵਿੱਚੋਂ 2 ਲੱਖ ਕਰੋੜ ਰੁਪਏ ਕਢਵਾਉਣੇ ਪੈ ਸਕਦੇ ਹਨ। ਇਨ੍ਹਾਂ ਕਲਪਨਾਵਾਂ ਉਤੇ ਅਮਲ ਇਕ ਹੋਰ ਕਲਪਨਾ ਕਿ ਕੁੱਲ ਘਰੇਲੂ ਉਤਪਾਦ ਵਾਧਾ ਜੋ ਕਿ 2016–17 ਵਿੱਚ 11 ਪ੍ਰਤਿਸ਼ਤ ਸੀ, ਉਹ ਵਧ ਕੇ 11.75 ਪ੍ਰਤਿਸ਼ਤ ਹੋ ਜਾਵੇਗੀ, ਵਾਂਗ ਹੀ ਹੈ। ਇਹ ਸਭ 1 ਜੁਲਾਈ ਤੋਂ ਲਾਗੂ ਹੋ ਰਹੇ ਜੀ ਐੱਸ ਟੀ ਅਤੇ ਜੀ ਐੱਸ ਟੀ ਦਰਾਂ ਉਤੇ ਨਿਰਭਰ ਕਰੇਗਾ। ਸਿੱਧੇ ਕਰਾਂ ਬਾਰੇ, ਜਿਵੇਂ ਕਿ ਆਰਥਿਕ ਸਰਵੇ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ 100 ਵਿੱਚੋਂ ਸਿਰਫ 7 ਲੋਕ ਹੀ ਕਰ ਅਦਾ ਕਰਦੇ ਹਨ। ਕਰ ਅਧਾਰ ਨੂੰ ਵਧਾਉਣ ਲਈ ਬਜਟ ਵਿੱਚ ਹੇਠਲੀ ਸਲੈਬ ਉੱਤੇ ਕਰ ਦਰ ਘਟਾ ਕੇ 5 ਪ੍ਰਤਿਸ਼ਤ ਕਰ ਦਿੱਤੀ ਗਈ ਹੈ। ਸਾਡੇ ਵਿਚਾਰ ਵਿੱਚ ਇਹ ਕਦਮ ਵਧੇਰੇ ਲੋਕਾਂ ਨੂੰ ਕਰ ਦਾਇਰੇ ਹੇਠ ਲਿਆਵੇਗਾ ਪਰ ਇਹ ਪ੍ਰਭਾਵੀ ਕਰ ਦਰਾਂ ਵਿੱਚ ਅਸੰਤੁਲਨ ਵੀ ਪੈਦਾ ਕਰ ਰਿਹਾ ਹੈ। ਹੋਰ ਸੁਧਾਰ ਕਦਮਾਂ ਵਿੱਚ ਰਿਟਰਨ ਭਰਨ ਨੂੰ ਆਸਾਨ ਬਣਾਉਣ ਅਤੇ ਈ-ਫਾਈਲਿੰਗ ਵੀ ਸ਼ਾਮਲ ਹਨ।

## ਬੈਂਕਾਂ ਦਾ ਸੰਕਟ ਅਤੇ ਐੱਨ ਪੀ ਏ ਮੁੱਦੇ

ਭਾਰਤ ਵਿੱਚ ਨਿੱਜੀ ਨਿਵੇਸ਼ ਵਿੱਚ ਕਮੀ ਦਾ ਸਭ ਤੋਂ ਮੁੱਖ ਕਾਰਨ ਇਹ ਹੈ ਕਿ ਭਾਰਤ ਵਿੱਚ ਭਾਵੇਂ ਨੀਤੀ ਵਿੱਚ ਵਿਆਜ ਦਰਾਂ ਘਟਾ ਦਿੱਤੀਆਂ ਗਈਆਂ ਹਨ ਪਰ ਦੋਹਰੀ ਬੈਲੈਂਸ ਸ਼ੀਟ ਦਾ ਸੰਕਟ ਖ਼ਾਸ ਤੌਰ ਤੇ ਬੈਂਕਿੰਗ ਖੇਤਰ ਵਿੱਚ ਮੌਜੂਦ ਹੈ। ਨੋਟਬੰਦੀ ਸਸਤੇ ਡਿਪਾਜ਼ਿਟ ਇਕੱਠਾ ਕਰਨ ਵਿੱਚ ਮਦਦ ਕਰ ਸਕਦੀ ਸੀ ਅਤੇ ਬੈਂਕਾਂ ਦੀਆਂ ਬੈਲੈਂਸ ਸ਼ੀਟਾਂ ਨੂੰ ਆਮ ਵਰਗਾ ਬਣਾ ਸਕਦੀ ਸੀ ਪਰ ਅਜਿਹੀਆਂ ਕੁੱਝ ਉਮੀਦਾਂ ਸਨ ਕਿ ਬਜਟ ਮੁੜ ਪੂੰਜੀਵਾਦ ਨਾਲ ਬੈਂਕਾਂ ਦੀ ਮਦਦ ਕਰ ਸਕਦਾ ਹੈ। ਇਸ ਬਜਟ ਵਿੱਚ ਇਸ ਉਦੇਸ਼ ਲਈ ਪਿਛਲੇ ਸਾਲ ਦੀ 25,000 ਕਰੋੜ ਰੁਪਏ ਦੇ ਆਵੰਟਨ ਦੇ ਮੁਕਾਬਲੇ ਸਿਰਫ 10,000 ਕਰੋੜ ਰੁਪਏ ਦਿੱਤੇ ਹਨ। ਅਜਿਹਾ ਜਨਤਕ ਖੇਤਰ ਦੇ ਬੈਂਕਾਂ ਵਿੱਚ ਐੱਨ ਪੀ ਏ ਵਿੱਚ ਭਾਰੀ ਵਾਧੇ ਦੇ ਬਾਵਜੂਦ ਹੋਇਆ, ਅਜਿਹੀ ਸਥਿਤੀ ਬੈਂਕਾਂ ਦੀ ਵਧੇਰੇ ਮਦਦ ਨਹੀਂ ਕਰ ਸਕਦੀ। ਪਿਛਲੇ ਸਾਲ ਤੋਂ ਹੋਰ ਵੀ ਬਹੁਤ ਸਾਰੇ ਕਦਮ ਚੁੱਕੇ ਗਏ ਹਨ ਜਿਵੇਂ ਕਿ ਦੀਵਾਲਾ ਕੋਡ, ਰਿਕਵਰੀ ਟ੍ਰਿਬਿਊਨਲ ਅਤੇ ਐੱਸ ਏ ਆਰ ਐਫ ਈ ਐੱਸ ਆਈ ਕਾਨੂੰਨ ਵਿੱਚ ਸੋਧਾਂ, ਬੈਂਕ ਬੋਰਡ ਬਿਊਰੋ ਅਤੇ ਇੰਦਰ ਧਨੁਸ਼ ਸਕੀਮ ਆਦਿ ਸ਼ਾਮਲ ਹਨ, ਚੁੱਕੇ ਗਏ ਹਨ ਜੋ ਕਿ ਲੰਬੀ ਮਿਆਦ ਵਿੱਚ ਬੈਂਕਾਂ ਦੀ ਮਦਦ ਕਰ ਸਕਦੇ ਹਨ।

## ਨੋਟਬੰਦੀ ਅਤੇ ਬਜਟ

ਨੋਟਬੰਦੀ ਦਾ ਹੀ ਇਹ ਸਿੱਟਾ ਹੈ ਕਿ ਆਰਥਿਕਤਾ ਦੇ ਕੁੱਝ ਖੇਤਰਾਂ ਵਿੱਚ ਗੜਬੜ ਅਤੇ ਸੁੰਗੜਤਾ ਨਜ਼ਰ ਆ ਰਹੀ ਹੈ। ਖੇਤਰ ਪੱਧਰ ਉਤੇ ਐੱਸ ਆਈ ਏ ਐੱਮ ਦੇ ਅੰਕੜੇ ਦਰਸਾਉਂਦੇ ਹਨ ਕਿ ਦਸੰਬਰ 2016 ਵਿੱਚ ਆਟੋ-ਮੋਬਾਈਲ ਖੇਤਰ ਦੀ ਵਿਕਰੀ ਵਿੱਚ 18.66 ਪ੍ਰਤਿਸ਼ਤ ਦੀ ਗਿਰਾਵਟ ਆਈ ਹੈ। ਵਿਸ਼ੇਸ਼ ਤੌਰ ਦੋ-ਪਹੀਆ ਅਤੇ ਤਿੰਨ-ਪਹੀਆ ਵਾਹਨਾ ਦੀ ਵਿਕਰੀ, ਜੋ ਕਿ ਆਮ ਤੌਰ ਤੇ ਨਕਦ ਹੀ ਹੁੰਦੀ ਹੈ, ਵਿੱਚ ਕ੍ਰਮਵਾਰ 22.04 ਅਤੇ 36.23 ਪ੍ਰਤਿਸ਼ਤ ਦੀ ਕਮੀ ਆਈ ਹੈ। ਨਾਈਟ ਫਰੈਂਕ ਦੇ ਅੰਕੜਿਆਂ ਅਨੁਸਾਰ ਅਚੱਲ ਜਾਇਦਾਦ ਖੇਤਰ ਦੀ ਵਿਕਰੀ 2016 ਦੀ ਆਖਰੀ ਤਿਮਾਹੀ ਵਿੱਚ 50 ਪ੍ਰਤਿਸ਼ਤ ਤੋਂ ਜ਼ਿਆਦਾ ਘਟੀ ਹੈ। ਆਰਥਿਕ ਸਰਵੇ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ ਨੋਟਬੰਦੀ ਦਾ ਕੁੱਲ ਘਰੇਲੂ ਉਤਪਾਦ ਉਤੇ ਮਾੜਾ ਪ੍ਰਭਾਵ 0.25 ਤੋਂ 1 ਪ੍ਰਤਿਸ਼ਤ ਤੱਕ ਪਿਆ ਹੈ।

ਦੂਜੇ ਪਾਸੇ ਕੁੱਲ ਘਰੇਲੂ ਉਤਪਾਦ ਦੇ ਵਾਧੇ ਵਿੱਚ ਕਮੀ ਆਉਣ ਦੇ ਬਾਵਜੂਦ ਕਰ ਪ੍ਰਾਪਤੀਆਂ ਵਿੱਚ ਨੋਟਬੰਦੀ ਤੋਂ ਬਾਅਦ ਕਾਫੀ ਵਾਧਾ ਹੋਇਆ ਹੈ। ਕਾਰਪੋਰੇਸ਼ਨ ਟੈਕਸ (4.4 ਪ੍ਰਤਿਸ਼ਤ), ਆਮਦਨ ਕਰ (24.6 ਪ੍ਰਤਿਸ਼ਤ), ਕੇਂਦਰੀ ਐਕਸਾਈਜ਼ ਡਿਊਟੀ (43 ਪ੍ਰਤਿਸ਼ਤ), ਸਰਵਿਸ ਟੈਕਸ (23.9 ਪ੍ਰਤਿਸ਼ਤ) ਅਤੇ ਕਸਟਮ ਡਿਊਟੀ (4.1 ਪ੍ਰਤਿਸ਼ਤ) ਵਧੀ ਹੈ। ਇਸ ਦਾ ਇਕ ਸਪੱਸ਼ਟੀਕਰਨ ਇਹ ਹੋ ਸਕਦਾ ਹੈ ਕਿ ਨੋਟਬੰਦੀ ਤੋਂ ਬਾਅਦ ਲਗਦਾ ਹੈ ਕਿ ਟੈਕਸ ਅਧਾਰ ਵਧਿਆ ਹੋਵੇ ਇਹ ਤਾਂ ਹੀ ਲਾਗੂ ਹੋ ਸਕਦਾ ਹੈ ਜੇ ਟੈਕਸਾਂ ਤੋਂ ਬਚਾਅ ਅਤੇ ਉਨ੍ਹਾਂ ਦੀ ਚੋਰੀ ਵਿੱਚ ਚੰਗੇ ਪ੍ਰਬੰਧਾਂ ਕਰਕੇ ਕਮੀ ਆਈ ਹੁੰਦੀ। ਆਰਥਿਕ ਸਰਵੇਖਣ ਅਤੇ ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ (ਐੱਨ ਪੀ ਸੀ ਆਈ) ਅਨੁਸਾਰ ਰੁਪਏ ਆਧਾਰਤ ਇਲੈਕਟ੍ਰਾਨਿਕ ਲੈਣ-ਦੇਣ 13,000 ਕਰੋੜ ਰੁਪਏ ਤੱਕ ਪੀ ਓ ਐੱਸ ਲੈਣ-ਦੇਣ ਰਾਹੀਂ ਵਧਿਆ ਹੈ ਅਤੇ ਇਸ ਵਿੱਚ 2000 ਕਰੋੜ ਰੁਪਏ ਦਾ ਵਾਧਾ ਈਕਾਮਰਸ ਰਾਹੀਂ ਹੋਇਆ ਹੈ। ਇਹ ਵਾਧਾ ਪਿਛਲੇ ਕੁਝ

ਮਹੀਨਿਆਂ ਵਿੱਚ 300-400 ਪ੍ਰਤਿਸ਼ਤ ਬਣਦਾ ਹੈ। ਇਨ੍ਹਾਂ ਤੋਂ ਇਲਾਵਾ ਆਮ ਵਿਚਾਰ ਇਹ ਹੈ ਕਿ ਕਾਲੇ ਧਨ ਉੱਤੇ ਤਦ ਤੱਕ ਰੋਕ ਨਹੀਂ ਲੱਗ ਸਕਦੀ ਜਦ ਤੱਕ ਨਕਦ ਲੈਣ-ਦੇਣ ਜਾਰੀ ਹੈ। ਇਸ ਦੇ ਲਈ ਇਕ ਵਾਧੂ ਕਦਮ ਵਜੋਂ ਬਜਟ ਵਿੱਚ ਇਹ ਪ੍ਰਬੰਧ ਕੀਤਾ ਗਿਆ ਹੈ ਕਿ 3 ਲੱਖ ਰੁਪਏ ਤੋਂ ਵੱਧ ਨਕਦ ਲੈਣ-ਦੇਣ ਨਹੀਂ ਹੋ ਸਕਦਾ। ਇਸ ਰਾਹੀਂ, ਇਕ ਲੰਬੀ ਦੌੜ ਵਿੱਚ ਆਰਥਿਕਤਾ ਨੂੰ ਗੈਰ ਨਕਦੀ ਭੁਗਤਾਨ ਸਿਸਟਮ ਦੀ ਵਧੇਰੇ ਵਰਤੋਂ ਕਰਨੀ ਪਵੇਗੀ, ਟੈਕਸ ਦੇਣਦਾਰੀਆਂ ਵਿੱਚ ਸੁਧਾਰ ਕਰਨਾ ਪਵੇਗਾ ਅਤੇ ਨਤੀਜੇ ਵਜੋਂ ਕਾਲਾ ਧਨ ਪੈਦਾ ਨਹੀਂ ਹੋਵੇਗਾ।

## ਬਜਟ ਅਤੇ ਡਿਜੀਟਲ ਆਰਥਿਕਤਾ

ਆਰਥਿਕਤਾ ਨੂੰ ਨਕਦੀ ਤੋਂ ਘੱਟ ਨਕਦੀ ਵੱਲ ਲਿਜਾਉਣ ਲਈ ਭੁਗਤਾਨ ਢਾਂਚੇ ਵਿੱਚ ਚੰਗਾ ਕੰਮ ਕਰਨ ਦੀ ਲੋੜ ਹੈ। ਭਾਰਤ ਨੂੰ ਇਸ ਵੇਲੇ ਤਿੰਨ ਮੁੱਖ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ - ਸਾਈਬਰ ਸੁਰੱਖਿਆ, ਡਿਜੀਟਲ ਢਾਂਚਾ ਅਤੇ ਡਿਜੀਟਲ ਲੈਣ-ਦੇਣ ਦੀ ਲਾਗਤ। ਬਜਟ 'ਚ ਇਨ੍ਹਾਂ ਵਿੱਚੋਂ ਕੁੱਝ ਹੱਦ ਤੱਕ ਦੋ ਮੁੱਦਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸਾਈਬਰ ਸੁਰੱਖਿਆ - ਵਿੱਤੀ ਖੇਤਰ ਦੀ ਵੱਧ ਰਹੇ ਸਾਈਬਰ ਹਮਲਿਆਂ ਤੋਂ ਸੁਰੱਖਿਆ ਲਈ ਬਜਟ ਵਿੱਚ ਪ੍ਰਸਤਾਵ ਕੀਤਾ ਗਿਆ ਹੈ ਕਿ ਇਕ ਕੰਪਿਊਟਰ ਐਮਰਜੈਂਸੀ ਟੀਮ (ਸੀ ਈ ਆਰ ਟੀ-ਫਿਨ) ਵਿੱਤੀ ਖੇਤਰ ਲਈ ਕਾਇਮ ਕੀਤੀ ਜਾਵੇ।

ਡਿਜੀਟਲ ਢਾਂਚਾ - ਡਿਜੀਟਲ ਢਾਂਚੇ ਨੂੰ ਮਜ਼ਬੂਤ ਕਰਨ ਦੇ ਹਿੱਸੇ ਵਜੋਂ ਬਜਟ ਵਿੱਚ ਭਾਰਤ ਨੈੱਟ, ਡਿਜੀਗਾਉਂ, ਮੋਡੀਫਾਈਡ ਸਪੈਸ਼ਲ ਇੰਸੈਂਟਿਵ ਪੈਕੇਜ ਸਕੀਮ (ਐੱਮ-ਸਿਪਸ) ਵਰਗੀਆਂ ਸਕੀਮਾਂ ਲਈ ਆਵੰਟਨ ਵਧਾ ਕੇ ਇਨ੍ਹਾਂ ਦੇ ਪ੍ਰੋਗਰਾਮਾਂ ਵੱਲ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਨ੍ਹਾਂ ਨੀਤੀਆਂ ਨਾਲ ਡਿਜੀਟਲ ਢਾਂਚਾ ਕਾਇਮ ਕਰਨ ਵਿੱਚ ਮਦਦ ਮਿਲੇਗੀ ਜਿਸ ਨਾਲ ਦੇਸ਼ ਵਿੱਚ ਇਕ ਨਿਰਮਾਣ ਈਕੋ ਸਿਸਟਮ ਕਾਇਮ ਹੋ ਸਕੇਗਾ।

## ਕੀ ਬਜਟ ਵਿਸ਼ੇਸ਼ ਵਾਧੇ ਦੇ ਨਤੀਜੇ ਦੇ ਸਕੇਗਾ?

ਭਾਰਤ ਨੂੰ ਜਿਨ੍ਹਾਂ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਨ੍ਹਾਂ ਵਿੱਚੋਂ ਇਕ ਇਹ ਹੈ ਕਿ ਕਿਵੇਂ ਉਸ ਵਿਕਾਸ ਨੂੰ ਹਾਸਲ ਕੀਤਾ ਜਾ ਸਕੇ ਜਿਸ ਨਾਲ ਰੋਜ਼ਗਾਰ ਦੇ ਵਧੇਰੇ ਮੌਕੇ ਹਾਸਲ ਹੋ ਸਕਣ। ਇਸ ਦੇ ਲਈ ਭਾਵੇਂ ਦਰਮਿਆਨੀ ਮਿਆਦ ਦੇ ਟੀਚਾ ਨਿਰਮਾਣ ਨੂੰ ਵਧਾ ਕੇ 25 ਪ੍ਰਤਿਸ਼ਤ ਕਰਨਾ ਹੈ ਪਰ ਨਿਰਮਾਣ ਵਿੱਚ ਜੋ ਨਾਂਹ-ਪੱਖੀ ਰੁਝਾਨ ਵੇਖੇ ਗਏ ਹਨ, ਉਹ ਵੱਡੀ ਚੁਨੌਤੀ ਬਣ ਰਹੇ ਹਨ। ਅਜਿਹੇ ਪਿਛੋਕੜ ਵਿੱਚ ਬਜਟ ਵਿੱਚ ਇਸ ਮੁੱਦੇ ਦੇ ਹੱਲ ਦੀ ਕੁਝ ਕੋਸ਼ਿਸ਼ ਕੀਤੀ ਹੈ ਅਤੇ ਕਿਰਤ ਅਧਾਰਤ ਖੇਤਰਾਂ ਜਿਵੇਂ ਕਿ ਮਕਾਨ ਉਸਾਰੀ, ਸੈਰ-ਸਪਾਟਾ, ਸੜਕਾਂ ਅਤੇ ਹੋਰ ਢਾਂਚਿਆਂ ਵੱਲ ਵਧੇਰੇ ਧਿਆਨ ਦਿੱਤਾ ਗਿਆ ਹੈ। ਪਰ ਢਾਂਚੇ ਸੰਬੰਧੀ ਇਸ ਵੱਡੀ ਤਬਦੀਲੀ ਨੂੰ ਹਾਸਲ ਕਰਨ ਲਈ ਹੋਰ ਖੇਤਰਾਂ ਵਿੱਚ ਜਿਵੇਂ ਕਿ ਜ਼ਮੀਨ ਅਤੇ ਕਿਰਤ ਵਿੱਚ ਨੀਤੀ ਸੰਬੰਧੀ ਸੁਧਾਰਾਂ ਦੀ ਲੋੜ ਹੈ। ਬਜਟ ਵਿੱਚ ਇਨ੍ਹਾਂ ਮੁੱਦਿਆਂ ਦਾ ਸਿਰਫ ਜ਼ਿਕਰ ਹੀ ਹੈ।

## ਸਿੱਟਾ

ਸਮੁੱਚੇ ਤੌਰ ਤੇ ਘਰੇਲੂ ਅਤੇ ਵਿਦੇਸ਼ੀ ਆਰਥਿਕਤਾ ਮਾਹੌਲ ਵਿੱਚ ਅਨਿਸ਼ਚਿਤਤਾਵਾਂ ਦੇ ਸੰਦਰਭ ਵਿੱਚ ਕੇਂਦਰੀ ਬਜਟ ਨੇ ਕਈ ਮੁੱਦਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਗੱਲ ਦੇਸ਼ ਵਿੱਚ ਵਿਕਾਸ ਨੂੰ ਬਹਾਲ ਕਰ ਸਕਦੀ ਹੈ। ਵਿਸ਼ੇਸ਼ ਤੌਰ ਤੇ ਲਾਭਾਂ ਦੀ ਬਜਾਏ ਮੁੱਖ ਧਿਆਨ ਵਿਕਾਸ ਦੇ ਕੰਮਾਂ ਉੱਤੇ ਦਿੱਤਾ ਗਿਆ ਹੈ ਪਰ ਇਨ੍ਹਾਂ ਕੰਮਾਂ ਨਾਲ ਕੁਝ ਹੋਰ ਵਿਸ਼ੇਸ਼ ਵਿਕਾਸ ਨੀਤੀਆਂ ਨੂੰ ਸਬ-ਡਵੀਜ਼ਨ ਪੱਧਰ ਉਤੇ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਦੀ ਭੂਮਿਕਾ ਦਰਮਿਆਨੀ ਮਿਆਦ ਦੇ ਵਾਧੇ ਅਤੇ ਵਿਕਾਸ ਟੀਚਿਆਂ ਨੂੰ ਹਾਸਲ ਕਰਨ ਲਈ ਜੇ ਵੱਧ ਨਹੀਂ ਤਾਂ ਬਰਾਬਰ ਜ਼ਰੂਰ ਹੈ।

(ਲੇਖਕ ਐੱਨ ਆਈ ਪੀ ਐਫ ਪੀ ਨਵੀਂ ਦਿੱਲੀ ਵਿੱਚ ਪ੍ਰੋਫੈਸਰ ਹਨ)

*e-mail :nrbmurthy@gmail.com*
*:sriharinaidua@gmail.com*

### *ਫਾਰਮ-IV*

*(ਯੋਜਨਾ (ਪੰਜਾਬੀ) ਮਾਸਿਕ ਦੀ ਮਲਕੀਅਤ ਬਾਰੇ ਅਤੇ ਹੋਰ ਵੇਰਵੇ )*

| | | |
|---|---|---|
| 1. | **ਪ੍ਰਕਾਸ਼ਨ ਸਥਾਨ** | : ਨਵੀਂ ਦਿੱਲੀ |
| 2. | **ਪ੍ਰਕਾਸ਼ਨ ਸਮਾਂ** | : ਮਾਸਿਕ |
| 3. | **ਛਾਪਕ ਦਾ ਨਾਂ ਅਤੇ** | : ਡਾ. ਸਾਧਨਾ ਰਾਉਤ |
| | **ਕੌਮੀਅਤ** | : ਭਾਰਤੀ |
| | **ਪਤਾ** | : ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਨਵੀਂ ਦਿੱਲੀ - 110003 |
| 4. | **ਪ੍ਰਕਾਸ਼ਕ ਦਾ ਨਾਂ ਅਤੇ** | : ਡਾ. ਸਾਧਨਾ ਰਾਉਤ |
| | **ਕੌਮੀਅਤ** | : ਭਾਰਤੀ |
| | **ਪਤਾ** | : ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਨਵੀਂ ਦਿੱਲੀ - 110003 |
| 5. | **ਸੰਪਾਦਕ ਦਾ ਨਾਂ ਅਤੇ** | : ਗਗਨਦੀਪ ਕੌਰ ਦੇਵਗਨ |
| | **ਕੌਮੀਅਤ** | : ਭਾਰਤੀ |
| | **ਪਤਾ** | : ਏ ਡੀ ਨਿਊਜ਼, ਆਲ ਇੰਡੀਆ ਰੇਡੀਓ, ਨੇੜੇ ਬੀ ਐੱਮ ਸੀ ਚੌਕ, ਜਲੰਧਰ |
| 6. | **ਮਾਲਕ ਦਾ ਨਾਂ ਤੇ ਪਤਾ** | : ਸੂਚਨਾ ਤੇ ਪ੍ਰਸਾਰਨ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ-110001 |

ਮੈਂ, ਡਾ. ਸਾਧਨਾ ਰਾਉਤ ਐਲਾਨ ਕਰਦੀ ਹਾਂ ਕਿ ਉਪਰੋਕਤ ਵੇਰਵੇ ਮੇਰੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਸੱਚ ਅਤੇ ਸਹੀ ਹਨ।

(ਡਾ. ਸਾਧਨਾ ਰਾਉਤ)

# ਕੇਂਦਰੀ ਬਜਟ 2017-18 - ਮਾਲੀ ਤੌਰ ਤੇ ਵਿਹਾਰਕ

ਚਰਨ ਸਿੰਘ

ਬਜਟ ਵਿੱਤੀ ਨੀਤੀ ਦਾ ਇਕ ਮੁੱਖ ਅੰਗ ਹੈ। ਕਿਸੇ ਵੀ ਵਿਆਪਕ ਆਰਥਿਕ ਨੀਤੀ ਦਾ ਉਦੇਸ਼ ਸਥਿਰ ਵਿਕਾਸ ਹੈ ਜੋ ਵਿੱਤੀ ਨੀਤੀ ਅਤੇ ਮੁਦਰਾ ਨੀਤੀ ਉਤੇ ਅਮਲ ਕਰਕੇ ਹਾਸਲ ਕੀਤਾ ਜਾ ਸਕਦਾ ਹੈ। ਵਿੱਤੀ ਨੀਤੀ ਦਾ ਟੀਚਾ ਰੋਜ਼ਗਾਰ ਵਿੱਚ ਵਾਧਾ ਅਤੇ ਸਥਿਰ ਵਿਕਾਸ ਯਕੀਨੀ ਬਣਾਉਣਾ ਹੈ ਜਦ ਕਿ ਮੁਦਰਾ ਨੀਤੀ ਮਹਿੰਗਾਈ ਦਰ ਉਤੇ ਕਾਬੂ ਪਾਉਣ ਰਾਹੀਂ ਆਰਥਿਕਤਾ ਦੇ ਵਧਣ ਫੁੱਲਣ ਲਈ ਸਹਾਇਕ ਵਾਤਾਵਰਨ ਦਾ ਨਿਰਮਾਣ ਕਰਨ ਦਾ ਟੀਚਾ ਰੱਖਦੀ ਹੈ। ਵਿਕਾਸ ਅਤੇ ਰੋਜ਼ਗਾਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਦੇ ਚੱਲਦਿਆਂ, ਵਿੱਤੀ ਨੀਤੀ ਚੰਗੀ ਸਿੱਖਿਆ ਅਤੇ ਹੁਨਰ ਵਿਕਾਸ, ਕੁਸ਼ਲ ਜਨ-ਸਿਹਤ ਸੰਸਥਾਨਾਂ ਰਾਹੀਂ ਸਿਹਤਮੰਦ ਕਾਮਾ ਸ਼ਕਤੀ, ਵਣਜ ਲਈ ਵਿਸ਼ਾਲ ਬੁਨਿਆਦੀ ਢਾਂਚਾ ਅਤੇ ਸਮਰਪਿਤ ਸੁਰੱਖਿਆ ਸੈਨਾਵਾਂ, ਪ੍ਰਸ਼ਾਸਨ ਅਤੇ ਨਿਆਂਪਾਲਿਕਾ ਰਾਹੀਂ ਅਸਾਸਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵੱਖ-ਵੱਖ ਢੰਗ ਤਰੀਕਿਆਂ ਦੀ ਵਰਤੋਂ ਕਰਦੀ ਹੈ। ਇਨ੍ਹਾਂ ਬੁਨਿਆਦੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਲੋੜੀਂਦਾ ਜ਼ਰੂਰੀ ਖਰਚਾ ਜੁਟਾਉਣ ਲਈ ਸਰਕਾਰ ਨੂੰ ਸਿੱਧੇ ਤੇ ਅਸਿੱਧੇ ਕਰਾਂ, ਜਨਤਕ ਖੇਤਰ ਦੇ ਉੱਦਮਾਂ ਤੋਂ ਲਾਭਾਂਸ਼ ਅਤੇ ਮੁਨਾਫ਼ਾ ਇਕੱਠਾ ਕਰਨ ਵਰਗੇ ਕਦਮਾਂ ਰਾਹੀਂ ਸਰੋਤ ਪ੍ਰਬੰਧਨ ਕਰਨਾ ਪੈਂਦਾ ਹੈ। ਆਖਰੀ ਕੋਸ਼ਿਸ਼ ਵਜੋਂ ਅਲਪ ਅਤੇ ਦੀਰਘਕਾਲੀ ਉਧਾਰ ਘਰੇਲੂ ਅਤੇ ਬਾਹਰੀ ਸਰੋਤਾਂ ਤੋਂ ਲੈਣੇ ਪੈਂਦੇ ਹਨ। ਸਰਕਾਰ ਵਲੋਂ ਵਿੱਤੀ ਸਰੋਤ ਜੁਟਾਉਣ ਅਤੇ ਖਰਚਣ ਦਾ ਕੰਮ, ਖਪਤ, ਬੱਚਤਾਂ, ਮਨੋਰੰਜਨ ਅਤੇ ਨਿਵੇਸ਼, ਵਿੱਤੀ ਨੀਤੀ ਦੇ ਖੇਤਰ ਉਤੇ ਅਸਰ ਪੈਂਦਾ ਹੈ।

ਹਾਲੀਆ ਕੇਂਦਰੀ ਬਜਟ ਬਹੁਤ ਔਖੇ ਘਰੇਲੂ ਅਤੇ ਅੰਤਰਰਾਸ਼ਟਰੀ ਵਾਤਾਵਰਨ ਵਿੱਚ ਪੇਸ਼ ਕੀਤਾ ਗਿਆ ਹੈ। ਭਾਰਤ ਵਿੱਚ 8 ਨਵੰਬਰ ਨੂੰ ਲਾਗੂ ਕੀਤੀ ਨੋਟਬੰਦੀ ਦੇ ਅਸਰ ਦਾ ਮੁਲਾਂਕਣ ਕੀਤਾ ਜਾਣਾ ਹਾਲੇ ਬਾਕੀ ਹੈ। ਅਸਲ ਵਿੱਚ, ਨੋਟਬੰਦੀ ਦੌਰਾਨ ਇਕੱਠੀ ਹੋਈ ਨਗਦੀ ਦੀ ਮਾਤਰਾ ਦੀ ਰਿਜ਼ਰਵ ਬੈਂਕ ਆਫ ਇੰਡੀਆ ਵਲੋਂ ਹਾਲੇ ਪੁਸ਼ਟੀ ਨਹੀਂ ਕੀਤੀ ਗਈ। ਭਾਰਤ ਦੇ ਉਦਯੋਗਾਂ ਅਤੇ ਵਪਾਰ ਉਤੇ ਇਸ ਦਾ ਪਿਆ ਅਸਰ ਵੀ ਹਾਲੇ ਸਾਫ ਨਹੀਂ ਹੈ। ਜੀ ਐੱਸ ਟੀ ਦੇ ਰੂਪ ਵਿੱਚ ਭਾਰਤ ਆਜ਼ਾਦੀ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਕਰ ਸੁਧਾਰਾਂ ਨੂੰ ਲਾਗੂ ਕਰਨ ਦੀਆਂ ਬਰੂਹਾਂ ਉਤੇ ਖੜ੍ਹਾ ਹੈ। ਬਾਹਰੀ ਤੌਰ ਤੇ ਦੁਨੀਆਂ ਵਿੱਚ ਆਰਥਿਕ ਵਿਕਾਸ ਦੀ ਗਤੀ ਧੀਮੀ ਅਤੇ ਖੜੋਤ ਵਾਲੀ ਹੈ, ਤੇਲ ਦੀਆਂ ਕੀਮਤਾਂ ਵਧ ਰਹੀਆਂ ਹਨ ਅਤੇ ਸੁਰੱਖਿਆਵਾਦੀ ਨੀਤੀਆਂ ਜ਼ੋਰ ਫੜ ਰਹੀਆਂ ਹਨ। ਅਮਰੀਕਾ ਅੰਦਰ ਵਿਸ਼ਵੀਕਰਨ ਦੀ ਵਿਚਾਰਧਾਰਾ ਵਿੱਚ ਬਦਲਾਅ, ਅਤੇ ਯੂ.ਕੇ. ਵਿੱਚ ਬ੍ਰੈਗਜ਼ਿਟ ਕਰਕੇ ਛਾਈ ਗ਼ੈਰ-ਯਕੀਨੀ, ਯੂਰਪ ਵਿਚਲੀਆਂ ਦੂਜੀਆਂ ਰਾਜਨੀਤਕ ਘਟਨਾਵਾਂ ਦੇ ਨਾਲ-ਨਾਲ ਯੋਜਨਾਬੰਦੀ ਲਈ ਮੁਸ਼ਕਿਲਾਂ ਵਿੱਚ ਵਾਧਾ ਹੀ ਕਰ ਰਹੀਆਂ ਹਨ।

**ਹਾਲੀਆ ਬਜਟ ਦਾ ਏਜੰਡਾ ਬਦਲਾਅ, ਕਿਰਿਆਸ਼ੀਲ ਅਤੇ ਸਵੱਛ ਭਾਰਤ ਹੈ। ਬਜਟ ਪ੍ਰਸਤਾਵਾਂ ਨੂੰ 10 ਵਿਲੱਖਣ ਵਿਸ਼ਿਆਂ ਵਿੱਚ ਸੰਗਠਿਤ ਕੀਤਾ ਗਿਆ ਹੈ। ਕਿਸਾਨ, ਪੇਂਡੂ ਜਨਸੰਖਿਆ, ਨੌਜਵਾਨ, ਗਰੀਬ ਅਤੇ ਵੰਚਿਤ, ਬੁਨਿਆਦੀ ਢਾਂਚਾ, ਵਿੱਤੀ ਖੇਤਰ, ਡਿਜੀਟਲ ਅਰਥਚਾਰਾ, ਜਨਤਕ ਸੇਵਾਵਾਂ, ਸਿਆਣਪ ਵਾਲਾ ਵਿੱਤ ਪ੍ਰਬੰਧਨ ਅਤੇ ਕਰ ਪ੍ਰਬੰਧਨ।**

ਵਿੱਤੀ ਸੁਦ੍ਰਿੜ੍ਹੀਕਰਨ - ਮੁਸ਼ਕਲਾਂ ਦੇ ਬਾਵਜੂਦ ਬਜਟ ਵਿੱਤੀ ਸੁਦ੍ਰਿੜ੍ਹੀਕਰਨ ਦੇ ਰਾਹ ਉਤੇ ਚੱਲ ਰਿਹਾ ਹੈ ਤੇ ਘਾਟਾ ਘਟ ਰਿਹਾ ਹੈ (ਚਿੱਤਰ-1)।

ਸਰਕਾਰ ਵਲੋਂ ਸਫਲਤਾ ਸਹਿਤ ਆਮਦਨ ਘਾਟੇ ਅਤੇ ਕੁੱਲ ਵਿੱਤੀ ਘਾਟੇ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ, ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ ਪੂੰਜੀਗਤ ਖਰਚ ਘੱਟ ਹੈ ਜਦ ਕਿ ਆਮਦਨ ਖਰਚਾ ਆਮਦਨ ਵਸੂਲੀ ਨਾਲੋਂ ਕਾਫੀ ਜ਼ਿਆਦਾ ਹੈ (ਤਾਲਿਕਾ-1)।

ਭਾਰਤ ਵਿੱਚ ਯੋਜਨਾਬੰਦੀ ਦੀ ਸ਼ੁਰੂਆਤ ਤੋਂ ਲੈ ਕੇ ਰੁਝਾਨ ਦਾ ਮੁਲਾਂਕਣ ਪ੍ਰਗਟਾਵਾ ਕਰਦਾ ਹੈ ਕਿ ਪੂਜੀਗਤ ਖਰਚਾ ਦੂਸਰੇ ਭਿੰਨ ਤੱਤਾਂ ਵਿਚਲੇ ਘਾਟੇ ਨੂੰ ਜਜ਼ਬ ਕਰਨ ਲਈ ਵਾਧੂ ਭੰਡਾਰ ਵਜੋਂ ਕੰਮ ਕਰਦਾ ਹੈ ਜੋ 1960ਵਿਆਂ ਤੋਂ ਲਗਾਤਾਰ ਸੁੰਗੜਦਾ ਜਾ ਰਿਹਾ ਹੈ ਤਾਲਿਕਾ-2)

ਆਮਦਨ ਖਾਤੇ ਵਿੱਚੋਂ ਵਿਆਜ ਦੀ ਅਦਾਇਗੀ, ਸਬਸਿਡੀਆਂ ਅਤੇ ਪੈਨਸ਼ਨਾਂ ਆਮਦਨ ਵਸੂਲੀ ਦਾ ਅੱਧੇ ਤੋਂ ਵੱਧ ਹਜ਼ਮ ਕਰ ਜਾਂਦੇ ਹਨ (ਤਾਲਿਕਾ-3)।

1970-71 ਤੋਂ ਆਮਦਨ ਦੇ ਰੁਝਾਨ ਦਾ ਮੁਲਾਂਕਣ ਦਰਸਾਉਂਦਾ ਹੈ ਕਿ ਗ਼ੈਰ-ਕਰ ਆਮਦਨ ਜਿਸ ਵਿੱਚ ਲਾਭਾਂਸ਼ ਸ਼ਾਮਿਲ ਹੈ, ਕਾਫੀ ਖੜੋਤ ਵਾਲੇ ਰਹੇ ਹਨ ਜਦ ਕਿ ਆਮਦਨ ਵਿੱਚ ਝਿਜਕ ਵਾਲਾ ਵਾਧਾ ਦਰਜ ਕੀਤਾ ਗਿਆ ਹੈ (ਤਾਲਿਕਾ-4)।

## ਅੰਤਰ-ਦੇਸ਼ੀ ਤੁਲਨਾ

ਆਪਣੀਆਂ ਸਮੱਸਿਆਵਾਂ ਦੇ ਬਾਵਜੂਦ ਭਾਰਤ ਦੀ ਕਾਰਗੁਜ਼ਾਰੀ ਵਿਸ਼ਵ ਆਰਥਿਕਤਾ ਵਿੱਚ ਚੰਗੀ ਰਹੇਗੀ ਕਿਉਂਕਿ ਇਸ ਕੋਲ ਕਾਫੀ ਵਿੱਤੀ ਸਥਾਨ ਹੈ (ਤਾਲਿਕਾ-5)।

ਕੇਂਦਰੀ ਬਜਟ ਦੇ ਪ੍ਰਭਾਵ : ਕੇਂਦਰੀ ਬਜਟ ਵਿਕਾਸ ਮੁਖੀ ਅਤੇ ਰੋਜ਼ਗਾਰ ਨਿਰਮਾਣ ਕਰਨ ਵਾਲਾ ਹੈ, ਜਿਵੇਂ ਕਿ ਤਾਲਿਕਾ-6 ਵਿੱਚ ਮੁਲਾਂਕਿਤ ਕੀਤਾ ਗਿਆ ਹੈ। ਵਿਕਾਸ ਦੇ ਵਿਸ਼ਵ ਸੰਦਰਭ ਵਿੱਚ ਦੇਸ਼ ਵਿੱਚ ਇਹ ਵਿਸ਼ਵਾਸ ਪੈਦਾ ਕਰਨਾ ਅਹਿਮ ਹੈ ਕਿ ਸਰਕਾਰ ਬਦਲਾਅ, ਕਿਰਿਆਸ਼ੀਲਤਾ ਅਤੇ ਸਵੱਛ ਭਾਰਤ ਦੇ ਉਦੇਸ਼ਾਂ ਉਤੇ ਗੰਭੀਰਤਾ ਨਾਲ ਅਮਲ ਕਰ ਰਹੀ ਹੈ। ਬਾਜ਼ਾਰ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਸਰਕਾਰ ਵਲੋਂ ਕਈ ਕਦਮਾਂ ਦਾ ਐਲਾਨ ਕੀਤਾ ਗਿਆ ਹੈ (ਤਾਲਿਕਾ-7)।

## ਚੋਣਵੇਂ ਮਹੱਤੱਤਵਪੂਰਨ ਮੁੱਦੇ

ਕੇਂਦਰੀ ਬਜਟ ਨਾ ਸਿਫਰ ਖਾਤੇ ਦਾ ਲੇਖਾ ਜੋਖਾ ਹੈ ਸਗੋਂ ਵਿੱਤੀ ਨੀਤੀ ਦੇ ਖੇਤਰ ਵਿੱਚ ਪ੍ਰਮੁੱਖ ਨੀਤੀਗਤ ਦਸਤਾਵੇਜ਼ ਵੀ ਹੈ। ਹਾਲੀਆ ਬਜਟ ਵਿੱਚ ਬਹੁਤ ਸਾਰੇ ਮੁੱਦੇ ਉਠਾਏ ਗਏ।

## ਗ਼ੈਰ-ਕਰ ਪਾਲਣਾ ਵਾਲਾ ਭਾਰਤ

ਵਿੱਤ ਮੰਤਰੀ ਨੇ ਜ਼ਿਕਰ ਕੀਤਾ ਕਿ ਭਾਰਤ ਮੁੱਖ ਤੌਰ ਤੇ ਕਰ ਦੀ ਪਾਲਣਾ ਨਾ ਕਰਨ ਵਾਲਾ ਦੇਸ਼ ਹੈ (ਤਾਲਿਕਾ-8 ਅਤੇ 9) ਸਰਕਾਰ ਵਲੋਂ ਇਕੱਤਰ ਕੀਤੇ ਜਾਂਦੇ ਕੁੱਲ ਟੈਕਸ ਦੀ ਮਾਤਰਾ,ਜਿਸ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਸ਼ਾਮਲ ਹਨ (ਵੱਖ-ਵੱਖ ਰਾਜਾਂ ਲਈ ਸਥਾਨਕ ਸਭਾਵਾਂ ਦੇ ਕਰ ਵਸੂਲੀ ਸੰਬੰਧੀ ਅੰਕੜਿਆਂ ਦੀ ਅਣਹੋਂਦ ਵਿੱਚ), ਹਾਲੀਆ ਵਰ੍ਹਿਆਂ ਵਿੱਚ ਕੁੱਲ ਘਰੇਲੂ ਉਤਪਾਦ ਦੇ 18 ਪ੍ਰਤਿਸ਼ਤ ਤੋਂ ਵੀ ਘੱਟ ਹੈ ਜਦ ਕਿ ਜ਼ਿਆਦਾਤਰ ਤਰੱਕੀਸ਼ੁਦਾ ਦੇਸ਼ਾਂ ਵਿੱਚ ਇਹ 30 ਪ੍ਰਤਿਸ਼ਤ ਤੋਂ ਵੱਧ ਹੈ। ਪਰ, ਭਾਰਤ ਦੀ ਆਰਥਿਕਤਾ ਸਥਿਤੀ ਨੂੰ ਵੇਖਦਿਆਂ, ਜਿਸ ਦੀ 30 ਪ੍ਰਤਿਸ਼ਤ ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਹੈ ਅਤੇ ਲਗਭਗ 60 ਪ੍ਰਤਿਸ਼ਤ ਵਸੋਂ ਦਿਹਾਤੀ ਖੇਤਰਾਂ ਵਿੱਚ ਰਹਿੰਦੀ ਹੈ ਜੋ ਖੇਤੀ ਆਮਦਨ ਉਤੇ ਨਿਰਭਰ ਹੈ (ਕਰ ਤੋਂ ਛੋਟ ਵਾਲੀ), ਇਸ ਲਈ ਵਿੱਤੀ ਸਰੋਤ ਜੁਟਾਉਣ ਦੇ ਰਾਹ ਵਿੱਚ ਆਉਣ ਵਾਲੀਆਂ ਮਜਬੂਰੀਆਂ ਸਪੱਸ਼ਟ ਹਨ। ਇਸ ਦੇ ਨਾਲ ਹੀ, ਉਨ੍ਹਾਂ ਵਸਤਾਂ ਤੋਂ ਵੀ ਕਰ ਦੀ ਛੋਟ ਦਿੱਤੀ ਜਾਂਦੀ ਹੈ ਜਿਨ੍ਹਾਂ ਆਬਕਾਰੀ ਸ਼ੁਲਕ ਅਦਾ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਕਰ ਆਮਦਨ ਦਾ ਕਾਰਜ ਹੈ, ਇਸ ਲਈ ਸ੍ਰੀਲੰਕਾ, ਮੈਕਸੀਕੋ, ਇੰਡੋਨੇਸ਼ੀਆ ਅਤੇ ਫਿਲਪੀਨਜ਼ ਵਰਗੇ ਗਰੀਬ ਅਤੇ ਉੱਭਰ ਰਹੇ ਦੇਸ਼ਾਂ ਵਿੱਚ ਕਰ ਵਸੂਲੀ ਤਰੱਕੀਸ਼ੁਦਾ ਦੇਸ਼ਾਂ ਨਾਲੋਂ ਕਾਫੀ ਘੱਟ ਰਹਿਣ ਦੀ ਉਮੀਦ ਹੈ।

ਇਸ ਸਚਾਈ ਦੇ ਮੱਦੇਨਜ਼ਰ ਕਿ ਸਰਕਾਰ ਵਲੋਂ ਭਾਰਤ ਨੂੰ ਸਾਫ ਕਰਨ ਦੀ ਇੱਛਾ ਦਾ ਮੁਜ਼ਾਹਰਾ ਕੀਤਾ ਗਿਆ ਹੈ, ਮਹਿੰਗੀਆਂ ਕਾਰਾਂ ਅਤੇ ਵਿਦੇਸ਼ ਯਾਤਰਾਵਾਂ ਦੇ ਉਪਲਬਧ ਅੰਕੜਿਆਂ ਪ੍ਰਤਿ ਕਰ ਪ੍ਰਸ਼ਾਸਨ ਨੂੰ ਹੋਰ ਜ਼ਿਆਦਾ ਚੌਕੰਨਾ ਅਤੇ ਮੁਸਤੈਦ ਰਹਿਣਾ ਪਵੇਗਾ। ਜਾਪਾਨ ਵਰਗੇ ਦੇਸ਼ਾਂ ਵਿੱਚ ਕਰਾਂ ਦੀ ਪਾਲਣਾ ਕਰਨ ਉਤੇ ਇਨਾਮ ਦਿੱਤੇ ਜਾਂਦੇ ਹਨ। ਇਸ ਦੇ ਉਲਟ ਅਮਰੀਕਾ ਵਿੱਚ ਕਰ ਨਾ ਦੇਣ ਲਈ ਸਖ਼ਤ ਸਜ਼ਾ ਦਾ ਪ੍ਰਾਵਧਾਨ ਹੈ।


ਬਹੁਤ ਸਾਰੇ ਵਿਕਸਤ ਦੇਸ਼ਾਂ ਵਿੱਚ ਜਿਥੇ ਟੈਕਸ ਕੁੱਲ ਘਰੇਲੂ ਉਤਪਾਦ ਦਰ ਜ਼ਿਆਦਾ ਹੈ, ਉਥੇ ਜਨਤਕ ਸਿਹਤ, ਸਿੱਖਿਆ, ਆਵਾਜਾਈ ਅਤੇ ਸ਼ਹਿਰੀ ਸੇਵਾਵਾਂ ਬਹੁਤ ਉੱਚ ਪਾਏ ਦੀਆਂ ਹਨ। ਇਸ ਦੇ ਨਾਲ ਹੀ, ਔਰਤਾਂ ਤੇ ਮਰਦਾਂ ਦੀ ਜੀਵਨ ਸੁਰੱਖਿਆ, ਔਰਤ ਕਾਮਿਆਂ ਲਈ ਸੁਰੱਖਿਅਤ ਵਾਤਾਵਰਨ ਅਤੇ ਝਗੜਿਆਂ ਦੇ ਸਮੇਂ ਸਿਰ ਨਿਪਟਾਰੇ ਲਈ ਨਿਆਂ ਪ੍ਰਣਾਲੀ ਕਰਾਂ ਦੀ ਉੱਚ ਪਾਲਣਾ ਯਕੀਨੀ ਬਣਾਉਣ ਵਿੱਚ ਮਦਦ ਕਰਦੀ ਹੈ।

ਜਨਸੰਖਿਅਕ ਲਾਭਾਂਸ਼ ਦੇ ਮੱਦੇਨਜ਼ਰ, ਜਿਥੇ 66 ਪ੍ਰਤਿਸ਼ਤ ਜਨਸੰਖਿਆ 34 ਸਾਲ ਤੋਂ ਘੱਟ ਉਮਰ ਦੀ ਹੈ, ਭ੍ਰਿਸ਼ਟਾਚਾਰ ਮੁਕਤ ਭਾਰਤ ਸਾਡੀ ਅਗਲੀ ਪੀੜ੍ਹੀ ਦੇ ਸੁਪਨਿਆਂ ਦਾ ਭਾਰਤ ਹੋਵੇਗਾ ਜਿਥੇ ਸਟਾਰਟ ਅੱਪ, ਸਟੈਂਡ ਅੱਪ ਅਤੇ ਵਪਾਰ ਕਰਨ ਦੀ ਸੌਖ ਜਿਹੀਆਂ ਸਹੂਲਤਾਂ ਮੁਹੱਈਆ ਹੋਣਗੀਆਂ। ਵੱਖ-ਵੱਖ ਸਵੈ-ਇੱਛਕ ਪ੍ਰਗਟਾਵਿਆਂ, ਮਾਫੀ ਸਕੀਮਾਂ, ਬੇਹਿਸਾਬੇ ਧਨ ਨੂੰ ਬੇਨਕਾਬ ਕਰਨ ਲਈ ਸਰਕਾਰ ਦੇ ਅਨੇਕ ਯਤਨਾਂ ਦੇ ਬਾਵਜੂਦ, ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਾਰਤ ਦੀ ਕਾਰਗੁਜ਼ਾਰੀ ਬਹੁਤ ਨਿਰਾਸ਼ਾਜਨਕ ਹੈ। ਇਸ ਲਈ ਜ਼ਰੂਰੀ ਹੈ ਕਿ ਬੇਹਿਸਾਬੇ ਧਨ ਨੂੰ ਬੇਪਰਦ ਕਰਨ ਲਈ ਲਗਾਤਾਰ ਯਤਨ ਕੀਤੇ ਜਾਣ। ਇਸ ਯਤਨ ਲਈ ਸਮੂਹਿਕ ਪਹੁੰਚ ਕਾਰਗਰ ਹੋਵੇਗੀ ਜਿਸ ਵਿੱਚ ਚਾਰਟਰਡ ਅਕਾਊਂਟੈਂਟਸ, ਕਾਨੂੰਨੀ ਮਾਹਰਾਂ, ਸਮਾਜ ਵਿਗਿਆਨੀਆਂ, ਧਾਰਮਕ ਆਗੂਆਂ, ਮੀਡੀਆ ਅਤੇ ਰਾਜਨੀਤੀ ਤੋਂ ਸਮਾਜਕ ਆਗੂਆਂ ਨੂੰ ਸ਼ਾਮਲ ਕਰਨ ਦੀ ਲੋੜ ਪਵੇਗੀ।

## ਵਿੱਤੀ ਖੇਤਰ

ਸਰਕਾਰ ਨੇ ਪਿਛਲੇ ਸਾਲਾਂ ਦੇ ਰੁਝਾਨ ਨੂੰ ਜਾਰੀ ਰੱਖਦਿਆਂ ਬੈਂਕਾਂ ਦੇ ਪੁਨਰ-ਪੂੰਜੀਕਰਨ ਦਾ ਐਲਾਨ ਕੀਤਾ ਹੈ। ਇਹ ਵਿਚਾਰ ਕਰਨਾ ਮਹੱਤਵਪੂਰਨ ਹਵੇਗਾ ਕਿ ਬੈਂਕਾਂ ਨੂੰ ਦਿੱਤੀ ਜਾਣ ਵਾਲੀ ਅਜਿਹੀ ਰਾਹਤ ਨਿਯਮਤ ਅਤੇ ਆਪਣੇ ਆਪ ਦਿੱਤੀ ਜਾਣ ਵਾਲੀ ਹੋਵੇ ਜਾਂ ਇਸ ਨੂੰ ਕਾਰਗੁਜ਼ਾਰੀ ਵਿੱਚ ਸੁਧਾਰ ਦੀਆਂ ਨਿਰਧਾਰਤ ਸ਼ਰਤਾਂ ਤਹਿਤ ਦਿੱਤਾ ਜਾਵੇ। ਬੈਂਕ ਵਪਾਰਕ ਤੌਰ ਤੇ ਵਿਹਾਰਕ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਕੁੱਝ ਅਸਾਸੇ ਵੇਚਣ ਲਈ ਵੀ ਆਖਿਆ

**ਚਿੱਤਰ-1 : ਪ੍ਰਮੁੱਖ ਘਾਟੇ**




ਸਰੋਤ : ਪ੍ਰਾਪਤੀ ਦੇ ਰੁਝਾਨ, ਕੇਂਦਰੀ ਬਜਟ 2017-18

| ਤਾਲਿਕਾ-2 : ਕੇਂਦਰੀ ਬਜਟ ਦਾ ਸਾਰ - ਕੁੱਲ ਘਰੇਲੂ ਉਤਪਾਦਨ ਦੇ ਪ੍ਰਤਿਸ਼ਤ ਅਨੁਸਾਰ ਅੰਕੜੇ | | | | | |
|---|---|---|---|---|---|
| ਵਸੂਲੀ | 2016-17 (ਆਰ ਈ) | 2017-18 (ਬੀ ਈ) | ਖਰਚ | 2016-17 (ਆਰ ਈ) | 2017-18 (ਬੀ ਈ) |
| ਆਮਦਨ ਵਸੂਲੀ | 9.4 | 9.0 | ਆਮਦਨ ਖਰਚਾ | 11.5 | 10.9 |
| **ਆਮਦਨ ਖਰਚਾ - ਆਮਦਨ ਵਸੂਲੀ = ਆਮਦਨ ਘਾਟਾ** | | | | **2.1** | **1.9** |
| ਪੂੰਜੀਗਤ ਵਸੂਲੀ | 3.9 | 3.8 | ਪੂੰਜੀਗਤ ਖਰਚਾ | 1.9 | 1.8 |
| **ਕੁੱਲ ਖਰਚਾ - ਆਮਦਨ ਵਸੂਲੀ = ਕੁੱਲ ਵਿੱਤੀ ਘਾਟਾ** | | | | **3.5** | **3.2** |

*ਸਰੋਤ : ਕੇਂਦਰੀ ਬਜਟ 2017-18, ਭਾਰਤ ਸਰਕਾਰ*

| **ਤਾਲਿਕਾ-2 : ਆਮਦਨ ਅਤੇ ਪੂੰਜੀ ਖਾਤਾ, ਕੁੱਲ ਘਰੇਲੂ ਉਤਪਾਦ ਦੇ ਅੰਗਾਂ ਵਜੋਂ** | | | | |
|---|---|---|---|---|
| ਸਾਲ | ਆਮਦਨ ਵਸੂਲੀ | ਪੂੰਜੀਗਤ ਵਸੂਲੀ | ਆਮਦਨ ਖਰਚਾ | ਪੂੰਜੀਗਤ ਖਰਚਾ |
| 1950-51 | 3.90 | 1.16 | 3.34 | 1.76 |
| 1960-61 | 4.89 | 6.44 | 4.60 | 5.74 |
| 1970-71 | 6.91 | 4.29 | 6.57 | 5.24 |
| 1980-81 | 8.27 | 5.29 | 9.63 | 5.59 |
| 1990-91 | 9.37 | 6.65 | 12.54 | 5.42 |
| 2000-01 | 8.85 | 6.16 | 12.76 | 2.19 |
| 2010-11 | 10.13 | 5.17 | 13.37 | 2.01 |
| 2011-12 | 8.60 | 6.51 | 13.12 | 1.82 |
| 2012-13 | 8.84 | 5.85 | 12.50 | 1.68 |
| 2013-14 | 9.00 | 5.00 | 12.17 | 1.66 |
| 2014-15 | 8.82 | 3.88 | 11.75 | 1.57 |
| 2015-16 | 8.75 | 3.97 | 11.26 | 1.85 |
| 2016-17 (ਆਰ ਈ) | 9.44 | 3.92 | 11.51 | 1.86 |
| 2017-18 (ਬੀ ਈ) | 9.00 | 3.75 | 10.90 | 1.84 |

ਸਰੋਤ : (1) ਭਾਰਤੀ ਆਰਥਿਕਤਾ ਦੇ ਅੰਕੜਿਆਂ ਬਾਰੇ ਰਿਜ਼ਰਵ ਬੈਂਕ ਆਫ ਇੰਡੀਆ ਦਾ ਕਿਤਾਬਚਾ
(2) ਕੇਂਦਰੀ ਬਜਟ 2017-18, ਭਾਰਤ ਸਰਕਾਰ।

| **ਤਾਲਿਕਾ-3 : ਆਮਦਨ ਬਜਟ (ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ)** | | | | | |
|---|---|---|---|---|---|
| **ਆਮਦਨ ਵਸੂਲੀ** | | | | **ਆਮਦਨ ਖਰਚਾ** | |
| **ਅੰਗ** | **2016-17 (ਆਰ ਈ)** | **2017-18 (ਬੀ ਈ)** | **ਅੰਗ** | **2016-17 (ਆਰ ਈ)** | **2-17-18 (ਬੀ ਈ)** |
| ਕਾਰਪੋਰੇਸ਼ਨ ਟੈਕਸ | 3.3 | 3.2 | ਵਿਆਜ ਭੁਗਤਾਨ | 3.2 | 3.1 |
| ਆਮਾਦਨ ਕਰ | 2.3 | 2.6 | ਸਬਸਿਡੀਆਂ | 1.7 | 1.6 |
| ਸੀਮਾ ਸ਼ੁਲਕ | 1.4 | 1.5 | ਪੈਨਸ਼ਨ | 0.9 | 0.8 |
| ਕੇਂਦਰੀ ਆਬਕਾਰੀ ਸ਼ੁਲਕ | 2.6 | 2.4 | | | |
| ਸੇਵਾ ਕਰ | 1.6 | 1.6 | | | |
| ਲਾਭਾਂਸ਼ ਅਤੇ ਮੁਨਾਫਾ | 1.0 | 0.8 | | | |
| **ਕੁੱਲ** | **9.4*** | **9.0*** | **ਕੁੱਲ** | **11.5** | **10.9** |

*ਸਰੋਤ: ਵਸੂਲ ਦੇ ਰੁਝਾਨ ਬਜਟ 2017-18, ਭਾਰਤ ਸਰਕਾਰ। *ਰਾਜਾਂ ਦੇ ਕਰਾਂ ਦਾ ਅਸਲ ਹਿੱਸਾ*

ਜਾ ਸਕਦਾ ਹੈ, ਜਿਸ ਵਿੱਚ ਚੋਣਵੀਆਂ ਸ਼ਾਖਾਵਾਂ ਸ਼ਾਮਲ ਹਨ, ਤਾਂ ਕਿ ਉਨ੍ਹਾਂ ਦੇ ਨੁਕਸਾਨ ਦੀ ਪੂਰਤੀ ਕੀਤੀ ਜਾ ਸਕੇ ਜਾਂ ਉਨ੍ਹਾਂ ਦੇ ਖਰਚੇ ਘੱਟ ਕੀਤੇ ਜਾ ਸਕਣ। ਇਸ ਦੇ ਨਾਲ ਹੀ, ਨੁਕਸਾਨ ਜਾਂ ਲਾਭ ਕਮਾ ਰਹੀਆਂ, ਜਨਤਕ ਖੇਤਰ ਦੀਆਂ ਸਾਰੀਆਂ ਬੈਂਕਾਂ ਦੇ ਮੁਲਾਜ਼ਮਾਂ ਦੀ ਤਨਖ਼ਾਹ ਵਿੱਚ ਇਕਸਮਾਨ ਵਾਧਾ ਕਰਨਾ ਚਾਹੀਦਾ ਹੈ। ਸੋ, ਨਿਰਦੋਸ਼, ਮਾਸੂਮ ਕਰ ਦਾਤਿਆਂ ਤੋਂ ਸਰੋਤ ਹਾਸਲ ਕਰਨ ਤੋਂ ਪਹਿਲਾਂ ਵਪਾਰਕ ਬੈਂਕਾਂ ਨੂੰ ਆਪਣੇ ਤੌਰ ਤਰੀਕੇ ਦਰੁਸਤ ਕਰਨੇ ਚਾਹੀਦੇ ਹਨ ਅਤੇ ਲਗਾਤਾਰ ਵਪਾਰਕ ਬੈਂਕਾਂ ਵਿੱਚ ਪੂੰਜੀ ਸੰਚਾਰ ਕਰਨ ਨਾਲ ਨੈਤਿਕ ਖ਼ਤਰਿਆਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ।

## ਕੇਂਦਰੀ ਬਜਟ ਨੂੰ ਅਗੇਤਾ ਪੇਸ਼ ਕਰਨਾ

ਕੇਂਦਰੀ ਬਜਟ ਨੂੰ ਪੇਸ਼ ਕਰਨ ਦੀ ਤਾਰੀਖ ਅਗੇਤੀ ਕਰ ਦਿੱਤੀ ਗਈ ਤਾਂ ਕਿ ਸੰਸਦ ਵਲੋਂ ਇਸ ਨੂੰ ਮਾਰਚ ਦੇ ਅਖੀਰ ਤੱਕ ਮਨਜ਼ੂਰੀ ਦਿੱਤੀ ਜਾ ਸਕੇ ਤਾਂ ਕਿ ਮੰਤਰਾਲੇ 1 ਅਪ੍ਰੈਲ ਤੋਂ ਵਿਕਾਸ ਕੰਮਾਂ ਲਈ ਸਰੋਤ ਹਾਸਲ ਕਰ ਸਕਣ। ਭਾਰਤ ਵਿੱਚ ਜਦੋਂ ਜੂਨ ਮਹੀਨੇ ਵਿੱਚ ਮਾਨਸੂਨ ਅਰੰਭ ਹੁੰਦੀ ਹੈ ਤਾਂ ਮੰਤਰਾਲਿਆਂ ਕੋਲ ਮਾਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਖਰਚਿਆਂ ਦੀ ਯੋਜਨਾਬੰਦੀ ਅਤੇ ਸਕੀਮਾਂ ਉਤੇ ਅਮਲ ਲਈ ਸਮਾਂ ਹੋਵੇਗਾ। ਇਹ ਆਸ ਕੀਤੀ ਜਾ ਸਕਦੀ ਹੈ ਕਿ ਤਾਰੀਖ ਅਗੇਤੀ ਕਰਨ ਨਾਲ ਮਾਲੀਆ ਜੁਟਾਉਣ ਅਤੇ ਪੂੰਜੀਗਤ ਖਰਚਾ ਸ਼ੁਰੂ ਕਰਨ ਦੀ ਪ੍ਰਕਿਰਿਆ ਵਿੱਤੀ ਸਾਲ ਦੇ ਬਿਲਕੁਲ ਅਰੰਭ ਤੋਂ ਸ਼ੁਰੂ ਕੀਤੀ ਜਾ ਸਕੇਗੀ। ਨਾਲ ਹੀ ਨਾਲ, ਬਜਟ ਨੂੰ ਇਕ ਮਹੀਨਾ ਪਹਿਲਾਂ ਪੇਸ਼ ਕਰਨ ਦੇ ਤਰਕ ਨੂੰ ਵੇਖਦਿਆਂ, ਕੀ ਇਸ ਨੂੰ ਇਕ ਫ਼ਰਵਰੀ ਤੋਂ ਪਹਿਲਾਂ ਨਹੀਂ ਐਲਾਨਿਆ ਜਾ ਸਕਦਾ ਜੋ ਗਣਤੰਤਰ ਦਿਵਸ ਦੇ ਬਿਲਕੁਲ ਲਾਗੇ ਹੈ ਅਤੇ ਸਲਾਹ ਮਸ਼ਵਰੇ ਲਈ ਦਿੱਲੀ ਆਉਣ ਜਾਣ ਉਤੇ ਪਾਬੰਦੀਆਂ ਲੱਗ ਜਾਂਦੀਆਂ ਹਨ। ਬਜਟ ਨੂੰ ਕਿਸੇ ਕੰਮਕਾਜ ਵਾਲੇ ਦਿਨ ਸਵੇਰੇ ਵੇਲੇ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਜੋ ਇਕ ਨਿਰਧਾਰਤ ਦਿਨ ਹੋ ਸਕਦਾ ਹੈ, ਪਹਿਲੇ ਸ਼ੁਕਰਵਾਰ ਨੂੰ ਬਾਅਦ ਦੁਪਹਿਰ ਦੋ ਵਜੇ ਜਾਂ ਫ਼ਰਵਰੀ ਦੇ ਪਹਿਲੇ ਸ਼ਨੀਵਾਰ ਸਵੇਰ ਦੇ 11 ਵਜੇ।

## ਵਿੱਤੀ ਨੀਤੀ - ਕੀ ਇਹ ਸਾਲਾਨਾ ਹੋਣੀ ਚਾਹੀਦੀ ਹੈ?

ਵਿਕਸਤ ਦੇਸ਼ਾਂ ਵਿੱਚ ਬਜਟ ਪੇਸ਼ ਕਰਨਾ ਕੋਈ ਵੱਡੀ ਘਟਨਾ ਨਹੀਂ ਹੁੰਦੀ ਜਦ ਕਿ ਭਾਰਤ ਵਿੱਚ, ਇਕ ਮਹੀਨਾ ਪਹਿਲਾਂ ਹੀ ਇਸ ਬਾਰੇ ਗਹਮਾ-ਗਹਿਮੀ ਸ਼ੁਰੂ ਹੋ ਜਾਂਦੀ ਹੈ। ਉਦਯੋਗ, ਸਟਾਕ ਮਾਰਕੀਟ ਅਤੇ ਵਿਅਕਤੀਗਤ ਤੌਰ ਤੇ ਵੀ

| ਤਾਲਿਕਾ-4 : ਚੋਣਵੇਂ ਵਿੱਤੀ ਸੰਕੇਤਕ (ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ) | | | |
|---|---|---|---|
| **ਸਾਲ** | **ਸ਼ੁੱਧ ਕਰ ਆਮਦਨ** | **ਗੈਰ ਕਰ ਆਮਦਨ** | **ਆਮਦਨ ਵਸੂਲੀ** |
| 1970-71 | 5.2 | 1.8 | 6.9 |
| 1980-81 | 6.3 | 2.0 | 8.3 |
| 1990-91 | 7.3 | 2.0 | 9.4 |
| 2000-01 | 6.3 | 2.6 | 8.9 |
| 2014-15 | 7.2 | 1.6 | 8.8 |
| 2015-16 | 6.9 | 1.8 | 8.8 |
| 2016-17 (ਆਰ ਈ) | 7.2 | 2.2 | 9.4 |
| 2017-18 (ਬੀ ਈ) | 7.3 | 1.7 | 9.0 |

*ਸਰੋਤ : ਵਸੂਲੀ ਦੇ ਰੁਝਾਨ, ਕੇਂਦਰੀ ਬਜਟ, 2017-18, ਭਾਰਤ ਸਰਕਾਰ*

| ਤਾਲਿਕਾ-5 : ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ ਕੁੱਲ ਕਰਜ਼ਾ | | | | | | | | | |
|---|---|---|---|---|---|---|---|---|---|
| **ਦੇਸ਼** | **2013** | **2014** | **2015** | **2016** | **2017** | **2018** | **2019** | **2020** | **2021** |
| ਬ੍ਰਾਜ਼ੀਲ | 60.4 | 63.3 | 73.7 | 78.3 | 82.4 | 85.2 | 87.9 | 90.8 | 93.6 |
| ਚੀਨ | 36.9 | 39.8 | 42.9 | 46.3 | 49.9 | 52.6 | 54.6 | 56.1 | 57.2 |
| ਫਰਾਂਸ | 92.4 | 95.3 | 96.1 | 97.2 | 97.8 | 97.9 | 97.4 | 95.9 | 93.8 |
| ਜਰਮਨੀ | 77.1 | 74.5 | 71.0 | 68.2 | 65.9 | 63.6 | 61.1 | 58.9 | 56.7 |
| ਭਾਰਤ | 68.0 | 68.3 | 69.1 | 68.5 | 67.2 | 65.6 | 63.5 | 61.4 | 59.2 |
| ਇੰਡੋਨੇਸ਼ੀਆ | 24.8 | 24.7 | 27.3 | 27.5 | 28.2 | 29.2 | 29.9 | 30.4 | 30.9 |
| ਜਾਪਾਨ | 244.5 | 249.1 | 248.0 | 250.4 | 253.0 | 254.9 | 254.7 | 254.5 | 253.9 |
| ਰੂਸ | 13.1 | 15.9 | 16.4 | 17.1 | 17.9 | 18.6 | 19.1 | 18.9 | 18.5 |
| ਦੱਖਣੀ ਅਫਰੀਕਾ | 44.0 | 46.9 | 49.8 | 51.7 | 53.3 | 54.6 | 55.4 | 55.9 | 56.2 |
| ਯੂ.ਕੇ. | 86.0 | 87.9 | 89.0 | 89.0 | 88.8 | 88.6 | 86.6 | 84.3 | 82.1 |
| ਅਮਰੀਕਾ | 104.6 | 104.6 | 105.2 | 108.2 | 108.4 | 107.9 | 107.8 | 107.9 | 108.3 |

*ਸਰੋਤ : ਵਿਸ਼ਵ ਆਰਥਿਕ ਦ੍ਰਿਸ਼ਟੀਕੋਣ ਰਿਪੋਰਟ - ਅਕਤੂਬਰ 2016, ਆਈ ਐੱਮ ਐੱਫ*

| ਤਾਲਿਕਾ-6 : ਬਜਟ ਦੇ ਪ੍ਰਭਾਵ | | | | |
|---|---|---|---|---|
| **ਵੇਰਵੇ** | **ਵਿਕਾਸ** | **ਰੋਜ਼ਗਾਰ** | **ਖਪਤ** | **ਨਿਵੇਸ਼** |
| ਖੇਤੀ ਕਰਜ਼ਾ 10 ਲੱਖ ਕਰੋੜ | ✓ | | | |
| ਦੀਰਘਕਾਲੀ ਸਿੰਜਾਈ ਫੰਡ 40,000 ਕਰੋੜ ਰੁਪਏ | ✓ | | | |
| ਮਗਨਰੇਗਾ 48,000 ਕਰੋੜ ਰੁਪਏ | ✓ | ✓ | ✓ | |
| ਗ੍ਰਾਮ ਸੜਕ ਯੋਜਨਾ 27,000 ਕਰੋੜ ਰੁਪਏ | ✓ | ✓ | | |
| ਆਵਾਸ ਯੋਜਨਾ 23,000 ਕਰੋੜ ਰੁਪਏ | ✓ | ✓ | | ✓ |
| ਰੇਲਵੇ 1.3 ਲੱਖ ਕਰੋੜ ਰੁਪਏ | ✓ | ✓ | | ✓ |
| ਸੜਕ ਖੇਤਰ - ਸ਼ਾਹਰਾਹ 64,900 ਕਰੋੜ ਰੁਪਏ | ✓ | ✓ | | |
| ਆਵਾਜਾਈ ਖੇਤਰ 2.4 ਲੱਖ ਕਰੋੜ ਰੁਪਏ | ✓ | ✓ | | |
| ਮੁਦਰਾ ਯੋਜਨਾ ਟੀਚਾ 2.4 ਲੱਖ ਕਰੋੜ ਰੁਪਏ | ✓ | ✓ | | ✓ |

*ਸਰੋਤ : ਕੇਂਦਰੀ ਬਜਟ ਭਾਸ਼ਨ 2017-18, ਭਾਰਤ ਸਰਕਾਰ*

ਬਜਟ ਦੇ ਸਾਲਾਨਾ ਮੇਲੇ ਨੂੰ ਬੜੀ ਉਤਸੁਕਤਾ ਨਾਲ ਉਡੀਕਿਆ ਜਾਂਦਾ ਹੈ। ਇਹ ਆਰਥਿਕ ਨੀਤੀ ਬਣਾਉਣ ਲਈ ਦਖ਼ਲਕਾਰੀ ਅਤੇ ਸਥਿਰ ਵਿਕਾਸ ਯਕੀਨੀ ਬਣਾਉਣ ਵਾਲਾ ਹੋ ਸਕਦਾ ਹੈ ਕਿਉਂਕਿ ਨਿਵੇਸ਼ ਲਈ ਆਮ ਤੌਰ ਤੇ ਕਈ ਸਾਲ ਦਾ ਪਨਪਣ ਦਾ ਸਮਾਂ ਚਾਹੀਦਾ ਹੁੰਦਾ ਹੈ। ਇਹ ਵਿਚਾਰ ਕਰਨ ਯੋਗ ਹੈ ਕਿ ਵਿੱਤੀ ਲੇਖਾ-ਜੋਖਾ ਸਾਲਾਨਾ ਤੌਰ ਤੇ ਪੇਸ਼ ਕੀਤਾ ਜਾਵੇ ਜਦ ਕਿ ਵਿੱਤੀ ਨੀਤੀ ਨੂੰ ਇਸ ਤੋਂ ਅਲੱਗ ਕਰਕੇ ਦਰਮਿਆਨੇ ਤੋਂ ਦੀਰਘਕਾਲ ਲਈ ਐਲਾਨਿਆ ਜਾਵੇ, ਜੋ ਪੰਜ ਸਾਲ ਵੀ ਹੋ ਸਕਦਾ ਹੈ।

## ਰੇਲ ਬਜਟ

ਬਰਤਾਨਵੀ ਰੇਲਵੇ ਅਰਥਸ਼ਾਸਤਰੀ ਵਿਲੀਅਮ ਐਕਟਵਰਥ ਦੀਆਂ ਸਿਫਾਰਸ਼ਾਂ ਉਤੇ 1924 ਵਿੱਚ ਵੱਖਰਾ ਰੇਲ ਬਜਟ ਸ਼ੁਰੂ ਕੀਤਾ ਗਿਆ। ਪਰ, 1949 ਤੋਂ ਲੈ ਕੇ ਬਹੁਤ ਸਾਰੀਆਂ ਕਮੇਟੀਆਂ ਵਲੋਂ ਰੇਲਵੇ ਬਜਟ ਦੇ ਕੇਂਦਰੀ ਬਜਟ ਵਿੱਚ ਰਲੇਵੇਂ ਦੇ ਸੁਝਾਅ ਦਿੱਤੇ ਗਏ ਜੋ ਰਾਜਨੀਤਕ ਕਾਰਨਾਂ ਕਰਕੇ ਸਿਰੇ ਨਾ ਚੜ੍ਹ ਸਕੇ। ਸੋ, ਹੁਣ ਰੇਲਵੇ ਬਜਟ ਦੇ ਆਮ ਬਜਟ ਵਿੱਚ ਰਲੇਵੇਂ ਨਾਲ ਖਪਤਕਾਰ ਰੇਲਵੇ ਦੇ ਕੰਮਕਾਜ ਵਿੱਚ ਪੇਸ਼ਾਵਰ ਪਹੁੰਚ, ਬੇਹਤਰ ਸੇਵਾਵਾਂ, ਆਧੁਨਿਕ ਸਾਜ਼-ਸਮਾਨ ਅਤੇ ਸੁਰੱਖਿਆ ਦੇ ਉਪਾਅ ਅਤੇ ਬਾਜ਼ਾਰ ਅਧਾਰਤ ਗਤੀਸ਼ੀਲ ਅਤੇ ਮੁਕਾਬਲੇ ਵਾਲੇ ਕਿਰਾਇਆਂ ਦੀ ਆਸ ਕਰ ਸਕਦੇ ਹਨ। ਇਸੇ ਪ੍ਰਕਾਰ, ਸੰਸਦ ਦੀ ਲਗਾਤਾਰ ਪੜਚੋਲ ਤੋਂ ਪਰ੍ਹਾਂ ਰੇਲਵੇ ਸੰਤੁਲਿਤ ਅਤੇ ਤਕਨੀਕੀ ਤੌਰ ਤੇ ਬੇਹਤਰ ਸੰਗਠਨਾਤਕ ਢਾਂਚੇ ਉਤੇ ਧਿਆਨ ਕੇਂਦਰਿਤ ਕਰ ਸਕਦਾ ਹੈ, ਜਿਵੇਂ ਕਿ ਕੋਨਕਨ ਰੇਲਵੇ ਵਲੋਂ ਸਫਲਤਾ ਪੂਰਵਕ ਕੀਤਾ ਜਾ ਰਿਹਾ ਹੈ।

## ਬਜਟ ਸ਼ਰਤਾਂ ਨੂੰ ਤਰਕਸੰਗਤ ਬਣਾਉਣਾ

ਇਕ ਅਹਿਮ ਸੁਧਾਰ ਯੋਜਨਾਬਧ ਅਤੇ ਗ਼ੈਰ-ਯੋਜਨਾਬਧ ਵਖਰੇਵੇਂ ਨੂੰ ਕੇਂਦਰੀ ਬਜਟ ਵਿੱਚੋਂ ਖਤਮ ਕਰਨਾ ਹੈ। ਇਹ ਸੁਧਾਰ 'ਯੋਜਨਾ' ਸ਼ਬਦ ਨੂੰ ਖਤਮ ਕਰਨ ਦੇ ਨੀਤੀਗਤ ਫੈਸਲੇ ਦੇ ਮੱਦੇ ਨਜ਼ਰ ਸ਼ੁਰੂ ਕੀਤਾ ਗਿਆ ਹੈ ਜਦ ਕਿ ਸਮਾਜਕ ਆਰਥਿਕ ਭਲਾਈ ਪ੍ਰੋਗਰਾਮਾਂ ਵਿੱਚ ਫਰਕ ਕੀਤਾ ਗਿਆ ਹੈ। ਭਾਰਤ ਵਿੱਚ ਆਮ ਪ੍ਰਸਿੱਧ ਧਾਰਨਾ ਹੈ ਕਿ ਯੋਜਨਾਬਧ ਖਰਚਾ ਚੰਗਾ ਹੁੰਦਾ ਹੈ ਅਤੇ ਗ਼ੈਰ-ਯੋਜਨਾ ਖਰਚਾ ਫਜ਼ੂਲ ਹੁੰਦਾ ਹੈ। ਇਸ ਧਾਰਨਾ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਅਸਾਸਿਆਂ ਦੇ ਰੱਖ-ਰਖਾਅ ਲਈ ਗ਼ੈਰ-ਯੋਜਨਾ ਖਰਚ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ। ਸਿੱਟੇ ਵਜੋਂ, ਕੇਂਦਰ ਅਤੇ ਰਾਜਾਂ ਵਿੱਚ ਵੱਧ ਯੋਜਨਾ ਖਰਚ ਦਿਖਾਉਣ ਦੀ ਲਾਗਾਤਾਰ ਹੋੜ ਲੱਗੀ

| ਤਾਲਿਕਾ–7 : ਬਜਟ ਵਿਚਲੇ ਵਿਸ਼ਵਾਸ ਜਗਾਉਣ ਵਾਲੇ ਕਦਮ | | | |
|---|---|---|---|
| ਵੇਰਵੇ | ਵਿਕਾਸ | ਬੇਹਿਸਾਬਾ ਧਨ | ਵਿਸ਼ਵਾਸ |
| ਸਟਾਕ ਐਕਸਚੇਂਜਾਂ ਵਿੱਚ ਰੇਲਵੇ ਪੀ ਐੱਸ ਈ ਐੱਸ ਦੇ ਸ਼ੇਅਰ | ✓ | | ✓ |
| ਬੈਂਕਾਂ ਦੇ ਪੁਨਰ ਪੂੰਜੀਕਰਨ ਲਈ 10,000 ਕਰੋੜ ਰੁਪਏ | ✓ | | ✓ |
| ਕੁੱਲ ਘਰੇਲੂ ਉਤਪਾਦ ਦੇ 60 ਪ੍ਰਤਿਸ਼ਤ ਲਈ ਕਰਜ਼ਾ | ✓ | | ✓ |
| ਅਗਲੇ ਤਿੰਨ ਸਾਲਾਂ ਲਈ 3 ਪ੍ਰਤਿਸ਼ਤ ਵਿੱਤੀ ਘਾਟਾ | ✓ | | ✓ |
| 50 ਕਰੋੜ ਰੁਪਏ ਸਾਲਾਨਾ ਕਾਰੋਬਾਰ ਲਈ ਆਮਦਨ ਕਰ ਰਿਆਇਤ | ✓ | | ✓ |
| ਮਾਰਚ 2017 ਤੱਕ 10 ਲੱਖ ਨਵੇਂ ਪੀ ਓ ਐੱਸ | ✓ | ✓ | ✓ |
| ਨਕਦ ਲੈਣ-ਦੇਣ ਦੀ ਸੀਮਾ 3 ਲੱਖ ਰੁਪਏ | ✓ | ✓ | ✓ |
| ਰਾਜਨੀਤਕ ਚੰਦੇ ਦੀ ਸੀਮਾ | ✓ | ✓ | ✓ |

*ਸਰੋਤ : ਕੇਂਦਰੀ ਬਜਟ ਭਾਸ਼ਨ 2017–18, ਭਾਰਤ ਸਰਕਾਰ*

| ਤਾਲਿਕਾ–8 : ਭਾਰਤ ਦਾ ਕਰ ਪਾਲਣਾ ਚਾਰਟ – ਆਮ | |
|---|---|
| **ਵਰਗ** | **ਸੰਖਿਆ** |
| ਸੰਗਠਿਤ ਖੇਤਰ ਵਿੱਚ ਕੰਮ ਕਰ ਰਹੇ ਵਿਅਕਤੀ | 4.2 ਕਰੋੜ |
| ਤਨਖ਼ਾਹ ਦੀ ਆਮਦਨ ਤੋਂ ਰਿਟਰਨ ਦਾਖ਼ਲ ਕਰਨ ਵਾਲੇ ਵਿਅਕਤੀ | 1.7 ਕਰੋੜ |
| ਗ਼ੈਰ-ਸੰਗਠਿਤ ਖੇਤਰ ਦੇ ਵਿਅਕਤੀਗਤ ਉੱਦਮ | 5.6 ਕਰੋੜ |
| ਦਾਖ਼ਲ ਕੀਤੀਆਂ ਰਿਟਰਨਾਂ ਦੀ ਸੰਖਿਆ | 1.8 ਕਰੋੜ |
| ਪੰਜੀਕ੍ਰਿਤ ਕੰਪਨੀਆਂ | 13.9 ਲੱਖ |
| ਰੀਟਰਨ ਦਾਖ਼ਲ ਕਰਨ ਵਾਲੀਆਂ ਕੰਪਨੀਆਂ | 5.9 ਲੱਖ |
| ਸਿਫਰ ਆਮਦਨ ਜਾਂ ਹਾਨੀ ਦਾ ਐਲਾਨ ਕਰਨ ਵਾਲੀਆਂ ਕੰਪਨੀਆਂ | 2.8 ਲੱਖ |
| 1 ਕਰੋੜ ਰੁਪਏ ਤੋਂ ਘੱਟ ਮੁਨਾਫੇ ਦਾ ਐਲਾਨ ਕਰਨ ਵਾਲੀਆਂ ਕੰਪਨੀਆਂ | 2.8 ਲੱਖ |
| 1 ਤੋਂ 10 ਕਰੋੜ ਰੁਪਏ ਦਰਮਿਆਨ ਮੁਨਾਫ਼ਾ ਦਿਖਾਉਣ ਵਾਲੀਆਂ ਕੰਪਨੀਆਂ | 28,667 |
| 10 ਕਰੋੜ ਰੁਪਏ ਤੋਂ ਵੱਧ ਮੁਨਾਫਾ ਦਿਖਾਉਣ ਵਾਲੀਆਂ ਕੰਪਨੀਆਂ | 7,781 |

*ਸਰੋਤ : ਕੇਂਦਰੀ ਬਜਟ ਭਾਸ਼ਨ 2017–18, ਭਾਰਤ ਸਰਕਾਰ*

ਰਹਿੰਦੀ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਇਸ ਵਖਰੇਵੇਂ ਨੂੰ ਹਟਾਉਣ ਨਾਲ ਖਰਚ ਅਤੇ ਨਤੀਜਿਆਂ ਦਰਮਿਆਨ ਇਕ ਸਿੱਧਾ ਸੰਬੰਧ ਸਥਾਪਤ ਕੀਤਾ ਜਾ ਸਕੇਗਾ ਜੋ ਜਨਤਕ ਖਰਚੇ ਦੀ ਕੁਸ਼ਲਤਾ ਦੀ ਸਮੀਖਿਆ ਲਈ ਲਾਭਕਾਰੀ ਹੋਵੇਗਾ। ਇਸ ਪ੍ਰਕਾਰ ਹੁਣ ਬਜਟ ਬਣਾਉਣ ਦਾ ਕੇਂਦਰ ਬਿੰਦੂ ਮਾਲੀਏ ਅਤੇ ਪੂੰਜੀਗਤ ਖਰਚੇ ਵੱਲ ਹੋ ਜਾਵੇਗਾ ਜਿਵੇਂ ਕਿ ਪਹਿਲਾਂ ਸੰਵਿਧਾਨ ਵਿੱਚ ਕਲਪਨਾ ਕੀਤੀ ਗਈ ਸੀ। ਮਾਲੀਏ ਅਤੇ ਪੂੰਜੀਗਤ ਖਰਚੇ ਵਿਚਕਾਰ ਸਪੱਸ਼ਟ ਅੰਤਰ ਮੁਲਾਂਕਣਕਾਰੀ, ਪਾਰਦਰਸ਼ਤਾ ਅਤੇ ਕੁਸ਼ਲ ਫੈਸਲਿਆਂ ਲਈ ਵੀ ਜ਼ਰੂਰੀ ਹੈ। ਇਹ ਅੰਤਰ ਸਰਕਾਰ ਅਤੇ ਇਸ ਵਲੋਂ ਕੀਤੇ ਨਿਵੇਸ਼ ਦੀਆਂ ਸੰਚਾਲਨ ਲਾਗਤਾਂ ਦੀ ਸਮੀਖਿਆ ਕਰਨ ਵਿੱਚ ਸਹਾਈ ਹੁੰਦਾ ਹੈ।

ਸੰਵਿਧਾਨ ਦੇ ਆਰਟੀਕਲ 112 ਮੁਤਾਬਕ ਸਾਲਾਨਾ ਵਿੱਤੀ ਲੇਖੇ ਜੋਖੇ ਵਿੱਚ ਮਾਲੀਏ ਪੱਖੋਂ ਖਰਚੇ ਨੂੰ ਦੂਜੇ ਖਰਚੇ ਤੋਂ ਵੱਖਰਾ ਕਰਨਾ ਚਾਹੀਦਾ ਹੈ। ਸਰਕਾਰ ਦੇ ਆਮ ਵਿੱਤੀ ਨਿਯਮਾਂ, 2005 ਅਧੀਨ ਖਰਚ ਦੇ ਅਨੁਮਾਨਾਂ ਵਿੱਚ ਮਾਲੀਏ ਪੱਖੋਂ ਖਰਚ ਨੂੰ ਦੂਜੇ ਖਰਚ ਨਾਲੋਂ ਨਿਖੇੜਨ ਦਾ ਵਿਲੱਖਣ ਪ੍ਰਾਵਧਾਨ ਹੋਣਾ ਚਾਹੀਦਾ ਹੈ, ਜਿਸ ਵਿੱਚ ਪੂੰਜੀਗਤ ਖਰਚ, ਸਰਕਾਰ ਦੁਆਰਾ ਕਰਜ਼ੇ, ਕਰਜ਼ਿਆਂ ਦੀ ਅਦਾਇਗੀ ਅਤੇ ਅਲਪਕਾਲੀ ਉਧਾਰ ਵੀ, ਸ਼ਾਮਲ ਹਨ। ਅੰਤਰਰਾਸ਼ਟਰੀ ਅਨੁਭਵ ਇਹ ਨਹੀਂ ਸੁਝਾਉਂਦਾ ਕਿ ਖਰਚੇ ਨੂੰ ਵੱਖਰਾ ਕਰਨਾ ਬਹੁਤ ਜ਼ਰੂਰੀ ਲੋੜ ਹੈ। ਅਸਲ ਵਿੱਚ ਬਹੁਤ ਸਾਰੇ ਵਿਕਸਤ ਦੇਸ਼ ਜੋ ਪਹਿਲਾਂ ਉੱਭਰਦੇ ਵਿਕਾਸਸ਼ੀਲ ਪੜਾਵਾਂ ਵਿੱਚ ਸਨ, ਵਲੋਂ ਮਾਲੀਏ ਅਤੇ ਪੂੰਜੀਗਤ ਖਾਤੇ ਵਿਚਕਾਰ ਇਕ ਫਰਕ ਬਣਾ ਕੇ ਰੱਖਿਆ ਗਿਆ ਤਾਂ ਕਿ ਸਰੋਤਾਂ ਦੀ ਬੇਹਤਰ ਵੰਡ ਕੀਤੀ ਜਾ ਸਕੇ। ਇਨ੍ਹਾਂ ਵਿੱਚੋਂ ਕੁੱਝ ਦੇਸ਼ਾਂ ਨੇ ਇਹ ਫਰਕ ਹਾਲੇ ਵੀ ਬਣਾਇਆ ਹੋਇਆ ਹੈ ਜਦ ਕਿ

| ਤਾਲਿਕਾ–9 : ਭਾਰਤ ਦਾ ਕਰ ਪਾਲਣਾ ਚਾਰਟ–ਵਿਅਕਤੀਗਤ | |
|---|---|
| **ਵਰਗ** | **ਸੰਖਿਆ** |
| ਵਿਅਕਤੀਗਤ ਕਰ ਰਿਟਰਨ | 3.7 ਕਰੋੜ |
| ਛੋਟ ਸੀਮਾ ਤੋਂ ਹੇਠਾਂ | 99 ਲੱਖ |
| 2.5–5 ਲੱਖ ਦਰਮਿਆਨ ਆਮਦਨ | 1.9 ਕਰੋੜ |
| 5–10 ਲੱਖ ਦਰਮਿਆਨ ਆਮਦਨ | 52 ਲੱਖ |
| 10 ਲੱਖ ਤੋਂ ਵੱਧ ਆਮਦਨ | 24 ਲੱਖ |
| 5 ਲੱਖ ਤੋਂ ਵੱਧ ਆਮਦਨ | 76 ਲੱਖ |
| *ਜਿਸ ਵਿੱਚੋਂ ਤਨਖ਼ਾਹਦਾਰ* | 56 ਲੱਖ |
| 50 ਲੱਖ ਤੋਂ ਉਪਰ | 1.7 ਲੱਖ |

*ਸਰੋਤ : ਕੇਂਦਰੀ ਬਜਟ ਭਾਸ਼ਨ 2017–18, ਭਾਰਤ ਸਰਕਾਰ*

ਦੂਜਿਆਂ ਨੇ ਵੱਖਰੀ ਵਰਗ ਵੰਡ ਦੀ ਪ੍ਰਥਾ ਬੰਦ ਕਰ ਦਿੱਤੀ ਹੈ।

## ਸਿੱਟਾ

ਆਖਰ ਵਿੱਚ, ਇਹ ਇਕ ਵਿਹਾਰਕ ਬਜਟ ਸੀ ਜਿਸ ਨੂੰ ਵਿਸ਼ਵ ਅਨਿਸਚਿਤਤਾ ਅਤੇ ਨੋਟਬੰਦੀ ਤੋਂ ਉਭਰਨ ਦੇ ਸੰਦਰਭ ਵਿੱਚ ਐਲਾਨਿਆ ਜਾ ਸਕਦਾ ਸੀ। ਪਰ ਨੋਟਬੰਦੀ ਲਈ ਸਰਕਾਰ ਨੂੰ ਮਿਲੀ ਹਮਾਇਤ ਨੂੰ, ਕੁੱਝ ਹੋਰ ਦਲੇਰੀ ਭਰੇ ਕਦਮ ਪੁੱਟ ਕੇ ਭ੍ਰਿਸ਼ਟਾਚਾਰ ਮੁਕਤ ਭਾਰਤ ਯਕੀਨੀ ਬਣਾਉਣ ਲਈ ਪ੍ਰਭਾਵੀ ਤਰੀਕੇ ਨਾਲ ਵਰਤਿਆ ਜਾ ਸਕਦਾ ਸੀ ਬਜਾਇ ਕਿ ਦਿਆਲੂ ਪਹਿਲਕਦਮੀਆਂ ਦੇ, ਜਿਵੇਂ ਕਿ ਲੈਣ-ਦੇਣ ਉਤੇ 3 ਲੱਖ ਦੀ ਸੀਮਾ ਲਾਉਣਾ ਅਤੇ ਬੇਹਿਸਾਬੀ ਰਾਜਸੀ ਫੰਡਿੰਗ ਨੂੰ ਸੀਮਤ ਕਰਨਾ। ਆਮ ਕਰਕੇ, ਬਜਟ ਵਿੱਚ ਐਲਾਨ ਕੀਤੇ ਕਦਮ ਕਰਾਂ ਦਾ ਦਾਇਰਾ ਵਧਾਉਣਗੇ ਅਤੇ ਇਹ ਵਿਕਾਸ ਤੇ ਰੋਜ਼ਗਾਰ ਮੁਖੀ ਹਨ। ਪਰ ਬਜਟ ਵਿੱਚ ਢੁੱਕਵਾਂ ਮਾਧਿਅਮ ਅਤੇ ਦੀਰਘਕਾਲੀ ਦ੍ਰਿਸ਼ਟੀਕੋਨ ਸ਼ਾਮਲ ਕੀਤੇ ਜਾ ਸਕਦੇ ਸਨ। ਇਹ ਜਨਸੰਖਿਅਕ ਲਾਭਾਂਸ਼ ਅਤੇ ਭਾਰਤ ਨੂੰ ਡਿਜੀਟਲ ਕਰਨ ਦੇ ਫਾਇਦੇ ਅਤੇ ਦੀਰਘਕਾਲੀ ਵਿੱਤੀ ਖੇਤਰ ਦੇ ਸੁਧਾਰਾਂ ਲਈ ਕੋਈ ਖਾਕਾ ਮੁਹੱਈਆ ਕਰ ਸਕਦੇ ਸਨ।

*(ਲੇਖਕ ਆਈ ਆਈ ਐੱਮ ਬੈਂਗਲੋਰ ਵਿੱਚ ਅਰਥਸ਼ਾਸਤਰ ਦੇ ਆਰ ਬੀ ਆਈ ਚੇਅਰ ਪ੍ਰੋਫੈਸਰ ਅਤੇ ਬੈਂਕਿੰਗ ਖੋਜ ਆਰ ਬੀ ਆਈ ਦੇ ਸਾਬਕਾ ਡਾਇਰੈਕਰ ਹਨ)*

*e-mail :charansingh60@gmail.com*

# ਮਾਲੀਆ ਇਕੱਤਰ ਕਰਨ ਦੇ ਯਤਨ ਅਤੇ 2017-18 ਦਾ ਬਜਟ

ਮਾਲਿਨੀ ਚੱਕਰਵਰਤੀ

ਜਾਣ ਪਛਾਣ

2017-18 ਦਾ ਬਜਟ ਕਿਉਂਕਿ ਇਹ ਸਰਕਾਰ ਦੀ ਨੋਟਬੰਦੀ ਮੁਹਿੰਮ ਤੋਂ ਬਾਅਦ ਆ ਰਿਹਾ ਸੀ ਅਤੇ ਜਨਸੰਖਿਆ ਦੇ ਵੱਡੇ ਹਿੱਸੇ ਨੂੰ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਸੀ, ਇਸ ਕਰਕੇ ਕਈਆਂ ਨੂੰ ਆਸ ਸੀ ਕਿ ਇਸ ਬਜਟ ਵਿੱਚ ਟੈਕਸ ਦਰਾਂ ਵਿੱਚ ਵੱਡੇ ਬਦਲਾਅ ਕੀਤੇ ਜਾਣਗੇ, ਟੈਕਸ ਨਿਰਧਾਰਤ ਕਰਨ ਦੀ ਮੁਢਲੀ ਸੀਮਾ ਅਤੇ ਟੈਕਸ ਛੋਟਾਂ ਆਦਿ ਵਿੱਚ ਵਾਧਾ ਕੀਤਾ ਜਾਵੇਗਾ। ਦੂਜੇ ਪਾਸੇ, ਸਰਕਾਰ ਲਈ ਟੈਕਸ ਦਰਾਂ ਘੱਟ ਕਰਨਾ ਇਕ ਔਖਾ ਕੰਮ ਹੈ, ਕਿਉਂਕਿ ਵੱਡੇ ਵਿਕਾਸਸ਼ੀਲ ਦੇਸ਼ਾਂ ਦਰਮਿਆਨ ਭਾਰਤ ਦਾ ਟੈਕਸ ਤੋਂ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ ਸਭ ਤੋਂ ਘੱਟ ਹੈ।

ਪਰ, ਇਸ ਸਾਲ ਦੇ ਬਜਟ ਵਿੱਚ ਟੈਕਸਾਂ ਦੇ ਮੋਰਚੇ ਉਤੇ ਕੁੱਝ ਬਦਲਾਅ ਵਾਕਈ ਨਜ਼ਰ ਆ ਰਹੇ ਹਨ, ਖ਼ਾਸ ਕਰਕੇ ਸਿੱਧੇ ਟੈਕਸਾਂ ਦੇ ਖੇਤਰ ਵਿੱਚ। ਇਸ ਸੰਬੰਧ ਵਿੱਚ ਇਕ ਮੁੱਖ ਬਦਲਾਅ ਸਭ ਤੋਂ ਹੇਠਲੀ ਟੈਕਸ ਸਲੈਬ ਅਧੀਨ ਆਉਣ ਵਾਲਿਆਂ ਲਈ ਨਿੱਜੀ ਆਮਦਨ ਕਰ ਦਰ 10 ਪ੍ਰਤਿਸ਼ਤ ਤੋਂ ਘਟਾਅ ਕੇ 5 ਪ੍ਰਤਿਸ਼ਤ ਕਰਨਾ ਹੈ (ਮਤਲਬ 2.5 ਲੱਖ ਰੁਪਏ ਤੋਂ 5 ਲੱਖ ਰੁਪਏ ਦਰਮਿਆਨ)। ਇਸੇ ਹੀ ਸਮੇਂ, ਮਿਲਣ ਵਾਲੇ ਲਾਭਾਂ ਨੂੰ ਦੁਬਾਰਾ ਲੈਣ ਤੋਂ ਰੋਕਣ ਲਈ, ਸੈਕਸ਼ਨ 87ਏ ਅਧੀਨ ਦਿੱਤੀ ਜਾਣ ਵਾਲੀ ਵੱਧ ਤੋਂ ਵੱਧ 5000 ਰੁਪਏ ਦੀ ਛੋਟ ਨੂੰ ਘੱਟ ਕਰਕੇ 2500 ਰੁਪਏ ਕਰ ਦਿੱਤਾ ਗਿਆ ਹੈ, ਜੋ 5 ਲੱਖ ਰੁਪਏ ਤੱਕ ਦੀ ਆਮਦਨ ਵਾਲੇ ਵਿਅਕਤੀਆਂ ਉਤੇ ਲਾਗੂ ਹੁੰਦੀ ਹੈ। ਇਹ ਲਾਭ ਹਾਸਲ ਕਰਨ ਲਈ ਮਾਪਦੰਡ ਵੀ ਬਦਲੇ ਗਏ ਹਨ ਅਤੇ ਹੁਣ ਇਹ 3.5 ਲੱਖ ਰੁਪਏ ਦੀ ਆਮਦਨ ਵਾਲੇ ਵਿਅਕਤੀਆਂ ਉਤੇ ਵੀ ਲਾਗੂ ਹੈ। ਇਨ੍ਹਾਂ ਕਦਮਾਂ ਦੇ ਨਾਲ ਹੀ, ਆਮਦਨ ਕਰ ਰਿਟਰਨ ਦਾਖਲ ਕਰਨ ਦੀ ਪ੍ਰਕਿਰਿਆ ਨੂੰ ਵੀ ਅਸਾਨ ਬਣਾਇਆ ਜਾਵੇਗਾ। ਇਸ ਲਈ ਇਕ ਸਫੇ ਦਾ ਸੌਖਾ ਤੇ ਸਾਦਾ ਫਾਰਮ ਸ਼ੁਰੂ ਕੀਤਾ ਜਾਵੇਗਾ ਜਿਸ ਨੂੰ ਭਰ ਕੇ ਕੋਈ ਵੀ ਵਿਅਕਤੀ 5 ਲੱਖ ਰੁਪਏ ਤੱਕ ਦੀ ਕਰ ਯੋਗ ਆਮਦਨ ਦੀ ਰਿਟਰਨ ਦਾਖਲ ਕਰ ਸਕੇਗਾ (ਵਪਾਰਕ ਆਮਦਨ ਤੋਂ ਬਿਨਾਂ)। ਆਮਦਨ ਕਰ ਰਿਟਰਨ ਦਾਖਲ ਕਰਨ ਦੀ ਸਰਲ ਪ੍ਰਕਿਰਿਆ ਅਤੇ ਹੇਠਲੀ ਟੈਕਸ ਸਲੈਬ ਵਿੱਚ ਆਉਣ ਵਾਲੇ ਵਿਅਕਤੀਆਂ ਲਈ ਟੈਕਸ ਦਰ ਵਿੱਚ ਕਮੀ ਕਰਨ ਨਾਲ ਆਸ ਹੈ ਕਿ ਹੋਰ ਜ਼ਿਆਦਾ ਲੋਕ ਟੈਕਸ ਦੇ ਦਾਇਰੇ ਵਿੱਚ ਆਉਣਗੇ। ਨਿੱਜੀ ਆਮਦਨ ਕਰ ਸਲੈਬ ਦੇ ਉੱਚ ਪੱਧਰ ਉਤੇ ਇਕ ਸਵਾਗਤਯੋਗ ਕਦਮ ਉਠਾਇਆ ਗਿਆ ਹੈ - ਇਹ ਹੈ 50 ਲੱਖ ਰੁਪਏ ਅਤੇ 1 ਕਰੋੜ ਰੁਪਏ ਦਰਮਿਆਨ ਸਾਲਾਨਾ ਕਰ ਯੋਗ ਆਮਦਨ ਵਾਲੇ ਵਿਅਕਤੀਆਂ ਉਤੇ 10 ਪ੍ਰਤਿਸ਼ਤ ਸਰਚਾਰਜ ਲਾਉਣਾ। 1 ਕਰੋੜ ਰੁਪਏ ਤੋਂ ਵੱਧ ਸਾਲਾਨਾ ਕਰ ਯੋਗ ਆਮਦਨ ਵਾਲੇ ਵਿਅਕਤੀਆਂ ਉਤੇ ਲਾਇਆ ਜਾ ਰਿਹਾ ਮੌਜੂਦਾ 15 ਪ੍ਰਤਿਸ਼ਤ ਸਰਚਾਰਜ ਜਾਰੀ ਰਹੇਗਾ।

ਨਿੱਜੀ ਆਮਦਨ ਕਰ ਵਿੱਚ ਇਨ੍ਹਾਂ ਬਦਲਾਵਾਂ ਦੇ ਨਾਲ ਹੀ ਦੂਜੇ ਸਿੱਧੇ ਕਰਾਂ ਵਿੱਚ ਵੀ ਕੁੱਝ ਤਬਦੀਲੀਆਂ ਕੀਤੀਆਂ ਗਈਆਂ ਹਨ। ਮਿਸਾਲ ਦੇ ਲਈ, ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ (ਐੱਮ ਐੱਸ ਐੱਮ ਈਜ਼), ਜਿਨ੍ਹਾਂ ਦਾ ਸਾਲਾਨਾ ਕਾਰੋਬਾਰ 50 ਕਰੋੜ ਰੁਪਏ ਤੱਕ ਹੈ, ਲਈ ਕਾਰਪੋਰੇਟ ਟੈਕਸ ਦਰ 5 ਪ੍ਰਤਿਸ਼ਤ ਅੰਕ ਘੱਟ ਕਰਕੇ 30 ਤੋਂ 25 ਪ੍ਰਤਿਸ਼ਤ ਕਰ ਦਿੱਤੀ ਗਈ ਹੈ ਤਾਂ ਕਿ ਛੋਟੀਆਂ ਕੰਪਨੀਆਂ ਦੀ ਵਿਹਾਰਕਤਾ ਵਿੱਚ ਸੁਧਾਰ ਕੀਤਾ ਜਾ ਸਕੇ। ਦੀਰਘਕਾਲੀ ਪੂੰਜੀਗਤ ਪ੍ਰਾਪਤੀਆਂ (ਐੱਲ ਟੀ ਸੀ ਜੀ) ਵਿੱਚ ਜ਼ਮੀਨ ਅਤੇ ਇਮਾਰਤਾਂ ਦੇ ਮਾਮਲੇ ਵਿੱਚ, ਪ੍ਰਾਵਧਾਨਾਂ ਵਿੱਚ ਬਦਲਾਅ ਵੀ ਕੀਤੇ ਗਏ ਹਨ। ਇਸ ਸੰਬੰਧ ਵਿੱਚ ਰਿਆਇਤੀ ਐੱਲ ਟੀ ਸੀ ਜੀ ਟੈਕਸ ਰਿਆਇਤਾਂ ਦੇ ਯੋਗ ਹੋਣ ਲਈ, ਅਚੱਲ ਜਾਇਦਾਦ ਵਾਸਤੇ ਉਡੀਕ ਦਾ ਸਮਾਂ ਤਿੰਨ ਸਾਲ ਤੋਂ ਘਟਾਅ ਕੇ ਦੋ ਸਾਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਹਰ ਪ੍ਰਕਾਰ ਦੇ ਅਸਾਸਿਆਂ ਲਈ ਸੂਚੀਬੱਧ ਦਾ ਅਧਾਰ ਵਰ੍ਹਾ, 1 ਅਪ੍ਰੈਲ, 1981 ਤੋਂ ਬਦਲ ਕੇ 1 ਅਪ੍ਰੈਲ, 2001 ਕਰਨ ਦੀ ਤਿਆਰੀ ਹੈ, ਜਿਸ ਵਿੱਚ ਅਚੱਲ ਜਾਇਦਾਦ ਵੀ ਸ਼ਾਮਲ ਹੈ।

ਅਸਿੱਧੇ ਕਰਾਂ ਵਿੱਚ ਵੀ ਕੁੱਝ ਬਦਲਾਅ ਕੀਤੇ ਗਏ ਹਨ, ਜਿਵੇਂ ਕਿ ਸੀਮਾ ਸ਼ੁਲਕ, ਆਬਕਾਰੀ ਸ਼ੁਲਕ ਆਦਿ। ਇਨ੍ਹਾਂ ਬਦਲਾਵਾਂ ਦਾ ਉਦੇਸ਼ ਘਰੇਲੂ ਮੁੱਲ ਵਾਧੇ ਨੂੰ ਉਤਸ਼ਾਹ ਦੇਣਾ, ਘਰੇਲੂ ਸੱਨਅਤਾਂ ਨੂੰ ਢੁੱਕਵੀਂ ਸੁਰੱਖਿਆ ਪ੍ਰਦਾਨ ਕਰਨਾ, ਨਗਦ ਲੈਣ-ਦੇਣ ਨੂੰ ਉਤਸ਼ਾਹਿਤ ਕਰਨਾ ਅਤੇ ਉਪਕਰਨਾਂ ਦੇ ਘਰੇਲੂ ਨਿਰਮਾਣ ਨੂੰ ਹੁਲਾਰਾ ਦੇਣਾ ਹੈ।

## ਕਰ-ਦਾਤਿਆਂ ਉਤੇ ਪੈਣ ਵਾਲੇ ਸੰਭਾਵੀ ਪ੍ਰਭਾਵ

ਸਭ ਤੋਂ ਹੇਠਲੀ ਕਰ ਸਲੈਬ ਲਈ ਨਿੱਜੀ ਆਮਦਨ ਕਰ ਦੀ ਦਰ ਨੂੰ ਘੱਟ ਕਰਨ (ਬਾਕੀ ਕਰ ਪੱਧਰਾਂ ਦੀ ਦਰ ਬਣਾਏ ਰੱਖਣ ਦੇ ਨਾਲ) ਦਾ ਨਤੀਜਾ ਉਨ੍ਹਾਂ ਕਰ-ਦਾਤਿਆਂ ਲਈ ਘੱਟ ਕਰ ਦੇਣਦਾਰੀ ਦੇ ਰੂਪ ਵਿੱਚ ਨਿਕਲੇਗਾ ਜਿਨ੍ਹਾਂ ਦੀ ਸਾਲਾਨਾ ਕਰ ਯੋਗ ਆਮਦਨ 50 ਲੱਖ ਰੁਪਏ ਤੋਂ ਘੱਟ ਹੈ। ਜਿਵੇਂ ਕਿ ਤਾਲਿਕਾ ਵਿੱਚ ਦਿਖਾਇਆ ਗਿਆ ਹੈ ਕਰ-ਦਾਤਿਆਂ ਲਈ (ਸਾਲਾਨਾ) ਪ੍ਰਾਪਤੀ 2,575 ਰੁਪਏ ਹੋਵੇਗੀ, ਜਿਨ੍ਹਾਂ ਦੀ ਕਰ ਯੋਗ

ਆਮਦਨ 3.5 ਲੱਖ ਰੁਪਏ ਤੱਕ ਹੋਵੇਗੀ। ਜਿਵੇਂ-ਜਿਵੇਂ ਆਮਦਨ ਦਾ ਪੱਧਰ ਵਧਦਾ ਜਾਵੇਗਾ, ਇਹ ਲਾਭ ਵਧ ਕੇ 12,875 ਰੁਪਏ ਹੋ ਜਾਵੇਗਾ। ਸ਼ਾਇਦ ਨਿੱਜੀ ਆਮਦਨ ਕਰ ਦਰਾਂ ਵਿੱਚ ਸਭ ਤੋਂ ਅਹਿਮ ਪ੍ਰਭਾਵ ਉਨ੍ਹਾਂ ਵਿਅਕਤੀਆਂ ਉਤੇ ਪਵੇਗਾ ਜਿਨ੍ਹਾਂ ਦੀ ਕਰ ਯੋਗ ਆਮਦਨ 50 ਲੱਖ ਰੁਪਏ ਤੋਂ ਵੱਧ ਹੈ। 10 ਪ੍ਰਤਿਸ਼ਤ ਸਰਚਾਰਜ ਦੀ ਸ਼ੁਰੂਆਤ ਨਾਲ ਉਮੀਦ ਕੀਤੀ ਜਾਂਦੀ ਹੈ ਕਿ ਇਸ ਵਰਗ ਲਈ ਕੁੱਲ ਟੈਕਸ ਬੋਝ ਵਧ ਜਾਵੇਗਾ (ਤਾਲਿਕਾ-1)। ਇਹ ਸੰਭਾਵਨਾ ਇਸ ਤੱਥ ਕਰਕੇ ਪੈਦਾ ਹੁੰਦੀ ਹੈ ਕਿ 10 ਪ੍ਰਤਿਸ਼ਤ ਸਰਚਾਰਜ ਹੇਠਲੇ ਪੱਧਰ ਦੀ ਕਰ ਸਲੈਬ ਲਈ ਦਰਾਂ ਵਿੱਚ ਕਟੌਤੀ ਤੋਂ ਮਿਲਣ ਵਾਲੇ ਲਾਭ ਨੂੰ ਖਤਮ ਕਰ ਦੇਵੇਗਾ। ਦੂਜੇ ਸ਼ਬਦਾਂ ਵਿੱਚ ਇਸ ਦਾ ਮਤਲਬ ਇਹ ਹੈ ਕਿ ਜ਼ਿਆਦਾ ਅਮੀਰਾਂ ਦਾ ਟੈਕਸਾਂ ਦਾ ਬੋਝ ਵਧ ਜਾਵੇਗਾ।

ਉਪਰ ਵਰਨਣ ਕੀਤੇ ਗਏ ਐੱਲ ਟੀ ਸੀ ਜੀ ਕਰ ਪ੍ਰਾਵਧਾਨਾਂ ਵਿੱਚ ਕੀਤੇ ਬਦਲਾਵਾਂ ਦਾ ਫਾਇਦਾ ਜਾਇਦਾਦ ਧਾਰਕਾਂ ਨੂੰ ਵੀ ਮਿਲਣ ਦੀ ਸੰਭਾਵਨਾ ਹੈ। ਦੀਰਘਕਾਲੀ ਅਸਾਸਿਆਂ ਲਈ ਯੋਗ ਹੋਣ ਵਾਸਤੇ ਅਚੱਲ ਜਾਇਦਾਦ ਰੱਖਣ ਦੀ ਸਮਾਂ ਸੀਮਾ ਵਿੱਚ ਕਮੀ ਦਾ ਮਤਲਬ ਹੈ ਕਿ ਜਾਇਦਾਦ ਧਾਰਕ ਹੁਣ ਦੋ ਸਾਲ ਬਾਅਦ ਆਪਣੀ ਜਾਇਦਾਦ ਵੇਚ ਸਕਣਗੇ (ਬਜਾਇ 3 ਸਾਲ ਦੇ) ਅਤੇ ਉਹ ਘੱਟ ਐੱਲ ਟੀ ਸੀ ਜੀ ਕਰ ਦਾ ਫਾਇਦਾ ਵੀ ਲੈ ਸਕਣਗੇ (ਉੱਚ ਅਲਪ ਕਾਲੀ ਪੂੰਜੀਗਤ ਪ੍ਰਾਪਤੀ ਕਰ ਦਰ ਦੀ ਤੁਲਨਾ ਵਿੱਚ)। ਦੂਜਾ, ਅਧਾਰ ਵਰ੍ਹੇ ਵਿੱਚ ਤਬਦੀਲੀ ਨਾਲ ਉਨ੍ਹਾਂ ਵਿਅਕਤੀਆਂ ਲਈ ਪੂੰਜੀਗਤ ਪ੍ਰਾਪਤੀ ਕਰ ਦੇਣਦਾਰੀ ਘੱਟ ਹੋ ਜਾਵੇਗੀ ਜਿਹੜੇ ਬਹੁਤ ਸਾਲ ਪਹਿਲਾਂ ਖਰੀਦੀ ਜਾਇਦਾਦ ਨੂੰ ਵੇਚਣ ਵਾਲੇ ਹਨ, ਕਿਉਂਕਿ ਹਾਸਲ ਕਰਨ ਦੀ ਤਾਰੀਖ ਅਤੇ ਅਪ੍ਰੈਲ 2001 ਦਰਮਿਆਨ ਹੋਇਆ ਮੁੱਲ ਵਾਧਾ ਹੁਣ ਬਿਲਕੁਲ ਕਰ ਮੁਕਤ ਹੋਵੇਗਾ।

ਆਖਰ ਵਿੱਚ, ਵਿਹਾਰਕਤਾ ਵਿੱਚ ਵਾਧਾ ਕਰਨ ਲਈ ਛੋਟੀਆਂ ਕੰਪਨੀਆਂ ਨੂੰ ਦਿੱਤੀਆਂ ਗਈਆਂ ਕਰ ਰਿਆਇਤਾਂ ਇਕ ਸਕਾਰਾਤਮਕ ਕਦਮ ਹੈ। ਪਰ ਇਹ ਗੱਲ ਵੀ ਧਿਆਨ ਦੇਣ ਵਾਲੀ ਹੋਵੇਗੀ ਕਿ ਇਹ ਸਿਰਫ ਉਨ੍ਹਾਂ ਐੱਮ ਐੱਸ ਐੱਮ ਈਜ਼ ਉਤੇ ਲਾਗੂ ਹੋਵੇਗਾ ਜੋ ਮੁਨਾਫਾ ਦਰਜ ਕਰਦੀਆਂ ਹਨ, ਕਿਉਂਕਿ ਅਜਿਹੀਆਂ ਜ਼ਿਆਦਾਤਰ ਕੰਪਨੀਆਂ ਆਪਣੀਆਂ ਲਾਗਤਾਂ ਪੂਰੀਆਂ ਕਰਨ ਜੋਗੀ ਹੀ ਕਮਾਈ ਕਰਦੀਆਂ ਹਨ।

ਮਾਲੀਆ ਅਨੁਮਾਨ ਅਤੇ ਕਰ – ਕੁੱਲ ਘਰੇਲੂ ਉਤਪਾਦ ਅਨੁਪਾਤ – ਕੁੱਝ ਕਰ ਦਰਾਂ ਵਿੱਚ ਕਮੀ ਅਤੇ ਇਸ ਕਾਰਨ ਹੋਣ ਵਾਲੀ ਮਾਲੀਏ ਦੀ ਹਾਨੀ ਦੇ ਬਾਵਜੂਦ, 2017-18 ਦੇ ਬਜਟ ਵਿੱਚ ਮਾਲੀਏ ਵਿੱਚ ਵੱਡਾ ਵਾਧਾ ਹੋਣ ਦਾ ਅਨੁਮਾਨ ਲਾਇਆ ਗਿਆ ਹੈ, ਜਿਸ ਤਹਿਤ ਕਰਾਂ ਦਾ ਮਾਲੀਆ (ਮਤਲਬ ਕੁੱਲ ਕੇਂਦਰੀ ਕਰ) 2016-17 ਦੇ ਸੋਧੇ ਅਨੁਮਾਨਾਂ ਦੇ ਮੁਕਾਬਲੇ, 2017-18 ਦੇ ਬਜਟ ਅਨੁਮਾਨਾਂ ਵਿੱਚ 2,00,000 ਕਰੋੜ ਰੁਪਏ ਵਧ ਜਾਵੇਗਾ। ਹੋਰ, ਅਨੁਮਾਨਿਤ ਕਰ ਮਾਲੀਏ ਦਾ ਵੱਡਾ ਹਿੱਸਾ ਵਿਅਕਤੀਗਤ ਆਮਦਨ ਕਰ ਦਾ ਹੋਵੇਗਾ (ਤਾਲਿਕਾ-2)।

ਇਨ੍ਹਾਂ ਅਨੁਮਾਨਾਂ ਦੇ ਸਿੱਟੇ ਵਜੋਂ, ਨਾ ਸਿਰਫ ਕੁੱਲ ਕੇਂਦਰੀ ਕਰ- ਕੁੱਲ ਘਰੇਲੂ ਉਤਪਾਦ ਦਾ ਅਨੁਪਾਤ 11 ਪ੍ਰਤਿਸ਼ਤ ਅੰਕੜੇ ਤੋਂ ਪਾਰ ਜਾਣ ਦੀ ਉਮੀਦ ਹੈ, ਸਗੋਂ ਸਿੱਧੇ ਕਰ – ਕੁੱਲ ਘਰੇਲੂ ਉਤਪਾਦ ਦਾ ਅਨੁਪਾਤ (ਕੇਂਦਰੀ ਕਰਾਂ ਲਈ) ਪਿਛਲੇ ਸਾਲਾਂ ਦੇ ਮੁਕਾਬਲੇ ਸਭ ਤੋਂ ਵੱਧ ਹੋਵੇਗਾ। ਅਜਿਹ ਆਸਵੰਦੇ ਅਨੁਮਾਨਾਂ ਦੇ ਬਾਵਜੂਦ, ਭਾਰਤ ਦੀ ਕਰ ਪ੍ਰਣਾਲੀ ਵਿੱਚ ਤਰੱਕੀ ਦੀ ਕਮੀ ਵਰਗੇ ਤੌਖਲੇ ਹਾਲੇ ਵੀ ਬਰਕਰਾਰ ਹਨ। ਜਿਵੇਂ ਕਿ ਸਭ ਜਾਣਦੇ ਹਨ, ਭਾਰਤ ਦਾ ਕਰ ਢਾਂਚਾ ਪਿਛਾਂਹ ਖਿੱਚੂ ਹੈ, ਜਿਥੇ ਇਕੱਤਰ ਹੋਏ ਕਰਾਂ ਦਾ ਲਗਭਗ ਦੋ ਤਿਹਾਈ (ਕੇਂਦਰ ਤੇ ਰਾਜਾਂ ਵਲੋਂ ਇਕੱਤਰ ਕਰਾਂ ਨੂੰ ਮਿਲਾ ਕੇ) ਅਸਿੱਧੇ ਕਰਾਂ ਤੋਂ ਆਉਂਦਾ ਹੈ। ਕਿਉਂਕਿ ਜ਼ਿਆਦਾਤਰ ਸਿੱਧੇ ਕਰ ਕੇਂਦਰ ਸਰਕਾਰ ਵਲੋਂ ਉਗਰਾਹੇ ਜਾਂਦੇ ਹਨ, ਇਸ ਲਈ ਆਮ ਤੌਰ ਤੇ ਕੇਂਦਰ ਸਰਕਾਰ ਦਾ ਕਰ ਢਾਂਚਾ ਜ਼ਿਆਦਾ ਪ੍ਰਗਤੀਸ਼ੀਲ ਜਾਪਦਾ ਹੈ। ਪਰ, ਜਿਵੇਂ ਕਿ ਹੇਠਾਂ ਦਿੱਤੀ ਤਾਲਿਕਾ ਤੋਂ ਪਤਾ ਲਗਦਾ ਹੈ, ਕੇਂਦਰ ਸਰਕਾਰ ਵਲੋਂ ਇਕੱਤਰ ਕੀਤੇ ਗਏ ਕਰਾਂ ਦੇ ਮਾਮਲੇ ਵਿੱਚ ਵੀ, ਸਿੱਧੇ ਕਰ – ਕੁੱਲ ਘਰੇਲੂ ਉਤਪਾਦ ਦਾ ਅਨੁਪਾਤ ਤੇ ਅਸਿੱਧੇ ਕਰ – ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਿਚਲਾ ਪਾੜਾ ਪਿਛਲੇ ਕੁੱਝ ਸਾਲਾਂ ਤੋਂ ਘੱਟ ਹੋ ਰਿਹਾ ਹੈ। ਮਤਲਬ, ਸਿਰਫ ਕੇਂਦਰ ਸਰਕਾਰ ਦੀਆਂ ਕਰ ਪ੍ਰਾਪਤੀਆਂ ਦੇ ਮਾਮਲੇ ਵਿੱਚ ਵੀ ਪ੍ਰਗਤੀਸ਼ੀਲਤਾ ਹੇਠਾਂ ਵੱਲ ਨੂੰ ਜਾ ਰਹੀ ਹੈ। ਵਰਨਣਯੋਗ ਗੱਲ ਇਹ ਹੈ ਕਿ 2017-18 ਵਿੱਚ ਸਿੱਧੇ ਕਰਾਂ ਦੀ ਉਗਰਾਹੀ ਲਈ ਬਹੁਤ ਜ਼ਿਆਦਾ ਅਨੁਮਾਨ ਵੀ ਇਸ ਦ੍ਰਿਸ਼ ਨੂੰ ਜ਼ਿਆਦਾ ਨਹੀਂ ਬਦਲ ਸਕਣਗੇ। ਇਸ ਲਈ, ਜਦੋਂ ਅਨੁਮਾਨਿਤ ਸਿੱਧੇ ਕਰ – ਕੁੱਲ ਘਰੇਲੂ ਉਤਪਾਦ ਦਾ ਅਨੁਪਾਤ (ਕੇਂਦਰੀ ਕਰਾਂ ਵਿੱਚ) ਪਿਛਲੇ ਸਾਲਾਂ ਨਾਲੋਂ ਬਹੁਤ ਜ਼ਿਆਦਾ ਹੋਣ ਦਾ ਅਨੁਮਾਨ ਵੀ ਹੋਵੇ, ਪਰ ਇਸ ਨਾਲ ਕੇਂਦਰ ਸਰਕਾਰ ਦੇ ਕਰ ਢਾਂਚੇ ਦੀ ਪ੍ਰਗਤੀਸ਼ੀਲਤਾ ਵਿੱਚ ਜ਼ਿਆਦਾ ਸੁਧਾਰ ਹੋਣ ਦੀ

ਤਾਲਿਕਾ-2 : 2016-17 ਦੇ ਸੋਧੇ ਅਨੁਮਾਨਾਂ ਦੇ ਮੁਕਾਬਲੇ 2017-18 ਦੇ ਬਜਟ ਅਨੁਮਾਨਾਂ 'ਚ ਅਨੁਮਾਨਿਤ ਕਰ ਪ੍ਰਾਪਤੀ ਵਿੱਚ ਵਾਧਾ (ਕਰੋੜ ਰੁਪਏ ਵਿੱਚ)

| ਕਰ ਭਾਗ | ਵਾਧਾ |
|---|---|
| ਕੁੱਲ ਕਰ ਮਾਲੀਆ | 2,08,336.5 |
| ਕਾਰਪੋਰੇਸ਼ਨ ਕਰ | 44,821.2 |
| ਆਮਦਨ ਕਰ | 88,081.6 |
| ਸੀਮਾ ਸ਼ੁਲਕ | 28,000.0 |
| ਕੇਂਦਰੀ ਆਬਕਾਰੀ ਸ਼ੁਲਕ | 19,531.4 |
| ਸੇਵਾ ਕਰ | 27,500.0 |
| ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਕਰ | 402.3 |

*ਸਰੋਤ : 2017-18 ਦਾ ਕੇਂਦਰੀ ਬਜਟ*

ਤਾਲਿਕਾ-1 : 2017-18 ਦੇ ਬਜਟ ਵਿੱਚ, ਵਿਅਕਤੀਗਤ ਆਮਦਨ ਕਰ ਦੇ ਪ੍ਰਭਾਵ ਦੀ ਉਦਾਹਰਣ

| ਸਾਲਾਨਾ ਕਰ ਯੋਗ ਆਮਦਨ | ਮੌਜੂਦਾ ਕਰ | ਨਵਾਂ ਕਰ | ਲਾਭ/ਹਾਨੀ |
|---|---|---|---|
| 2.5 ਲੱਖ ਰੁਪਏ | – | – | – |
| 3.5 ਲੱਖ ਰੁਪਏ | 5,150 | 2,575* | (+) 2575 |
| 5 ਲੱਖ ਰੁਪਏ | 20,600 | 12,875* | (+) 7725 |
| 10 ਲੱਖ ਰੁਪਏ | 1,28,750 | 1,15,875 | (+) 12875 |
| 50 ਲੱਖ ਰੁਪਏ | 13,64,750 | 13,51,875 | (+) 12875 |
| 60 ਲੱਖ ਰੁਪਏ | 16,73,750 | 18,26,963 | (-) 1,53,213 |
| 75 ਲੱਖ ਰੁਪਏ | 21,37,250 | 23,36,812.5 | (-) 1,99,562.5 |

*ਨੋਟ : * ਇਸ ਵਿੱਚ ਉਪਰ ਵਰਨਣ ਕੀਤੇ ਅਨੁਸਾਰ ਸੈਕਸ਼ਨ 87 ਏ ਅਧੀਨ ਕੀਤੇ ਗਏ ਬਦਲਾਅ ਸ਼ਾਮਲ ਹਨ।*

| ਤਾਲਿਕਾ-3 : ਕੁੱਲ ਕੇਂਦਰੀ ਕਰ - ਕੁੱਲ ਘਰੇਲੂ ਉਤਪਾਦ ਦਾ ਅਨੁਪਾਤ (ਪ੍ਰਤਿਸ਼ਤ) | | | |
|---|---|---|---|
| ਸਾਲ | ਕੁੱਲ ਕਰ - ਜੀ ਡੀ ਪੀ ਅਨੁਪਾਤ | ਸਿੱਧੇ ਕਰ - ਜੀ ਡੀ ਪੀ ਅਨੁਪਾਤ | ਅਸਿੱਧੇ ਕਰ - ਜੀ ਡੀ ਪੀ ਅਨੁਪਾਤ |
| 2012-13 (ਏ) | 10.4 | 5.6 | 4.8 |
| 2013-14 (ਏ) | 10.1 | 5.7 | 4.4 |
| 2014-15 (ਏ) | 10.0 | 5.6 | 4.4 |
| 2015-16 (ਏ) | 10.6 | 5.4 | 5.2 |
| 2016-17 (ਬੀ ਈ) | 10.8 | 5.6 | 5.2 |
| 2016-17 (ਬੀ ਈ) | 11.3 | 5.6 | 5.7 |
| 2017-18 (ਬੀ ਈ) | 11.3 | 5.8 | 5.5 |

ਨੋਟ : i) ਏ ਦਾ ਮਤਲਬ ਹੈ ਅਸਲ; ਬੀ ਈ ਦਾ ਮਤਲਬ ਹੈ ਬਜਟ ਅਨੁਮਾਨ, ਆਰ ਈ ਦਾ ਮਤਲਬ ਹੈ ਸੋਧੇ ਹੋਏ ਅਨੁਮਾਨ;
ii) ਆਬਕਾਰੀ ਸ਼ੁਲਕ, ਤੋਹਫਾ ਕਰ ਆਦਿ ਸਿੱਧੇ ਕਰਾਂ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਕਿਉਂਕਿ ਇਹ ਸਿੱਧੇ ਕਰਾਂ ਦਾ ਬਹੁਤ ਨਿਗੂਣਾ ਜਿਹਾ ਭਾਗ ਹਨ;
iii ਕੇਂਦਰ ਸ਼ਾਸਿਤ ਪ੍ਰਦੇਸ਼ਾਂ ਉਤੇ ਲੱਗਣ ਵਾਲੇ ਕਰਾਂ ਨੂੰ ਗਣਨਾ ਸਮੇਂ ਨਹੀਂ ਵਿਚਾਰਿਆ ਗਿਆ।

*ਸਰੋਤ : ਵੱਖ-ਵੱਖ ਸਾਲਾਂ ਦੇ ਕੇਂਦਰੀ ਬਜਟ ਦਸਤਾਵੇਜ਼ਾਂ ਦਾ ਸੰਗ੍ਰਹਿ।*

| ਤਾਲਿਕਾ-4 : ਚੋਣਵੀਆਂ ਸਿੱਧੇ ਕਰ ਦੀਆਂ ਪ੍ਰਾਪਤੀਆਂ ਦੇ ਬਜਟ ਅਨੁਮਾਨਾਂ ਅਤੇ ਸੋਧੇ ਹੋਏ ਅਨੁਮਾਨਾਂ ਦੀ ਤੁਲਨਾ ਂਕਰੋੜ ਰੁਪਏ ਵਿੱਚ) | | |
|---|---|---|
| ਸਾਲ | ਕਾਰਪੋਰੇਸ਼ਨ ਕਰ | ਆਮਦਨ 'ਤੇ ਕਰ |
| 2013-14 (ਬੀ ਈ) | 4,19,520 | 2,40,919 |
| 2013-14 (ਬੀ ਈ) | 3,93,677 | 2,36,194 |
| **2014-15 (ਬੀ ਈ)** | **4,51,005** | **2,78,275** |
| **2014-15 (ਬੀ ਈ)** | **4,26,079** | **2,72,607** |
| 2015-2016 (ਬੀ ਈ) | 4,70,628 | 3,27,367 |
| 2015-2016 (ਬੀ ਈ) | 4,52,970 | 2,99,051 |
| **2016-2017 (ਬੀ ਈ)** | **4,93,923.5** | **3,53,173.7** |
| **2016-2017 (ਬੀ ਈ)** | **4,93,923.5** | **3,53,173.7** |
| 2017-2018 (ਬੀ ਈ) | 5,38,744.73 | 4,41,255.3 |

ਸਰੋਤ : ਵੱਖ-ਵੱਖ ਸਾਲਾਂ ਦੇ ਕੇਂਦਰੀ ਬਜਟ ਦਸਤਾਵੇਜ਼ਾਂ ਦਾ ਸੰਗ੍ਰਹਿ

| ਤਾਲਿਕਾ-5 : ਕੇਂਦਰ ਸਰਕਾਰ ਦੀਆਂ ਫੁਟਕਲ ਪੂੰਜੀਗਤ ਪ੍ਰਾਪਤੀਆਂ (ਕਰੋੜ ਰੁਪਏ) | | | | |
|---|---|---|---|---|
| | 2015-16 (ਏ) | 2016-17 (ਬੀ ਈ) | 2016-17 (ਆਰ ਈ) | 2017-18 (ਬੀ ਈ) |
| ਅਪਨਿਵੇਸ਼ ਪ੍ਰਾਪਤੀਆਂ | 42,131.7 | 36,000 | 40,000 | 46,500 |
| ਰਣਨੀਤਕ ਅਪਨਿਵੇਸ਼ | ... | 20,500 | 5,500 | 15,000 |
| ਦੂਜੇ (ਬੀਮਾ ਕੰਪਨੀਆਂ ਦਾ ਸੂਚੀਕਰਨ) | ... | ... | ... | 11,000 |
| ਕੁੱਲ | 42,131.7 | 56,500 | 45,500 | 72,500 |

*ਸਰੋਤ : ਵੱਖ-ਵੱਖ ਸਾਲਾਂ ਦੇ ਕੇਂਦਰੀ ਬਜਟ ਦਸਤਾਵੇਜ਼ਾਂ ਦਾ ਸੰਗ੍ਰਹਿ*

ਆਸ ਨਹੀਂ ਕੀਤੀ ਜਾ ਸਕਦੀ। ਦੂਜੇ ਪਾਸੇ, ਜੇ ਸਿੱਧੇ ਕਰਾਂ ਦੇ ਮਾਮਲੇ ਵਿੱਚ ਅਨੁਮਾਨਾਂ ਨੂੰ ਵੀ ਬੂਰ ਨਹੀਂ ਪੈਂਦਾ ਤਾਂ ਹਾਲਾਤ ਹੋਰ ਵੀ ਖਰਾਬ ਹੋ ਸਕਦੇ ਹਨ।

ਅਸਲ ਵਿੱਚ ਸਾਡੇ ਕੋਲ ਇਹ ਮੰਨਣ ਦੇ ਬਹੁਤ ਸਾਰੇ ਕਾਰਨ ਹਨ ਕਿ ਮਾਲੀਏ ਦੇ ਅਨੁਮਾਨ ਅਤਿਅੰਤ ਆਸ਼ਾਵਾਦੀ ਹੋ ਸਕਦੇ ਹਨ। ਜਿਵੇਂ ਕਿ ਪਿਛਲੇ ਅਨੁਭਵ ਦਰਸਾਉਂਦੇ ਹਨ, ਬਜਟ ਅਨੁਮਾਨਾਂ ਦੇ ਮੁਕਾਬਲੇ ਸੋਧੇ ਹੋਏ ਅਨੁਮਾਨਾਂ ਵਿੱਚ ਟੈਕਸ ਉਗਰਾਹੀ ਵਿੱਚ ਕਮੀ ਰਹਿ ਜਾਂਦੀ ਹੈ (ਤਾਲਿਕਾ-4)। ਪਰ, ਪਿਛਲੇ ਸਾਲਾਂ ਦੇ ਉਲਟ, 2016-17 ਦੇ ਸੋਧੇ ਅਨੁਮਾਨ ਬਜਟ ਅਨੁਮਾਨਾਂ ਦੇ ਬਰਾਬਰ ਹਨ। ਇਸ ਗੱਲ ਨੂੰ ਦੇਖਦਿਆਂ ਕਿ ਮੌਜੂਦਾ ਸਾਲ ਵਾਸਤੇ ਸਰਕਾਰ ਕੋਲ ਘੱਟ ਜਾਣਕਾਰੀ ਸੀ (ਕਿਉਂਕਿ ਕੇਂਦਰੀ ਬਜਟ ਇਕ ਮਹੀਨਾ ਪਹਿਲਾਂ ਪੇਸ਼ ਕੀਤਾ ਗਿਆ ਸੀ), ਇਸ ਵਾਸਤੇ ਇਹ ਸਪੱਸ਼ਟ ਨਹੀਂ ਕਿ ਬਜਟ ਅਨੁਮਾਨ ਅਤੇ ਸੋਧੇ ਅਨੁਮਾਨਾਂ ਦੇ ਅੰਕੜੇ ਇਕਦਮ ਬਰਾਬਰ ਕਿਵੇਂ ਹੋ ਸਕਦੇ ਹਨ। ਸਿੱਧੇ ਕਰਾਂ ਦੀ ਉਗਰਾਹੀ ਵਿੱਚ ਵੱਡਾ ਵਾਧਾ ਸ਼ਾਇਦ ਪੇਸ਼ਗੀ ਟੈਕਸ ਦੇਣ ਲਈ ਬੰਦ ਕੀਤੇ ਨੋਟਾਂ ਦੀ ਅਦਾਇਗੀ ਲਈ ਵਰਤੋਂ ਨਾਲ ਬਿਆਨ ਕੀਤਾ ਜਾ ਸਕਦਾ ਹੈ। ਪਰ, ਜੇ ਸਚਮੁੱਚ ਅਜਿਹਾ ਹੈ ਤਾਂ ਇਸ ਨੂੰ ਪੂਰੇ ਸਾਲ ਅੰਦਰ ਟੈਕਸ ਉਗਰਾਹੀ ਦੇ ਅਨੁਮਾਨ ਲਈ ਅਧਾਰ ਨਹੀਂ ਮੰਨਿਆ ਜਾ ਸਕਦਾ।

ਇਸੇ ਤਰ੍ਹਾਂ, 2017-18 ਦੇ ਸਾਲ ਲਈ ਮਾਲੀਆ ਅਨੁਮਾਨ ਬਹੁਤ ਆਸ਼ਾਵਾਦੀ ਜਾਪਦੇ ਹਨ, ਖ਼ਾਸ ਕਰਕੇ ਸਿੱਧੇ ਕਰਾਂ ਦੇ ਮਾਮਲੇ ਵਿੱਚ। ਉਦਾਹਰਣ ਦੇ ਲਈ, ਕੁੱਲ ਘਰੇਲੂ ਉਤਪਾਦ ਵਿਕਾਸ ਦਰ ਧੀਮੀ ਹੋਣ ਬਾਰੇ ਨੋਟਬੰਦੀ ਦਾ ਪ੍ਰਭਾਵ (ਮਤਲਬ ਕਰ ਉਗਰਾਹੀ) ਹਾਲੇ ਸਪੱਸ਼ਟ ਨਹੀਂ ਹੈ। ਇਹ ਵੇਖਦਿਆਂ ਕਿ ਇਹ ਪ੍ਰਭਾਵ ਹਾਲੇ ਵੇਖਣੇ ਬਾਕੀ ਹਨ, 2017-18 ਲਈ ਮਾਲੀਏ ਦੇ ਅਨੁਮਾਨ, ਖ਼ਾਸ ਕਰਕੇ ਵਿਅਕਤੀਗਤ ਆਮਦਨ ਕਰ ਦੇ ਮਾਮਲੇ ਵਿੱਚ, ਉੱਚੇ ਪੱਧਰ ਉਤੇ ਰਹਿਣ ਦੀ ਉਮੀਦ ਹੈ।

ਪਰ, ਅਸਿੱਧੇ ਕਰਾਂ ਦੀ ਉਗਰਾਹੀ ਬਾਰੇ ਅਨੁਮਾਨ ਘੱਟ ਆਸ਼ਾਵਾਦੀ ਹਨ, ਖ਼ਾਸ ਕਰਕੇ ਕੇਂਦਰੀ ਆਬਕਾਰੀ ਸ਼ੁਲਕ ਦੇ ਮਾਮਲੇ ਵਿੱਚ, ਕਿਉਂਕਿ ਇਸ ਸਰੋਤ ਤੋਂ ਅਨੁਮਾਨਤ ਉਗਰਾਹੀ ਕੁੱਲ ਘਰੇਲੂ ਉਤਪਾਦ ਵਿਕਾਸ ਦਰ ਨਾਲੋਂ ਘੱਟ ਰਹਿਣ ਦੀ ਆਸ ਹੈ। ਅਜਿਹਾ ਇਸ ਤੱਥ ਦੇ ਅਧਾਰ ਉਤੇ ਕਿਹਾ ਸਕਦਾ ਹੈ ਕਿ ਪਿਛਲੇ ਸਾਲਾਂ ਦੌਰਾਨ ਆਬਕਾਰੀ ਸ਼ੁਲਕ ਉਗਰਾਹੀ ਦਾ ਇਕ ਵੱਡਾ ਹਿੱਸਾ ਦੁਨੀਆਂ ਵਿੱਚ ਤੇਲ ਦੀਆਂ ਉੱਚੀਆਂ ਕੀਮਤਾਂ ਕਰਕੇ ਹਾਸਲ ਹੋਇਆ ਸੀ। ਨੋਟਬੰਦੀ

*ਬਾਕੀ ਸਫ਼ਾ 24 ਉੱਤੇ*

# ਨਵੇਂ ਅਵਤਾਰ ਵਿੱਚ ਰੇਲ ਬਜਟ

ਅਰੁਨੇਂਦਰ ਕੁਮਾਰ

ਇਸ ਸਾਲ 93 ਸਾਲ ਪੁਰਾਣੀ ਰੇਲਵੇ ਬਜਟ ਨੂੰ ਵੱਖਰੇ ਤੌਰ ਤੇ ਪੇਸ਼ ਕਰਨ ਦੀ ਪ੍ਰਥਾ ਨੂੰ ਖਤਮ ਕਰ ਦਿੱਤਾ ਗਿਆ। ਰੇਲਵੇ ਬਜਟ ਨੂੰ ਆਮ ਬਜਟ ਵਿੱਚ ਮਿਲਾ ਦਿੱਤਾ ਗਿਆ। ਅੱਗੇ ਵਧਣ ਤੋਂ ਪਹਿਲਾਂ ਰੇਲਵੇ ਬਜਟ ਦੇ ਆਮ ਬਜਟ ਤੋਂ ਨਿਖੇੜੇ ਅਤੇ ਰਲੇਵੇਂ ਦੇ ਸਮੀਕਰਣ ਨੂੰ ਸਮਝਣਾ ਜਾਇਜ਼ ਹੋਵੇਗਾ।

1920 ਵਿੱਚ, ਸਰ ਵਿਲੀਅਮ ਐਲਵਰਥ ਦੀ ਸਦਾਰਤ ਵਿੱਚ ਇਕ ਈਸਟ ਇੰਡੀਆ ਰੇਲਵੇ ਕਮੇਟੀ ਦਾ ਗਠਨ ਕੀਤਾ ਗਿਆ। ਐਲਵਰਥ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਧਾਰ ਉਤੇ, ਰੇਲਵੇ ਦੇ ਵਿੱਤ ਨੂੰ 1924 ਵਿੱਚ "ਨਿਖੇੜਾ ਸੰਮੇਲਨ" ਵਿੱਚ ਅਲੱਗ ਕਰ ਦਿੱਤਾ ਗਿਆ। ਅੱਖਰ-ਅੱਖਰ ਦਾ ਹਵਾਲਾ ਦੇਣ ਲਈ "ਇਸ ਦਾ ਪੁਨਰ ਗਠਨ ਅਜਿਹੇ ਰੂਪ ਵਿੱਚ ਕੀਤਾ ਗਿਆ ਜੋ ਇਕ ਵੱਡੇ ਵਪਾਰਕ ਕਾਰੋਬਾਰ ਨੂੰ ਅਜਿਹੀ ਪ੍ਰਣਾਲੀ ਦੀਆਂ ਰੁਕਾਵਟਾ ਤੋਂ ਮੁਕਤ ਕਰਦਾ ਸੀ ਜੋ ਮੰਨ ਕੇ ਚੱਲਦਾ ਸੀ ਕਿ ਤੌਖਲੇ ਹਰੇਕ 31 ਮਾਰਚ ਨੂੰ ਖਤਮ ਹੋ ਜਾਂਦੇ ਹਨ ਅਤੇ 1 ਅਪ੍ਰੈਲ ਨੂੰ ਆਪਣੇ ਆਪ ਸ਼ੁਰੂ ਹੋ ਜਾਂਦੇ ਹਨ। ਆਮ ਮਾਲੀਏ ਨੂੰ ਰੇਲਵੇ ਤੋਂ ਪੱਕਾ ਸਾਲਾਨਾ ਯੋਗਦਾਨ ਮਿਲਣਾ ਸੀ ਜੋ ਰੇਲਵੇ ਦੀਆਂ ਨਵੀਆਂ ਵਸੂਲੀਆਂ ਉਤੇ ਪਹਿਲਾ ਕਰ ਹੋਵੇਗਾ।" ਆਜ਼ਾਦੀ ਤੋਂ ਬਾਅਦ ਦੇ ਯੁਗ ਵਿੱਚ ਰੇਲਵੇ 75 ਪ੍ਰਤਿਸ਼ਤ ਜਨਤਕ ਆਵਾਜਾਈ ਅਤੇ 90 ਪ੍ਰਤਿਸ਼ਤ ਮਾਲ ਅਸਬਾਬ ਢੋਅ ਰਿਹਾ ਸੀ। ਇਸ ਕਰਕੇ ਇਕ ਵੱਖਰੇ ਬਜਟ ਨੂੰ ਜਾਰੀ ਰੱਖਣ ਦੀ ਲੋੜ ਵਾਜਬ ਜਾਪਦੀ ਸੀ। ਇਸ ਦੇ ਉਲਟ ਮੌਜੂਦਾ ਸਮੇਂ ਇਹ ਹਿੱਸੇਦਾਰੀ ਕ੍ਰਮਵਾਰ 15 ਪ੍ਰਤਿਸ਼ਤ ਅਤੇ 30 ਪ੍ਰਤਿਸ਼ਤ ਰਹਿ ਗਈ ਹੈ। ਵਰਤਮਾਨ ਸਰਕਾਰ ਨੇ ਇਸ ਬਦਲਾਅ ਨੂੰ ਪਛਾਣ ਲਿਆ ਅਤੇ ਇਸ ਮੁੱਦੇ ਉਤੇ ਮੁੜ ਤੋਂ ਵਿਚਾਰ ਕਰਨ ਦਾ ਸੋਚਿਆ ਸਮਝਿਆ ਫੈਸਲਾ ਲਿਆ ਗਿਆ। ਇਸ ਪਿੱਠਭੂਮੀ ਵਿੱਚ ਅਸੀ ਰੇਲਵੇ ਬਜਟ ਨੂੰ, ਬੁਨਿਆਦੀ ਢਾਂਚਾ ਵਰਗ ਵਿੱਚ, ਆਮ ਬਜਟ ਵਿੱਚ ਜਜ਼ਬ ਹੁੰਦਾ ਵੇਖ ਰਹੇ ਹਾਂ।

**ਬਜਟ ਵਿੱਚ ਯਕੀਨੀ ਬਣਾਇਆ ਗਿਆ ਹੈ ਕਿ ਭਾਰਤੀ ਰੇਲਵੇ ਦੀ ਵਿੱਤੀ ਖੁਦਮੁਖਤਿਆਰੀ ਨਾਲ ਕੋਈ ਛੇੜ-ਛਾੜ ਨਾ ਕੀਤੀ ਜਾਵੇ ਅਤੇ ਇਸ ਦੀ ਆਜ਼ਾਦੀ ਨੂੰ ਬਰਕਰਾਰ ਰੱਖਿਆ ਜਾਵੇ। ਆਵਾਜਾਈ ਦੇ ਏਕੀਕਰਨ ਵਿੱਚ ਤਾਲਮੇਲ ਦਾ ਅਸਰ ਬਜਟ ਵਿੱਚ ਸਪੱਸ਼ਟ ਤੌਰ ਤੇ ਨਜ਼ਰ ਆ ਰਿਹਾ ਹੈ। ਰੇਲਵੇ ਨੂੰ, ਸਾਜ਼-ਸਮਾਨ ਦੇਣ ਵਾਲੀਆਂ ਧਿਰਾਂ ਨਾਲ ਚੋਣਵੀਆਂ ਵਸਤਾਂ ਵਾਸਤੇ, ਸਿਰੇ ਤੋਂ ਸਿਰੇ ਤੱਕ ਏਕੀਕ੍ਰਿਤ ਆਵਾਜਾਈ ਹੱਲ ਅਮਲ ਵਿੱਚ ਲਿਆਉਣ ਦੀ ਲੋੜ ਪਵੇਗੀ ਜੋ ਸ਼ੁਰੂ ਅਤੇ ਅਖੀਰ ਦਾ ਸੰਪਰਕ ਪ੍ਰਦਾਨ ਕਰਨਗੇ। ਇਹ ਗਾਹਕ ਅਤੇ ਟ੍ਰਾਂਸਪੋਰਟਰ, ਦੋਵਾਂ ਲਈ ਫਾਇਦੇ ਵਾਲਾ ਸੌਦਾ ਹੋਵੇਗਾ। ਇਸ ਨਾਲ ਸਮਾਨ ਦੇ ਸ਼ੈਡਾਂ ਵਿੱਚ ਡੱਬਿਆਂ ਨੂੰ ਰੋਕ ਕੇ ਰੱਖਣ ਦਾ ਸਮਾਂ ਘਟੇਗਾ ਜਿਸ ਨਾਲ ਗਾਹਕ ਦੀ ਸੰਤੁਸ਼ਟੀ ਵਿੱਚ ਵਾਧਾ ਹੋਵੇਗਾ।**

ਵਰਤਮਾਨ ਬਜਟ ਰੇਲਵੇ ਨੂੰ 4 ਪ੍ਰਮੁੱਖ ਖੇਤਰਾਂ ਉਤੇ ਧਿਆਨ ਕੇਂਦਰਿਤ ਕਰਨ ਦਾ ਜਨਾਦੇਸ਼ ਦਿੰਦਾ ਹੈ:

1) ਯਾਤਰੀ ਸੁਰੱਖਿਆ,

(2) ਪੂੰਜੀਗਤ ਅਤੇ ਵਿਕਾਸ ਦੇ ਕੰਮ,

(3) ਸਾਫ ਸਫਾਈ, ਅਤੇ

(4) ਵਿੱਤ ਅਤੇ ਲੇਖਾ ਸੁਧਾਰ।

### ਯਾਤਰੀ ਸੁਰੱਖਿਆ

ਪਿਛਲੇ ਕੁੱਝ ਸਾਲਾਂ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਸੁਰੱਖਿਆ ਵਿੱਚ ਸੁਧਾਰ ਕਰਨ ਲਈ ਇਕ ਵੱਖਰੀ ਨਿਵੇਸ਼ ਖਿੜਕੀ ਦੀ ਲੋੜ ਹੈ। ਅਜਿਹਾ ਇਸ ਲਈ ਸੀ ਕਿ ਵਿੱਤੀ ਸਰੋਤਾਂ ਦਾ ਅੰਦਰੂਨੀ ਨਿਰਮਾਣ ਸੁਰੱਖਿਆ ਲਈ ਵਿੱਤੀ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ ਸੀ। ਅਜਿਹੀ ਪਿਛਲੀ ਕੋਸ਼ਿਸ਼ ਉਸ ਵੇਲੇ ਦੇ ਮਾਣਯੋਗ ਪ੍ਰਧਾਨ ਮੰਤਰੀ, ਸ਼੍ਰੀ ਅਟੱਲ ਬਿਹਾਰੀ ਵਾਜਪਈ ਦੀ ਅਗਵਾਈ ਹੇਠ ਕੀਤੀ ਗਈ ਸੀ, ਜਦੋਂ ਵਿਸ਼ੇਸ਼ ਰੇਲਵੇ ਸੁਰੱਖਿਆ ਫੰਡ 1.4.2001 ਨੂੰ ਬਣਾਇਆ ਗਿਆ ਸੀ। ਇਸ ਦਾ ਟੀਚਾ ਵੇਲਾ ਵਿਹਾਅ ਚੁੱਕੇ ਅਸਾਸਿਆਂ ਦੇ ਵੱਡੇ ਖੇਤਰ ਨੂੰ ਸਾਫ ਕਰਨਾ ਸੀ। ਖ਼ਾਸ ਕਰਕੇ ਸੁਰੱਖਿਆ ਸੰਬੰਧਿਤ ਖੇਤਰਾਂ ਵਿੱਚ, ਜਿਵੇਂ ਪਟੜੀਆਂ, ਪੁਲ, ਸਿਗਨਲ ਗੀਅਰ ਅਤੇ ਰੋਲਿੰਗ ਸਟਾਕ। ਇਹ ਨਾ ਖਤਮ ਹੋਣ ਵਾਲਾ ਅਤੇ ਬਿਨਾਂ ਵਿਆਜ ਵਾਲਾ 17,000 ਕਰੋੜ ਰੁਪਏ ਦਾ ਫੰਡ ਸੀ। ਪਛਾਣੇ ਗਏ ਕੰਮਾਂ ਨੂੰ 'ਗ੍ਰੀਨ ਬੁੱਕ' ਨਾਮ ਦੀ ਕਿਤਾਬ ਵਿੱਚ ਸੂਚੀਬੱਧ ਕੀਤਾ ਗਿਆ। ਮੌਜੂਦਾ ਬਜਟ ਵਿੱਚ ਸੁਰੱਖਿਆ ਤੌਖਲਿਆਂ ਨੂੰ ਮੁੜ ਤੋਂ ਹੱਲ ਕਰਨ ਦੀ ਫੌਰੀ ਲੋੜ ਨੂੰ ਪਛਾਣਿਆ ਗਿਆ ਅਤੇ ਰਾਸ਼ਟਰੀ ਰੇਲ ਸੰਰਕਸ਼ਕ ਕੋਸ਼ (ਆਰ ਆਰ ਐੱਸ ਕੇ) ਦੀ ਸਥਾਪਨਾ ਦਾ ਐਲਾਨ ਕੀਤਾ ਗਿਆ ਜਿਸ ਦੀ ਪੰਜ ਸਾਲਾਂ ਲਈ ਰਾਸ਼ੀ ਇਕ ਲੱਖ ਕਰੋੜ ਰੁਪਏ ਰਾਖਵੀ ਕੀਤੀ ਗਈ। ਸਰਕਾਰ ਵਲੋਂ ਮੁਢਲੀ ਪੂੰਜੀ ਮੁਹੱਈਆ ਕਰਵਾਈ ਜਾਵੇਗੀ ਅਤੇ ਬਾਕੀ ਦੀ ਰਕਮ ਰੇਲਵੇ ਵਲੋਂ ਆਪਣੀ ਆਮਦਨ ਅਤੇ ਦੂਜੇ ਸਰੋਤਾਂ ਤੋਂ ਜੁਟਾਈ ਜਾਵੇਗੀ। ਸਰਕਾਰ ਵਲੋਂ ਵੱਖ-ਵੱਖ ਸੁਰੱਖਿਆ ਕਾਰਜਾਂ ਉਤੇ ਅਮਲ ਲਈ ਸਪੱਸ਼ਟ ਦਿਸ਼ਾ ਨਿਰਦੇਸ਼ ਅਤੇ ਸਮਾਂ ਸੀਮਾ ਨਿਰਧਾਰਤ ਕੀਤੀ ਜਾਵੇਗੀ ਜਿਸ ਲਈ ਧਨ

ਕੋਸ਼ ਵਿੱਚੋਂ ਉਪਲਬਧ ਕਰਵਾਇਆ ਜਾਵੇਗਾ। ਸੁਰੱਖਿਆ ਤਿਆਰੀ ਅਤੇ ਰੱਖ-ਰਖਾਅ ਪ੍ਰਥਾਵਾਂ ਲਈ ਅੰਤਰਰਾਸ਼ਟਰੀ ਮਾਹਰਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ। ਇਹ ਇਕ ਦਲੇਰੀ ਭਰਿਆ ਕਦਮ ਹੈ ਅਤੇ ਇਕ ਅਜਿਹਾ ਵਿਚਾਰ ਜਿਸ ਦਾ ਸਮਾਂ ਆ ਗਿਆ ਹੈ। ਇਸ ਦਾ ਮਤਲਬ ਹੈ ਕਿ ਆਈ ਸੀ ਐੱਫ ਡਿਜ਼ਾਈਨ ਦੇ ਡੱਬਿਆਂ ਨੂੰ ਪੂਰੀ ਤੌਰ ਤੇ ਐੱਲ ਐੱਚ ਬੀ ਡਿਜ਼ਾਈਨ ਵਾਲੇ ਡੱਬਿਆਂ ਨਾਲ ਮੁੰਕਮਲ ਤੌਰ ਤੇ ਦਬਲ ਦਿੱਤਾ ਜਾਵੇਗਾ, ਰੇਲ ਪਟੜੀਆਂ ਵਿੱਚ ਆਈਆਂ ਦਰਾਰਾਂ ਦਾ ਪਹਿਲੋਂ ਪਤਾ ਲਾਉਣ ਲਈ ਸਵੈ-ਚਾਲਿਤ ਤਕਨਾਲੋਜੀ ਸ਼ੁਰੂ ਕੀਤੀ ਜਾਵੇਗੀ, ਵੇਲਾ ਵਿਆਹ ਚੁੱਕੇ ਪੁਲਾਂ ਨੂੰ ਬਦਲ ਦਿੱਤਾ ਜਾਵੇਗਾ, ਸੁਰੱਖਿਅਤ ਸਿਗਨਲ ਪ੍ਰਣਾਲੀ ਲਿਆਂਦੀ ਜਾਵੇਗੀ ਅਤੇ ਪੁਰਾਣੀ ਹੋ ਚੁੱਕੀ ਰੂਟ ਰਿਲੇਅ ਇੰਟਰਲਾਕਿੰਗ ਪ੍ਰਣਾਲੀ ਨੂੰ ਬਦਲਿਆ ਜਾਵੇਗਾ। ਪਿਛਲੇ ਕੁੱਝ ਸਾਲਾਂ ਵਿੱਚ ਮਾਨਵ ਰਹਿਤ ਰੇਲਵੇ ਫਾਟਕਾਂ ਉਤੇ ਦੁਰਘਟਨਾਵਾਂ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਬਜਟ ਵਿੱਚ 2020 ਤੱਕ ਮਾਨਵ ਰਹਿਤ ਰੇਲਵੇ ਫਾਟਕ ਮੁਕੰਮਲ ਤੌਰ ਤੇ ਖਤਮ ਕਰਨ ਦੀ ਰੂਪਰੇਖਾ ਤਿਆਰ ਕੀਤੀ ਗਈ ਹੈ। ਇਸ ਨਾਲ ਮਾਨਮ ਰਹਿਤ ਫਾਟਕਾਂ ਦੇ ਉਪਰ ਅਤੇ ਹੇਠਾਂ ਸੜਕਾਂ ਵਿੱਚ ਵੀ ਵੱਡਾ ਵਾਧਾ ਵੇਖਣ ਨੂੰ ਮਿਲੇਗਾ। ਸੁਰੱਖਿਆ ਪਹਿਲਕਦਮੀਆਂ ਲਈ ਵੀ ਕਦਮ ਚੁੱਕੇ ਜਾਣਗੇ ਤਾਂ ਕਿ ਡੱਬਿਆਂ ਦੇ ਅੰਦਰ ਵਰਤੀ ਜਾਣ ਵਾਲੀ ਸਮੱਗਰੀ ਜਿਵੇਂ ਫੋਮ ਆਦਿ ਵਿੱਚ ਅਗਨੀ ਰੋਧਕ ਸਮਰੱਥਾ ਵਿੱਚ ਸੁਧਾਰ ਕੀਤਾ ਜਾ ਸਕੇ।

ਰਾਸ਼ਟਰੀ ਰੇਲ ਸੰਰਕਸ਼ਾ ਕੋਸ਼ (ਆਰ ਆਰ ਐੱਸ ਕੇ) ਦਾ ਵਿੱਤੀਕਰਨ ਮਾਲੀਏ ਅਤੇ ਪੂੰਜੀਗਤ ਖਰਚ, ਦੋਵਾਂ ਤੋਂ ਕੀਤਾ ਗਿਆ ਹੈ। ਮਾਲੀਏ ਤੋਂ 1000 ਕਰੋੜ ਰੁਪਏ ਦਿੱਤੇ ਗਏ ਹਨ ਜਦ ਕਿ 19,000 ਕਰੋੜ ਰੁਪਏ ਪੂੰਜੀ ਤਹਿਤ ਰਾਖਵੇਂ ਕੀਤੇ ਗਏ ਹਨ। ਇਸ ਕੋਸ਼ ਲਈ ਯੋਜਨਾਵਾਂ ਨੂੰ ਵਿਸ਼ੇਸ਼ ਤੌਰ ਤੇ ਸੂਚੀਬੱਧ ਕੀਤਾ ਜਾਵੇਗਾ।

## ਪੂੰਜੀਗਤ ਅਤੇ ਵਿਕਾਸ ਦੇ ਕੰਮ

ਵਰਤਮਾਨ ਬਜਟ ਵਿੱਚ ਯੋਜਨਾਕ੍ਰਿਤ ਰੂਪਰੇਖਾ ਵਿੱਚ ਵੱਡਾ ਵਾਧਾ ਕੀਤਾ ਗਿਆ ਹੈ ਜਿਸ ਨੂੰ 121,000 ਕਰੋੜ ਰੁਪਏ ਤੋਂ ਵਧਾਅ ਕੇ 131,000 ਕਰੋੜ ਕੀਤਾ ਗਿਆ ਹੈ। ਇਸੇ ਹੀ ਸਮੇਂ, ਕੁੱਲ ਬਜਟ ਸਹਾਇਤਾ 46,355 ਕਰੋੜ ਰੁਪਏ ਤੋਂ ਵਧਾ ਕੇ 55,000 ਕਰੋੜ ਕਰ ਦਿੱਤੀ ਗਈ ਹੈ। ਵਾਧੂ ਬਜਟ ਸਰੋਤ ਜੁਟਾਉਣ ਉਤੇ ਵੀ ਤਕੜਾ ਬਲ ਦਿੱਤਾ ਗਿਆ ਹੈ। ਪਰ ਅੰਦਰੂਨੀ ਸਰੋਤ ਦੇ ਨਿਰਮਾਣ ਨੂੰ 14,000 ਕਰੋੜ ਰੁਪਏ ਦੇ ਯਥਾਰਥਕ ਪੱਧਰ ਉਤੇ ਰੱਖਿਆ ਗਿਆ ਹੈ ਜੋ ਪਿਛਲੇ ਸਾਲ ਦੇ 14,175 ਕਰੋੜ ਦੇ ਅੰਕੜੇ ਨਾਲੋਂ ਰਤਾ ਘੱਟ ਹੈ (ਆਰ ਈ)। ਜੀ ਬੀ ਐੱਸ, ਈ ਬੀ ਆਰ ਅਤੇ ਅੰਦਰੂਨੀ ਸਰੋਤ ਨਿਰਮਾਣ ਦੇ ਨਾਲ ਯੋਜਨਾਕ੍ਰਿਤ ਰੂਪ ਰੇਖਾ ਦੇ ਵੇਰਵੇ ਹੇਠਾਂ ਤਾਲਿਕਾ-1 ਵਿੱਚ ਦਿੱਤੇ ਜਾ ਰਹੇ ਹਨ।

**ਇਹ ਵੇਖਿਆ ਜਾ ਸਕਦਾ ਹੈ ਕਿ ਯੋਜਨਾਕ੍ਰਿਤ ਰੂਪਰੇਖਾ 2014-15 ਦੇ 65,798 ਕਰੋੜ ਰੁਪਏ ਤੋਂ 2017-18 ਵਿੱਚ ਦੁੱਗਣੀ, 131,000 ਕਰੋੜ ਰੁਪਏ ਹੋ ਗਈ। ਇਹ ਮੌਜੂਦਾ ਸਰਕਾਰ ਦੀ ਦੇਸ਼ ਦੀ ਜੀਵਨ ਰੇਖਾ - ਭਾਰਤੀ ਰੇਲਵੇ ਵਿੱਚ ਵੱਡਾ ਨਿਵੇਸ਼ ਕਰਨ ਦੀ ਮਜਬੂਤ ਵਚਨਬਧਤਾ ਨੂੰ ਦਰਸਾਉਂਦੀ ਹੈ। ਭਾਰਤੀ ਰੇਲਵੇ ਦੇ ਬਜਟ ਦੇ ਰਲੇਵੇਂ ਨੇ ਇਸ ਦੀ ਲਾਭਾਂਸ਼ ਦੇਣਦਾਰੀ ਨੂੰ ਵੀ ਖਤਮ ਕਰ ਦਿੱਤਾ ਹੈ ਜਿਸ ਨਾਲ ਲਗਭਗ 10,000 ਕਰੋੜ ਰੁਪਏ ਹੋਰ ਉਪਲਬਧ ਹੋ ਗਏ ਹਨ। ਇਹ ਸਾਲ ਦਰ ਸਾਲ ਹੋਣ ਵਾਲਾ ਫਾਇਦਾ ਹੋਵੇਗਾ।**

ਕੰਮਾਂ ਦੀ ਸੂਚੀ ਬਹੁਤ ਵਧੀਆ ਹੈ ਅਤੇ ਇਸ ਦੇ ਦਾਇਰੇ ਹੇਠ ਰੇਲਵੇ ਦੇ ਵਿਕਾਸ ਦੇ ਅਹਿਮ ਖੇਤਰ ਆਉਂਦੇ ਹਨ। ਬਜਟ ਵਿੱਚ 2017-18 ਦੌਰਾਨ 3500 ਕਿਲੋਮਟਰ ਰੇਲ ਪਟੜੀ ਵਿਛਾਉਣ ਦਾ ਟੀਚਾ ਰੱਖਿਆ ਗਿਆ ਹੈ ਜੋ 2016-17 ਵਿੱਚ 2800 ਕਿਲੋਮੀਟਰ ਸੀ। ਬਿਜਲੀਕਰਨ ਤੇ ਪ੍ਰਮੁੱਖ ਜ਼ੋਰ ਦਿੱਤਾ ਗਿਆ ਹੈ। 2017-18 ਲਈ ਇਹ ਟੀਚਾ 4000 ਰੂਟ ਕਿਲੋਮਟਰ ਰੱਖਿਆ ਗਿਆ ਹੈ ਜੋ 2016-17 ਦੇ ਆਰ ਈ ਵਿੱਚ 2000 ਕਿਲੋਮੀਟਰ ਸੀ। ਰਣਨੀਤੀ ਅਗਲੇ 3 ਸਾਲਾਂ ਵਿੱਚ 'ਥਰੂਪੁਟ' ਦਾ 10 ਪ੍ਰਤਿਸ਼ਤ ਵਾਧਾ ਕਰਨ ਦੀ ਹੈ। ਸਰਲ ਅਰਥਾਂ ਵਿੱਚ 'ਥਰੂਪੁਟ' ਦਾ ਮਤਲਬ ਹੈ ਟਨ ਕਿਲੋਮਟਰ ਅਤੇ ਯਾਤਰੀ ਕਿਲੋਮੀਟਰ ਦਾ ਜੋੜ। ਇਕ ਹੋਰ ਖੇਤਰ ਜੋ ਬਦਲਾਅਕਾਰੀ ਸਾਬਤ ਹੋਵੇਗਾ, ਉਹ ਹੈ 'ਸਟੇਸ਼ਨਾਂ ਨੂੰ ਮੁੜ ਵਿਕਸਤ' ਕਰਨਾ। ਭੋਪਾਲ ਨੇੜੇ ਹਬੀਬਗੰਜ ਅਤੇ ਗਾਂਧੀਨਗਰ ਵਿਖੇ ਇਸ ਦੀ ਸ਼ੁਰੂਆਤ ਪਹਿਲਾਂ ਦੀ ਹੀ ਕੀਤੀ ਜਾ ਚੁੱਕੀ ਹੈ। 2017-18 ਦੌਰਾਨ ਸਟੇਸ਼ਨਾਂ ਦੇ ਪੁਨਰ ਵਿਕਾਸ ਲਈ 25 ਸਟੇਸ਼ਨਾਂ ਲਈ ਠੇਕੇ ਦਿੱਤੇ ਜਾਣ ਦੀ ਉਮੀਦ ਹੈ। 500 ਸਟੇਸ਼ਨਾਂ ਉਤੇ ਲਿਫਟ ਅਤੇ ਸਵੈ-ਚਾਲਿਤ ਪੌੜੀਆਂ ਮੁਹੱਈਆ ਕਰਵਾ ਕੇ ਇਨ੍ਹਾਂ ਨੂੰ ਅੰਗਹੀਣਾਂ ਦੀ ਲੋੜ ਮੁਤਾਬਕ ਕੀਤਾ ਜਾਵੇਗਾ। ਦਰਮਿਆਨੀ ਮਿਆਦ ਵਿੱਚ ਲਗਭਗ 7000 ਸਟੇਸ਼ਨਾਂ ਨੂੰ ਸੂਰਜੀ ਊਰਜਾ ਤੋਂ ਬਣੀ ਬਿਜਲੀ ਦਿੱਤੀ ਜਾਵੇਗੀ। 300

ਤਾਲਿਕਾ-1

| | | | ਰੁਪਏ (ਕਰੋੜਾਂ ਵਿੱਚ) | |
|---|---|---|---|---|
| ਸਾਲ | ਯੋਜਨਾਕ੍ਰਿਤ ਰੂਪਰੇਖਾ | ਜੀ ਬੀ ਐੱਸ | ਵਾਧੂ ਬਜਟ ਸਰੋਤ | ਅੰਦਰੂਨੀ ਸਰੋਤ ਨਿਰਮਾਣ |
| 2011-12 | 45,061 | 21,073 | 14,790 | 9,198 |
| 2012-13 | 50,383 | 25,234 | 15,142 | 10,007 |
| 2013-14 | 53,984 | 28,174 | 15,225 | 10,590 |
| 2014-15 | 65,798 | 31,596 | 17,788 | 16,414 |
| 2015-16 | 93,520 | 35,007 | 39,006* | 19,446 |
| 2016-17 | 121,000 | 46,355 | 59,930 | 14,715 |
| 2017-18 | 131,000 | 55,000 | 62,000 | 14,000 |

* ਇਸ ਵਿੱਚ 17.136 ਕਰੋੜ ਰੁਪਏ ਦਾ ਸੰਸਥਾਗਤ ਵਿੱਤ ਵੀ ਸ਼ਾਮਲ ਹੈ। ਵਿੱਤ ਪੈਦਾ ਕਰਨ ਦਾ ਇਹ ਨਵਾਂ ਤਰੀਕਾ ਪਹਿਲੀ ਵਾਰ ਅਜਮਾਇਆ ਗਿਆ ਸੀ। ਇਸ ਤੋਂ ਬਾਅਦ ਇਹ ਨਿਯਮਤ ਤੌਰ ਤੇ ਵਰਤਿਆ ਜਾਣ ਲੱਗਾ, ਜਿਵੇਂ ਕਿ ਅਗਲੇ ਦੋ ਸਾਲਾਂ ਦੇ ਅੰਕੜਿਆਂ ਤੋਂ ਵੇਖਿਆ ਜਾ ਸਕਦਾ ਹੈ।

| ਤਾਲਿਕਾ-2: ਆਮਦਨ ਅਤੇ ਖਰਚੇ ਦੀ ਪੜਚੋਲ | | | | | |
|---|---|---|---|---|---|
| ਕ੍ਰ. ਸੰ. | ਮੱਦਾਂ | ਅਸਲ 2015-16 | ਬਜਟ 2016-17 | ਸੋਧੇ ਹੋਏ 2016-17 | ਬਜਟ 2017-18 |
| | **ਆਮਦਨ** | | | | |
| 1 | ਕੁੱਲ ਆਵਾਜਾਈ ਆਮਦਨ (1ਏ ਤੋਂ 1ਈ) | 164,334 | 184,820 | 172,155 | 188,998 |
| ਏ | ਯਾਤਰੀਆਂ ਤੋਂ ਆਮਦਨ | 44,283 | 51,012 | 48,000 | 50,125 |
| ਬੀ | ਮਾਲ ਤੋਂ ਆਮਦਨ | 109,208 | 117,933 | 108,900 | 118,157 |
| ਸੀ | ਦੂਜੇ ਡੱਬਿਆਂ ਤੋਂ ਆਮਦਨ | 4,371 | 6,185 | 5,000 | 6,494 |
| ਡੀ | ਦੂਜੀ ਫੁਟਕਲ ਆਮਦਨ | 5,929 | 9,590 | 10,100 | 14,123 |
| ਈ | ਟਰੈਫਿਕ ਸਸਪੈਂਸ | 543 | 100 | 155 | 100 |
| 2 | ਫੁਟਕਲ ਆਮਦਨ | 4,046 | 4,451 | 150 | 500 |
| 3 | ਕੁੱਲ ਆਮਦਨ ਪ੍ਰਾਪਤੀ (1+2) | 168,380 | 189,271 | 172,305 | 189,498 |
| 4 | ਆਮ ਮਾਲੀਏ ਤੋਂ ਪੂੰਜੀਗਤ ਸਹਾਇਤਾ | 37,608 | 45,000 | 46,355 | 55,000 |
| 5 | ਕੁੱਲ ਰੇਲਵੇ ਆਮਦਨ+ਬਜਟ ਸਹਾਇਤਾ (3+4) | 205,988 | 234,271 | 218,660 | 244,498 |
| 6 | ਵਾਧੂ ਬਜਟ ਸਰੋਤ (ਈ ਬੀ ਆਰ) | 39,066 | 59,325 | 59,930 | 62,000 |
| 7 | ਕੁੱਲ ਆਮਦਨ, ਜਿਸ ਵਿੱਚ ਈ ਬੀ ਆਰ ਸ਼ਾਮਲ ਹੈ(5+6) | 245,054 | 293,596 | 278,590 | 306,498 |
| | **ਖਰਚਾ** | | | | |
| 8 | ਕੁੱਲ ਕਿਰਿਆਸ਼ੀਲ ਖਰਚੇ (8ਏ ਤੋਂ 8ਸੀ) | 147,836 | 169,260 | 162,960 | 178,350 |
| ਏ | ਆਮ ਕਿਰਿਆਸ਼ੀਲ ਖਰਚ | 107,736 | 123,560 | 122,760 | 129,750 |
| ਬੀ | ਪੈਨਸ਼ਨ ਫੰਡ ਵਿੱਚ ਜਮ੍ਹਾਂ | 34,500 | 42,500 | 35,000 | 43,600 |
| ਸੀ | ਘਸਾਈ ਰਿਜ਼ਰਵ ਫੰਡ ਵਿੱਚ ਜਮ੍ਹਾਂ | 5,600 | 3,200 | 5,200 | 5,000 |
| 9 | ਫੁਟਕਲ ਖਰਚੇ | 1,315 | 1,800 | 1,650 | 2,200 |
| 10 | ਰੇਲਵੇ ਦੀ ਕੁੱਲ ਆਮਦਨ ਤੋਂ ਖਰਚੇ (8+9) | 149,151 | 171,060 | 164,610 | 180,550 |
| 11 | ਈ ਬੀ ਆਰ ਅਤੇ ਬਜਟ ਸਹਾਇਤਾ ਤੋਂ ਖਰਚ (4+6) | 76,671 | 104,325 | 106,285 | 117,000 |
| 12 | ਈ ਬੀ ਆਰ ਸਮੇਤ ਕੁੱਲ ਖਰਚ (10+11) | 225,826 | 275,385 | 270,895 | 297,550 |
| 13 | ਸ਼ੁੱਧ ਆਮਦਨ (3-10) | 19,228 | 18,211 | 7,695 | 8,948 |
| 14 | ਦੇਣਯੋਗ ਲਾਭਾਂਸ਼ | 8,723 | 9,731 | ... | ... |
| 15 | ਵਾਧੂ/ਘਾਟਾ (13-14) | 10,506 | 8,479 | 7,695 | 8,948 |
| 16 | ਵਿਕਾਸ ਫੰਡ ਵਿੱਚ ਜਮ੍ਹਾਂ | 1,220 | 2,515 | 2,515 | 2,000 |
| 17 | ਪੂੰਜੀਗਤ ਫੰਡ ਵਿੱਚ ਜਮ੍ਹਾਂ | 5,798 | 5,750 | 5,180 | 5,948 |
| 18 | ਕਰਜ਼ਾ ਸੇਵਾ ਫੰਡ ਵਿੱਚ ਜਮ੍ਹਾਂ | 3,488 | 214 | ... | ... |
| 19 | ਰਾਸ਼ਟਰੀ ਰੇਲ ਸੰਰਕਸ਼ਾ ਕੋਸ਼ (ਆਰ ਆਰ ਐੱਸ ਕੇ) ਵਿੱਚ ਜਮ੍ਹਾਂ | ... | ... | ... | 1000 |
| 20 | ਸੰਚਾਲਨ ਅਨੁਪਾਤ | 90.5% | 92.0% | 94.9% | 94.6% |

ਨੋਟ : ਉਪਰੋਕਤ ਅੰਕੜਿਆਂ ਵਿੱਚ ਦਸ਼ਮਲਵ ਨੂੰ ਅਗਲੇ ਅੰਕ ਵਿੱਚ ਬਦਲ ਦਿੱਤਾ ਗਿਆ ਹੈ.

ਸਟੇਸ਼ਨਾਂ ਵਿੱਚ ਇਸ ਦੀ ਸ਼ੁਰੂਆਤ ਪਹਿਲਾਂ ਹੀ ਹੋ ਚੁੱਕੀ ਹੈ। 1000 ਮੈਗਾਵਾਟ ਸੂਰਜੀ ਊਰਜਾ ਮਿਸ਼ਨ ਤਹਿਤ 2000 ਸਟੇਸ਼ਨਾਂ ਉਤੇ ਇਹ ਕੰਮ ਅਰੰਭ ਕੀਤਾ ਜਾਵੇਗਾ। ਸੈਰ-ਸਪਾਟੇ ਅਤੇ ਤੀਰਥ ਯਾਤਰਾ ਲਈ ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਵਾਸਤੇ ਕਦਮ ਚੁੱਕੇ ਜਾਣਗੇ। ਉਪਰੋਕਤ ਸਾਰੇ ਖੇਤਰਾਂ ਵਿੱਚ ਜ਼ਮੀਨੀ ਪੱਧਰ ਉਤੇ ਕੰਮ ਅਰੰਭ ਹੋਣ ਦਾ ਸਬੂਤ ਹੈ ਕਿਉਂਕਿ ਯੋਜਨਾਵਾਂ ਸ਼ੁਰੂ ਹੋ ਚੁੱਕੀਆਂ ਹਨ। ਰਾਜ ਸਰਕਾਰਾਂ ਨਾਲ ਸਾਂਝੇ ਉੱਦਮਾਂ ਉਤੇ ਦਸਤਖਤ ਕਰਨ ਲਈ ਨਵੀਂ ਰਣਨੀਤੀ ਬਣਾਈ ਗਈ ਹੈ। ਇਸ ਨਾਲ ਨਵੇਂ ਤਰੀਕੇ ਦਾ ਵਿੱਤੀਕਰਨ ਅਤੇ ਰਾਜਾਂ ਦੀ ਸਹਾਇਤਾ ਨਾਲ ਤੇਜ਼ੀ ਨਾਲ ਪ੍ਰਾਜੈਕਟ ਪੂਰੇ ਕਰਨ ਵਿੱਚ ਮਦਦ ਮਿਲੇਗੀ। ਰੇਲਵੇ 9 ਰਾਜ ਸਰਕਾਰਾਂ ਨਾਲ ਸਾਂਝੇ ਉੱਦਮ ਸਥਾਪਤ ਕਰੇਗਾ। ਉਸਾਰੀ ਅਤੇ ਵਿਕਾਸ ਲਈ 70 ਪ੍ਰਾਜੈਕਟਾਂ ਦੀ ਪਛਾਣ ਕਰ ਲਈ ਗਈ ਹੈ।

## ਸਾਫ-ਸਫਾਈ

ਭਾਰਤੀ ਰੇਲਵੇ ਵਿੱਚ ਸਵੱਛ ਭਾਰਤ ਅਭਿਆਨ ਤਹਿਤ ਸਾਫ-ਸਫਾਈ ਵਿਸ਼ੇਸ਼ ਧਿਆਨ ਦਾ ਖੇਤਰ ਬਣਿਆ ਹੋਇਆ ਹੈ। ਭਾਰਤੀ ਰੇਲਵੇ ਲਈ ਇਸ ਦਾ ਮਤਲਬ ਹੈ ਸਵੱਛ ਰੇਲ ਲਈ ਮੁੜ ਤੋਂ ਧਿਆਨ ਕੇਂਦਰਿਤ ਕਰਨਾ। ਸਵੱਛਤਾ ਸੰਬੰਧੀ ਯਤਨ ਹੁਣ ਰੇਲਵੇ ਪਲੈਟਫਾਰਮਾਂ ਅਤੇ ਸਫਰ ਦੌਰਾਨ ਰੇਲਾਂ ਵਿੱਚ ਨਜ਼ਰ ਆ ਰਹੇ ਹਨ। ਐਸ ਐੱਮ ਐੱਸ ਅਧਾਰਤ ਕਲੀਨ ਮਾਈ ਕੋਚ ਸੇਵਾ ਪ੍ਰਸਿੱਧ ਹੁੰਦੀ ਜਾ ਰਹੀ ਹੈ। ਬਜਟ ਵਿੱਚ ਹੁਣ 'ਕੋਚ ਮਿੱਤਰ ਸੁਵਿਧਾ' ਸ਼ੁਰੂ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ ਜੋ ਡੱਬਿਆਂ ਨਾਲ ਸੰਬੰਧਿਤ ਸਾਰੀਆਂ ਲੋੜਾਂ ਦਰਜ ਕਰਵਾਉਣ ਲਈ ਇਕਹਿਰੀ ਖਿੜਕੀ ਹੋਵੇਗੀ। ਰੇਲਵੇ ਸਟੇਸ਼ਨਾਂ ਉਤੇ ਰੇਲਾਂ ਵਿੱਚੋਂ ਮਲ-ਮੂਤਰ ਬਾਹਰ ਸੁੱਟਣਾ ਆਮ ਗੱਲ ਹੈ ਇਹ ਨਾ ਕੇਵਲ ਬਹੁਤ ਭੱਦਾ ਦ੍ਰਿਸ਼ ਪੇਸ਼ ਕਰਦਾ ਹੈ ਸਗੋਂ ਰੇਲ ਪਟੜੀਆਂ ਨੂੰ ਵੀ ਖੋਰਾ ਲਾਉਂਦਾ ਹੈ। ਬਜਟ ਵਿੱਚ 2019 ਤੱਕ ਸਾਰੇ ਡੱਬਿਆਂ ਨਾਲ ਬਾਇਓ ਟਾਇਲਟ ਫਿੱਟ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਮੁਕੰਮਲ ਹੋਣ ਉਤੇ ਇਹ ਵਧੀਆ ਤਜ਼ਰਬਾ ਰੇਲ ਪਟੜਆਂ ਦਾ ਦ੍ਰਿਸ਼ ਬਦਲ ਦੇਵੇਗਾ। ਅਜਿਹੇ ਕਦਮਾਂ ਨੂੰ ਅੱਗੋਂ ਜਾਰੀ ਰੱਖਣ ਲਈ ਬਜਟ ਵਿੱਚ ਰੂਪ-ਰੇਖਾ ਬਣਾਈ ਗਈ ਹੈ ਕਿ ਮਲ-ਮੂਤਰ ਦੇ ਵਾਤਾਵਰਨ ਪੱਖੀ ਨਿਕਾਸ

| ਤਾਲਿਕਾ-3 : | ਰੁਪਏ ਕਰੋੜਾਂ ਵਿੱਚ | | | |
|---|---|---|---|---|
| ਮੱਦਾਂ | ਅਸਲ 2015-16 | ਬਜਟ 2016-17 | ਸੋਧੇ ਹੋਏ 2016-17 | ਬਜਟ 2017-18 |
| ਪੂੰਜੀਗਤ ਖਰਚਾ (ਬਜਟ ਸਰੋਤ<br>ਨਵੀਆਂ ਪਟੜੀਆਂ (ਉਸਾਰੀ) | 13,248 | 11,963 | 13,660 | 11,533 |
| ਗੇਜ਼ ਦਾ ਬਦਲਾਅ | 3,407 | 3,276 | 3,721 | 3,091 |
| ਪਟੜੀਆਂ ਦੋਹਰੀਆਂ ਕਰਨੀਆਂ | 2,950 | 4,782 | 1,423 | 2,543 |
| ਟ੍ਰੈਫਿਕ ਸਹੂਲਤਾਂ-ਯਾਤਰੀ ਦੇ ਮਾਡਲ 'ਚ ਬਦਲਾਅ ਤੇ ਦੂਜਾ | 984 | 1,126 | 1,036 | 1,851 |
| ਰੋਲਿੰਗ ਸਟਾਕ | 4,240 | 5,448 | 6,150 | 2,006 |
| ਲੀਜ਼ 'ਤੇ ਦਿੱਤੇ ਅਸਾਸੇ - ਪੂੰਜੀਗਤ ਭਾਗ ਦੀ ਅਦਾਇਗੀ | 6,325 | 7,000 | 7,000 | 8,000 |
| ਸੜਕ ਸੁਰੱਖਿਆ ਕੰਮ :<br>ਏ.) ਲੈਵਲ ਕ੍ਰਾਸਿੰਗ | 470 | 555 | 679 | 705 |
| ਬੀ.) ਸੜਕ ਦੇ ਉੱਤੇ/ਹੇਠਾਂ ਪੁਲ | 2,133 | 2,443 | 3,066 | 4,512 |
| ਪਟੜੀਆਂ ਦਾ ਨਵੀਨੀਕਰਨ | 5,586 | 4,000 | 6,740 | 9,961 |
| ਪੁਲਾਂ ਦਾ ਕੰਮ | 520 | 589 | 592 | 746 |
| ਸਿਗਨਲ ਅਤੇ ਟੈਲੀਕਾਮ ਦੇ ਕੰਮ | 894 | 958 | 954 | 2,331 |

ਨੋਟ ਉਪਰੋਕਤ ਅੰਕੜਿਆਂ ਵਿੱਚ ਦਸ਼ਮਲਵ ਨੂੰ ਅਗਲੇ ਅੰਕ ਵਿੱਚ ਬਦਲ ਦਿੱਤਾ ਗਿਆ ਹੈ।

| ਤਾਲਿਕਾ-4 : ਸੁਰੱਖਿਆ ਸੰਬੰਧੀ ਸਰਗਰਮੀਆਂ ਤੇ ਖਰਚ | | | |
|---|---|---|---|
| | | | ਰੁਪਏ ਕਰੋੜਾਂ ਵਿੱਚ |
| ਮੱਦ | ਬਜਟ 2016-17 | ਸੋਧਿਆ ਹੋਇਆ 2016-17 | ਬਜਟ 2017-18 |
| ਮਾਲੀਆ ਖਰਚ | | | |
| ਪਟੜੀਆਂ ਦਾ ਰੱਖ-ਰਖਾਅ | 13,712 | 13.539 | 13,759 |
| ਇੰਜਣ | 6,318 | 6.108 | 6,204 |
| ਗੱਡੀਆਂ ਤੇ ਡੱਬੇ | 14,312 | 14.351 | 14,734 |
| ਪਲਾਂਟ ਅਤੇ ਉਪਕਰਣ | 8,112 | 7,832 | 7,947 |
| ਆਵਾਜਾਈ | 35 | 35 | 35 |
| ਕੁੱਲ ਆਮਦਨ (ਸੁਰੱਖਿਆ) | **42,489** | **41,865** | **42,679** |

| ਮੱਦ | 1015-16 | 2016-17 | | 2017-18 |
|---|---|---|---|---|
| | ਅਸਲ | ਬੀ ਈ | ਆਰ ਈ | |
| ਯਾਤਰੀ ਕਿਲੋਮੀਟਰ (ਮਿਲੀਅਨ) | 1,143,039 | 1,137,298 | 1,157,637 | 1,159,900 |
| ਸ਼ੁੱਧ ਟਨ ਕਿਲੋਮੀਟਰ (ਮੀਲੀਅਨ) | 654,481 | 694,607 | 621,247 | 675,622 |

ਅਤੇ ਬਾਇਓ ਟ੍ਰਾਈ-ਗ੍ਰੇਡੇਬਲ ਕੂੜਾ-ਕਰਕਟ ਨੂੰ ਊਰਜਾ ਵਿੱਚ ਬਦਲਣ ਲਈ ਨਵੀਂ ਦਿੱਲੀ ਅਤੇ ਜੈਪੁਰ ਦੇ ਰੇਲਵੇ ਸਟੇਸ਼ਨਾਂ ਉਤੇ ਪਾਇਲਟ ਪ੍ਰਾਜੈਕਟ ਲਾਏ ਜਾਣਗੇ। ਇਕ ਸਵੱਛ ਸਟੇਸ਼ਨ ਦਾ ਪ੍ਰਭਾਵ ਇਹ ਪਵੇਗਾ ਕਿ ਆਸ-ਪਾਸ ਦੀ ਥਾਵਾਂ ਵੀ ਸਾਫ-ਸਫਾਈ ਵਾਲੀਆਂ ਹੋਣਗੀਆਂ।

## ਵਿੱਤੀ ਅਤੇ ਲੇਖਾ ਸੁਧਾਰ

ਮਾਰਚ 2019 ਤੱਕ ਵਿਆਜ ਅਧਾਰਤ ਵਿੱਤੀ ਲੇਖਾ ਜੋਖਾ ਸ਼ੁਰੂ ਕੀਤਾ ਜਾਵੇਗਾ। ਵਿਆਜ ਅਧਾਰਤ ਲੇਖਾ ਵਿੱਚ, ਮਾਲੀਆ ਆਮਦਨ ਲੇਖੇ ਵਿੱਚ ਦੱਸਿਆ ਜਾਂਦਾ ਹੈ ਜਦੋਂ ਉਹ ਕਮਾਇਆ ਜਾਂਦਾ ਹੈ। ਨਕਦ ਅਧਾਰਤ ਲੇਖਾ ਅਧੀਨ ਮਾਲੀਆ ਆਮਦਨ ਲੇਖੇ ਵਿੱਚ ਉਦੋਂ ਦੱਸਿਆ ਜਾਂਦਾ ਹੈ ਜਦੋਂ ਨਕਦੀ ਪ੍ਰਾਪਤ ਹੋ ਜਾਂਦੀ ਹੈ। ਵਿਆਜ ਅਧਾਰਤ ਲੇਖੇ ਦਾ ਇਕ ਮੁੱਖ ਫਾਇਦਾ ਹੈ ਕਿ ਇਹ ਮਾਲੀਏ ਨੂੰ ਸੰਬੰਧਿਤ ਖਰਚੇ ਨਾਲ ਮਿਲਾ ਦਿੰਦਾ ਹੈ ਤਾਂ ਕਿ ਇਕ ਵਪਾਰਕ ਲੈਣ-ਦੇਣ ਦੇ ਮੁਕੰਮਲ ਪ੍ਰਭਾਵ ਨੂੰ ਇਕ ਹੀ ਦੱਸੇ ਗਏ ਸਮੇਂ ਵਿੱਚ ਵੇਖਿਆ ਜਾ ਸਕੇ। ਇਹ ਲੇਖਾ ਸੁਧਾਰ ਰੇਲਵੇ ਨੂੰ ਹਰੇਕ ਦਿੱਤੀ ਜਾਣ ਵਾਲੀ ਸੇਵਾ ਦਾ ਮੁੱਲ ਸਟੀਕ ਤਰੀਕੇ ਨਾਲ ਨਿਰਧਾਰਤ ਕਰਨ ਵਿੱਚ ਮਦਦ ਕਰੇਗਾ।

ਇਸ ਬਜਟ ਵਿੱਚ ਕਿਰਾਏ ਨਹੀਂ ਵਧਾਏ ਗਏ। ਇਸ ਦੀ ਥਾਂ ਉਤੇ ਯਾਤਰੀਆਂ ਅੰਦਰ ਡਿਜੀਟਲ ਆਦਤ ਨੂੰ ਉਤਸ਼ਾਹਿਤ ਕਰਨ ਲਈ ਆਈ ਆਰ ਸੀ ਟੀ ਸੀ ਰਾਹੀਂ ਬੁੱਕ ਕੀਤੀਆਂ ਈ-ਟਿਕਟਾਂ ਉਤੇ ਲੱਗਣ ਵਾਲਾ ਸੇਵਾ ਕਰ ਵਾਪਸ ਲੈ ਲਿਆ ਗਿਆ ਹੈ। ਇਹ ਸਵਾਗਤ ਯੋਗ ਕਦਮ ਹੈ। ਰੇਲਵੇ ਦੇ ਜਨਤਕ ਖੇਤਰ ਦੇ ਤਿੰਨ ਅਦਾਰਿਆਂ - ਆਈ ਆਰ ਐੱਫ ਸੀ, ਆਈ ਆਰ ਸੀ ਓ ਐੱਨ ਅਤੇ ਆਈ ਆਰ ਸੀ ਟੀ ਸੀ ਦੇ ਸ਼ੇਅਰਾਂ ਨੂੰ ਸਟਾਕ ਐਕਸਚੇਂਜ ਵਿੱਚ ਸੂਚੀਬੱਧ ਕਰਨ ਦਾ ਪ੍ਰਸਤਾਵ ਹੈ।

## ਆਮਦਨੀ ਅਤੇ ਖਰਚ

ਅਸੀਂ ਰੇਲਵੇ ਬਜਟ ਲਈ ਧਿਆਨ ਦੇਣ ਵਾਲੇ ਖੇਤਰਾਂ ਬਾਰੇ ਚਰਚਾ ਕਰ ਚੁੱਕੇ ਹਾਂ, ਆਉ ਹੁਣ 2017-18 ਲਈ ਆਮਦਨ ਤੇ ਖਰਚ ਉਤੇ ਝਾਤ ਮਾਰੀਏ, ਜੋ ਤਾਲਿਕਾ-2 ਵਿੱਚ ਦਿੱਤਾ ਗਿਆ ਹੈ।

ਬੀ ਈ 2017-18 ਵਿੱਚ ਕੁੱਲ ਯਾਤਰਾ ਆਮਦਨ 188,988 ਕਰੋੜ ਰੁਪਏ ਹੈ ਜੋ ਆਰ ਈ 2016-17 ਦੇ 172,155 ਕਰੋੜ ਨਾਲੋਂ 16,843 ਕਰੋੜ ਵੱਧ ਅਤੇ 2016-17 ਦੇ ਬੀ ਈ ਨਾਲੋਂ 4,178 ਕਰੋੜ ਵੱਧ ਹੈ। ਆਰ ਈ

2016-17 ਦੇ ਮੁਕਾਬਲੇ ਯਾਤਰੀਆਂ ਤੋਂ ਕਮਾਈ 2,125 ਕਰੋੜ ਜ਼ਿਆਦਾ ਹੈ, ਪਰ ਬੀ ਈ 2016-17 ਦੀ ਤੁਲਨਾ ਵਿੱਚ 887 ਕਰੋੜ ਰੁਪਏ ਘੱਟ ਹੈ। ਇਸੇ ਪ੍ਰਕਾਰ, ਬੀ ਈ 2017-18 ਵਿੱਚ ਮਾਲ ਭਾੜੇ ਤੋਂ ਕਮਾਈ, ਆਰ ਈ 2016-17 ਦੇ 224 ਕਰੋੜ ਦੇ ਮੁਕਾਬਲੇ 9,256 ਕਰੋੜ ਵੱਧ ਹੈ ਅਤੇ ਬੀ ਈ 2016-17 ਦੀ ਤੁਲਨਾ ਵਿੱਚ 224 ਕਰੋੜ ਰੁਪਏ ਵੱਧ ਹੈ।

ਫੁਟਕਲ ਕਮਾਈ ਵਿੱਚ ਵੱਡਾ ਵਾਧਾ ਹੋਇਆ ਹੈ ਜੋ 14,122 ਕਰੋੜ ਰੁਪਏ ਹੈ। ਇਹ ਬੀ ਈ 2016-17 ਦੀ ਤੁਲਨਾ ਵਿੱਚ 4,032 ਕਰੋੜ ਰੁਪਏ ਵੱਧ ਹੈ। ਉਪਰੋਕਤ ਅੰਕੜਿਆਂ ਤੋਂ ਜੋ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਕਮਾਈ ਨੂੰ ਇਕ ਯਥਾਰਥਕ ਪੱਧਰ ਉਤੇ ਰੱਖਿਆ ਗਿਆ ਹੈ, ਜੋ ਜ਼ਿਆਦਾ ਮਹੱਤਵਕਾਂਸ਼ੀ ਨਹੀਂ ਹੈ। ਕੁੱਲ ਆਮਦਨ (ਜਿਸ ਵਿੱਚ ਪੂੰਜੀਗਤ ਅਤੇ ਮਾਲੀਆ ਸ਼ਾਮਲ ਹੈ) 306,498 ਕਰੋੜ ਰੁਪਏ ਹੈ ਜੋ ਆਰ ਈ 2016-17 ਨਾਲੋਂ 27,908 ਕਰੋੜ ਰੁਪਏ ਅਤੇ ਬੀ ਈ 2016-17 ਨਾਲੋਂ 12,903 ਕਰੋੜ ਰੁਪਏ ਜ਼ਿਆਦਾ ਹੈ। ਮਾਲੀਆ ਖਰਚੇ ਦੀ ਸਮੀਖਿਆ ਵੀ ਯਥਾਰਥਕ ਤਰੀਕੇ ਨਾਲ ਕੀਤੀ ਗਈ ਹੈ ਜਿਸ ਨੂੰ ਆਰ ਈ 2016-17 ਦੀ ਤੁਲਨਾ ਵਿੱਚ ਬੀ ਈ 2017-18 ਵਿੱਚ 15,390 ਕਰੋੜ ਰੁਪਏ ਵਧਾ ਕੇ 178,350 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਰੇਲਵੇ ਨੇ ਆਰ ਈ 2016-17 ਵਿੱਚ ਆਮ ਕ੍ਰਿਆਸ਼ੀਲ ਖਰਚਿਆਂ (ਓ ਡਬਲਯੂ ਈ) 122,760 ਕਰੋੜ ਤੱਕ ਰੱਖ ਕੇ ਵਧੀਆ ਕੰਮ ਕੀਤਾ ਹੈ। ਜੋ ਬੀ ਈ 2016-17 ਦੀ ਤੁਲਨਾ ਵਿੱਚ 800 ਕਰੋੜ ਰੁਪਏ ਘੱਟ ਹੈ। ਸ਼ੁੱਧ ਆਮਦਨ ਦਾ ਟੀਚਾ ਬੀ ਈ 2017-18 ਵਿੱਚ 8,948 ਕਰੋੜ ਰੁਪਏ ਰੱਖਿਆ ਗਿਆ ਹੈ ਜੋ ਆਰ ਈ 2016-17 ਦੀ ਤੁਲਨਾ ਵਿੱਚ 1,253 ਕਰੋੜ ਰੁਪਏ ਜ਼ਿਆਦਾ ਹੈ। ਪਰ ਇਹ 2015-16 ਦੇ ਅਸਲ ਨਾਲੋਂ ਬਹੁਤ ਘੱਟ ਹੈ ਜਦੋਂ ਸ਼ੁੱਧ ਆਮਦਨ 19,228 ਕਰੋੜ ਰੁਪਏ ਸੀ। ਸੰਚਾਲਨ ਅਨੁਪਾਤ ਦਾ ਟੀਚਾ 94.6 ਪ੍ਰਤਿਸ਼ਤ ਰੱਖਿਆ ਗਿਆ ਹੈ ਜੋ ਆਰ ਈ 2016-17 ਦੀ 94.9 ਪ੍ਰਤਿਸ਼ਤ ਦੇ ਸੰਚਾਲਨ ਅਨੁਪਾਤ ਨਾਲੋਂ ਥੋੜ੍ਹਾ ਘੱਟ ਹੈ। ਇਹ ਚੁਨੌਤੀ ਵਾਲਾ ਕੰਮ ਹੈ ਕਿਉਂਕਿ ਦਸੰਬਰ 2016 ਦੇ ਅਖੀਰ ਵਿੱਚ ਸੰਚਾਲਨ ਅਨੁਪਾਤ 109.6 ਪ੍ਰਤਿਸ਼ਤ ਸੀ। ਬਜਟ ਵਿੱਚ ਇਸ ਹਾਲਤ ਨੂੰ ਮੰਨਿਆ ਗਿਆ ਹੈ। ਇਸ ਵਿੱਚ ਰੂਪਰੇਖਾ ਬਣਾਈ ਗਈ ਹੈ ਕਿ ਰੇਲਵੇ ਦੇ ਕਿਰਾਏ ਲਾਗਤ, ਸੇਵਾ ਦੀ ਗੁਣਵੱਤਾ, ਸਮਾਜਕ ਜ਼ਿੰਮੇਵਾਰੀ ਅਤੇ ਆਵਾਜਾਈ ਦੇ ਦੂਜੇ ਸਾਧਨਾਂ ਤੋਂ ਮਿਲਣ ਵਾਲੇ ਮੁਕਾਬਲੇ ਨੂੰ ਧਿਆਨ ਵਿੱਚ ਰੱਖ ਕੇ ਨਿਰਧਾਰਤ ਕੀਤੇ ਜਾਣਗੇ।

ਰੇਲਵੇ ਵਿਕਾਸ ਦੇ ਚੋਣਵੇਂ ਅਹਿਮ ਖੇਤਰਾਂ ਵਿੱਚ ਪੂੰਜੀਗਤ ਖਰਚੇ ਦਾ ਵੇਰਵਾ ਹੇਠਾਂ ਤਾਲਿਕਾ-3 ਵਿੱਚ ਦਿੱਤਾ ਗਿਆ ਹੈ।

ਜਿਵੇਂ ਕਿ ਵੇਖਿਆ ਜਾ ਸਕਦਾ ਹੈ, ਨਵੀਆਂ ਪਟੜੀਆਂ ਦੀ ਉਸਾਰੀ ਲਈ ਆਵੰਟਨ ਵਿੱਚ ਥੋੜ੍ਹੀ ਗਿਰਾਵਟ ਹੈ, ਜੋ 11,533 ਕਰੋੜ ਰੁਪਏ ਹੈ। ਗੇਜ ਬਦਲਣ ਲਈ ਆਵੰਟਨ ਵੀ ਘਟਾਅ ਕੇ 3,091 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਕਿਉਂਕਿ ਗੇਜ ਬਦਲਣ ਦਾ ਬਹੁਤ ਕੰਮ ਪੂਰਾ ਹੋ ਚੁੱਕਾ ਹੈ। ਪਟੜੀਆਂ ਦੋਹਰੀਆਂ ਕਰਨ ਅਤੇ ਟ੍ਰੈਫਿਕ ਸਹੂਲਤਾਂ ਦੇ ਵਰਗ, ਜੋ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ, ਨੂੰ ਜ਼ਿਆਦਾ ਪੈਸਾ ਆਵੰਟਿਤ ਕੀਤਾ ਗਿਆ ਹੈ। ਪਟੜੀਆਂ ਨੂੰ ਦੋਹਰੇ ਕਰਨ ਲਈ 2,543 ਕਰੋੜ ਆਵੰਟਿਤ ਕੀਤਾ ਗਿਆ ਹੈ ਜੋ ਆਰ ਈ 2016-17 ਨਾਲੋਂ 1,423 ਕਰੋੜ ਰੁਪਏ ਜ਼ਿਆਦਾ ਹੈ। ਇਸੇ ਤਰ੍ਹਾਂ ਹੀ, ਟ੍ਰੈਫਿਕ ਸਹੂਲਤਾਂ ਲਈ ਆਵੰਟਨ ਆਰ ਈ 2016-17 ਦੇ 1,036 ਕਰੋੜ ਰੁਪਏ ਤੋਂ ਵਧਾ ਕੇ 1,851 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਸੜਕ ਸੁਰੱਖਿਆ ਦੇ ਕੰਮਾਂ ਲਈ ਵੀ ਵੱਡਾ ਵਾਧਾ ਕੀਤਾ ਗਿਆ ਹੈ, ਖ਼ਾਸ ਕਰਕੇ ਸੜਕਾਂ ਦੇ ਉਤੇ ਅਤੇ ਹੇਠਾਂ ਪੁਲ ਬਣਾਉਣ ਲਈ। ਇਸ ਮੰਤਵ ਲਈ ਆਵੰਟਨ 3,066 ਕਰੋੜ ਤੋਂ ਵਧਾ ਕੇ 4,512 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਪਟੜੀਆਂ ਦੇ ਨਵੀਨੀਕਰਨ ਲਈ ਆਵੰਟਨ ਵਿੱਚ ਪ੍ਰਮੁੱਖ ਵਾਧਾ ਕੀਤਾ ਗਿਆ ਹੈ। 2016-17 ਦੇ ਬਜਟ ਵਿੱਚ ਇਹ ਆਵੰਟਨ 4,000 ਕਰੋੜ ਰੁਪਏ ਸੀ ਜੋ ਆਰ ਈ 2016-17 ਵਿੱਚ ਵਧਾ ਕੇ 6740 ਕਰੋੜ ਰੁਪਏ ਕਰ ਦਿੱਤਾ ਗਿਆ ਸੀ। ਬੀ ਈ 2017-18 ਵਿੱਚ ਇਸ ਨੂੰ ਕਾਫੀ ਵਧਾ ਕੇ 9,961 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਸ ਤੋਂ ਪਤਾ ਲਗਦਾ ਹੈ ਕਿ ਵੇਲਾ ਵਿਹਾਅ ਚੁੱਕੀਆਂ ਪਟੜੀਆਂ ਨੂੰ ਬਦਲਣ ਲਈ ਸੁਹਿਰਦ ਯਤਨ ਨਜ਼ਰ ਪੈਣਗੇ। ਇਸੇ ਤਰ੍ਹਾਂ ਹੀ ਪੁਲਾਂ ਦੀਆਂ ਸਰਗਰਮੀਆਂ ਲਈ ਆਰ ਈ 2016-17 ਦੇ 592 ਕਰੋੜ ਰੁਪਏ ਦੇ ਮੁਕਾਬਲੇ ਬੀ ਈ 2017-18 ਵਿੱਚ ਆਵੰਟਨ ਵਧਾ ਕੇ 746 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਸਿਗਨਲ ਅਤੇ ਟੈਲੀਕਾਮ ਖੇਤਰ ਲਈ ਵੀ 145 ਪ੍ਰਤਿਸ਼ਤ ਦਾ ਵੱਡਾ ਵਾਧਾ ਕੀਤਾ ਗਿਆ ਹੈ। ਆਰ ਈ 2016-17 ਵਿੱਚ ਇਹ 954 ਕਰੋੜ ਰੁਪਏ ਸੀ ਜਿਸ ਨੂੰ ਬੀ ਈ 2017-18 ਵਿੱਚ ਵਧਾ ਕੇ 2,331 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

ਆਰ ਆਰ ਐੱਸ ਕੇ ਤੋਂ ਇਲਾਵਾ ਸੁਰੱਖਿਆ ਵਿੱਚ ਸੁਧਾਰ ਦੀਆਂ ਰਵਾਇਤੀ ਕੋਸ਼ਿਸ਼ਾਂ ਉਤੇ ਅਮਲ ਜਾਰੀ ਰਹਿਣਾ ਚਾਹੀਦਾ ਹੈ। ਸੁਰੱਖਿਆ ਨਾਲ ਸੰਬੰਧਿਤ ਵਰਗਾਂ ਲਈ ਖਰਚਾ ਵੱਖ-ਵੱਖ ਵਰਗਾਂ ਤਹਿਤ ਕੀਤਾ ਜਾਵੇਗਾ, ਜਿਵੇਂ ਪਟੜੀਆਂ, ਇੰਜਣ, ਡੱਬੇ, ਪੁਲ ਅਤੇ ਸਿਗਨਲ। ਸੁਰੱਖਿਆ ਸੰਬੰਧਿਤ ਸਰਗਰਮੀਆਂ ਤਹਿਤ ਮਾਲੀਏ ਦਾ ਕੁੱਲ ਆਵੰਟਨ (ਆਰ ਆਰ ਐੱਸ ਕੇ ਅਧੀਨ ਖਰਚੇ ਤੋਂ ਵੱਖਰਾ) 42,679 ਕਰੋੜ ਰੁਪਏ ਰੱਖਿਆ ਗਿਆ ਹੈ। ਇਸ ਵਿੱਚ ਆਰ ਈ 2016-17 ਦੇ ਮੁਕਾਬਲੇ 814 ਕਰੋੜ ਰੁਪਏ ਦਾ ਵਾਧਾ ਕੀਤਾ ਗਿਆ ਹੈ। ਵੇਰਵੇ ਤਾਲਿਕਾ-4 ਵਿੱਚ ਦਿੱਤੇ ਗਏ ਹਨ।

**ਬਜਟ ਦੇ ਧਿਆਨ ਵਾਲੇ ਚਾਰ ਪ੍ਰਮੁੱਖ ਖੇਤਰਾਂ ਨੂੰ ਵਿੱਤੀ ਸਰੋਤਾਂ ਦਾ ਢੁੱਕਵਾਂ ਸਹਾਰਾ ਮਿਲਿਆ ਹੈ। ਨਵੇਂ ਬਣਾਏ ਰਾਸ਼ਟਰੀ ਰੇਲ ਸੰਰਕਸ਼ਾ ਕੋਸ਼ ਲਈ ਢੁੱਕਵਾਂ ਪ੍ਰਾਵਧਾਨ ਹੈ। ਹੋਰ, ਕਮਾਈ ਅਤੇ ਖਰਚੇ ਦੇ ਟੀਚੇ ਅਤੇ ਵੱਖ-ਵੱਖ ਯੋਜਨਾਵਾਂ ਦੇ ਭੌਤਿਕ ਟੀਚਿਆਂ ਨੂੰ ਯਥਾਰਥਕ ਪੱਧਰ ਉਤੇ ਰੱਖਿਆ ਗਿਆ ਹੈ। ਨਵੇਂ ਰੂਪ ਵਿੱਚ ਬਜਟ ਭਾਰਤੀ ਰੇਲਵੇ ਦੀਆਂ ਸੇਵਾਵਾਂ ਵਿੱਚ ਸੁਧਾਰ ਵਾਸਤੇ ਅਗਵਾਈ ਕਰਨ ਲਈ ਤਿਆਰਬਰ-ਤਿਆਰ ਹੈ ਜੋ ਦੇਸ਼ ਦੇ ਵਿਕਾਸ ਦਾ ਇੰਜਣ ਹੈ।**

*(ਲੇਖਕ ਭਾਰਤੀ ਰੇਲਵੇ ਦੇ ਸਾਬਕਾ ਚੇਅਰਮੈਨ ਹਨ ਅਤੇ 39 ਸਾਲਾਂ ਦੀ ਰੇਲਵੇ ਵਿੱਚ ਸੇਵਾ ਨਿਭਾਉਣ ਮਗਰੋਂ ਦਸੰਬਰ 2014 ਵਿੱਚ ਭਾਰਤ ਸਰਕਾਰ ਦੇ ਐਕਸ-ਆਫੀਸੀਓ ਪ੍ਰਿੰਸੀਪਲ ਸਕੱਤਰ ਰਹੇ)*

*e-mail :noidarail54@gmail.com*

# ਬਜਟ ਵਿੱਚ ਨਵੇਂ ਬਦਲਾਅ : ਢਾਂਚਾਗਤ ਅਤੇ ਪ੍ਰਕਿਰਿਆ ਸੰਬੰਧਿਤ

ਹੈਪੀ ਪੰਤ

ਜਾਣ ਪਛਾਣ

ਸਰਕਾਰ ਵਲੋਂ ਪਿਛਲੇ ਦੋ ਸਾਲਾਂ ਦੌਰਾਨ ਲਏ ਗਏ ਫੈਸਲੇ, 12ਵੀਂ ਪੰਜ ਸਾਲਾ ਯੋਜਨਾ ਦੀ ਸਮਾਪਤੀ ਨੇੜੇ ਆਉਣ ਦੇ ਨਾਲ-ਨਾਲ, ਬਜਟ ਪ੍ਰਕਿਰਿਆਵਾਂ ਵਿੱਚ ਵੱਡੇ ਬਦਲਾਵਾਂ ਦੇ ਸੂਚਕ ਸਨ। ਇਸੇ ਹੀ ਸਮੇਂ, 1 ਫ਼ਰਵਰੀ ਨੂੰ ਪੇਸ਼ ਕੀਤੇ ਗਏ ਇਸ ਮੌਜੂਦਾ ਸਰਕਾਰ ਦੇ ਚੌਥੇ ਬਜਟ ਵਿੱਚ ਇਨ੍ਹਾਂ ਬਦਲਾਵਾਂ ਨੂੰ ਅਮਲ ਹੇਠ ਲਿਆਉਣ ਵੱਲ ਕੁੱਝ ਮਹੱਤਵਪੂਰਨ ਕਦਮ ਪੁੱਟੇ ਗਏ ਹਨ। 2017-18 ਦੇ ਕੇਂਦਰੀ ਬਜਟ ਵਿੱਚ ਸਮੂਹਿਕ ਨੀਤੀਗਤ ਮਾਰਗ ਉਤੇ ਚੱਲਣ ਦੇ ਮਾਮਲੇ ਵਿੱਚ ਨਿਰੰਤਰਤਾ ਦਿਖਾਈ ਦਿੰਦੀ ਹੈ, ਜੋ ਵਿੱਤੀ ਮਜਬੂਤੀ ਜਾਂ ਸੁਦ੍ਰਿੜੀਕਰਨ ਹੈ। ਪਰ, ਬਜਟ ਦੀਆਂ ਪ੍ਰਕਿਰਿਆਵਾਂ ਦੇ ਮੋਰਚੇ ਉਤੇ, ਇਸ ਵਿੱਚ ਕਾਫੀ ਬਦਲਾਅ ਵੇਖਣ ਨੂੰ ਮਿਲੇ। ਇਸ ਨੇ ਰੇਲ ਬਜਟ ਨੂੰ ਆਮ ਬਜਟ ਵਿੱਚ ਜਜ਼ਬ ਕਰ ਦਿੱਤਾ ਹੈ, ਕੇਂਦਰ ਸਰਕਾਰ ਦੇ ਖਰਚ ਬਜਟ ਵਿੱਚ ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਵਰਗ ਵੰਡ ਨੂੰ ਖਤਮ ਕਰ ਦਿੱਤਾ ਹੈ ਅਤੇ ਬਜਟ ਪੇਸ਼ ਕਰਨ ਦੀ ਤਾਰੀਖ ਇਕ ਮਹੀਨਾ ਅਗੇਤੀ ਕਰ ਦਿੱਤੀ ਹੈ।

## ਰੇਲ ਬਜਟ ਨੂੰ ਆਮ ਬਜਟ ਵਿੱਚ ਰਲਾਉਣਾ

ਇਸ ਬਜਟ ਵਿੱਚ ਇਕ ਵੱਡਾ ਬਦਲਾਅ ਰੇਲ ਬਜਟ ਨੂੰ ਆਮ ਬਜਟ ਦੇ ਇਕ ਭਾਗ ਵਜੋਂ ਪੇਸ਼ ਕਰਨ ਦੀ ਸ਼ੁਰੂਆਤ ਹੈ। ਨੀਤੀ ਆਯੋਗ ਦੀ ਸਲਾਹ ਉਤੇ ਲਏ ਗਏ ਇਸ ਫੈਸਲੇ ਨੇ 92 ਸਾਲਾਂ ਤੋਂ ਵੱਖਰਾ ਰੇਲ ਬਜਟ ਪੇਸ਼ ਕਰਨ ਦੀ ਰਵਾਇਤ ਨੂੰ ਖਤਮ ਕਰ ਦਿੱਤਾ ਹੈ। ਬਰਤਾਨਵੀ ਰਾਜ ਦੌਰਾਨ, 1920ਵਿਆਂ ਦੇ ਸ਼ੁਰੂ ਵਿੱਚ ਰੇਲਵੇ ਦੇ ਵਿੱਤ ਨੂੰ ਆਮ ਵਿੱਤ ਨਾਲੋਂ ਵੱਖ ਰੱਖਿਆ ਜਾਂਦਾ ਸੀ। ਇਹ ਦਲੀਲ ਦਿੱਤੀ ਗਈ ਹੈ ਕਿ ਬਜਟ ਦੇ ਇਸ ਰਲੇਵੇਂ ਨਾਲ ਰੇਲਵੇ ਨੂੰ ਆਰਥਿਕ ਵਿਕਾਸ ਕਰਨ ਵਿੱਚ ਮਦਦ ਮਿਲੇਗੀ। ਕਈ ਪਾਸਿਆਂ ਤੋਂ ਇਹ ਤੌਖਲਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਇਹ ਰਲੇਵਾਂ ਸਿਰਫ ਦਿਖਾਵੇ ਦਾ ਬਦਲਾਅ ਹੈ, ਬਜਾਇ ਇਸ ਦੇ, ਰੇਲਵੇ ਦੇ ਪੁਨਰਗਠਨ ਲਈ ਰਾਕੇਸ਼ ਮੋਹਨ ਕਮੇਟੀ ਦੀਆਂ ਦਹਾਕਾ ਪੁਰਾਣੀਆਂ ਸਿਫਾਰਸ਼ਾਂ ਉਤੇ ਅਮਲ ਕਰਨਾ ਜ਼ਿਆਦਾ ਮਹੱਤਵਪੂਰਨ ਸੀ। ਕਮੇਟੀ ਵਲੋਂ ਇਹ ਦੇਖਿਆ ਗਿਆ ਸੀ ਕਿ ਭਾਰਤੀ ਰੇਲਵੇ "ਘੱਟ ਨਿਵੇਸ਼, ਥੁੜ ਵਾਲੇ ਸਰੋਤਾਂ ਦਾ ਗਲਤ ਆਵੰਟਨ, ਵਧ ਰਹੇ ਕਰਜ਼ੇ, ਮਾੜੀ ਗਾਹਕ ਸੇਵਾ ਅਤੇ ਤੇਜ਼ੀ ਨਾਲ ਵਿਗੜ ਰਹੀ ਆਰਥਿਕਤਾ ਦੇ ਭੈੜੇ ਚੱਕਰ ਵਿੱਚ ਫਸਿਆ ਹੋਇਆ ਹੈ।" ਮੁੱਖ ਸਵਾਲ, ਜੋ ਹਰ ਵੇਲੇ ਭਾਰਤੀ ਰੇਲਵੇ ਨੂੰ ਸਤਾਉਂਦਾ ਹੈ, ਉਹ ਹੈ ਕਿ ਕੀ ਇਹ ਵਪਾਰਕ ਸੰਗਠਨ ਹੈ ਜਾਂ ਫਿਰ ਇਸ ਵਲੋਂ ਸਮਾਜਕ ਉਦੇਸ਼ ਨਾਲ ਕੰਮ ਕੀਤਾ ਜਾ ਰਿਹਾ ਹੈ? ਕਮੇਟੀ ਨੇ ਵਿਚਾਰ ਪ੍ਰਗਟ ਕੀਤਾ ਸੀ ਕਿ ਭਾਰਤੀ ਰੇਲਵੇ ਦੇ ਸੁਧਾਰ ਅਤੇ ਆਧੁਨਿਕੀਕਰਨ ਦੀ ਤੁਰੰਤ ਜ਼ਰੂਰਤ ਹੈ; ਗੈਰ ਪ੍ਰਮੁੱਖ ਸਰਗਰਮੀਆਂ ਨੂੰ ਛੱਡਣਾ, ਵਪਾਰਕ ਲੀਹਾਂ ਉਤੇ ਪੁਨਰਗਠਨ ਅਤੇ ਵਪਾਰਕ ਲੇਖਾ ਕਾਰਗੁਜ਼ਾਰੀ ਪ੍ਰਬੰਧਨ ਪ੍ਰਣਾਲੀਆਂ ਨੂੰ ਅਪਣਾਉਣਾ ਚਾਹੀਦਾ ਹੈ। ਰੇਲਵੇ ਵਲੋਂ ਝੱਲੀਆਂ ਜਾਂਦੀਆਂ ਸਮਾਜਕ ਲਾਗਤਾਂ ਬਾਰੇ ਅੰਕੜੇ ਮੌਜੂਦ ਹਨ, ਅਤੇ ਬਹੁਤ ਸਾਰੀਆਂ ਕਮੇਟੀਆਂ ਵਲੋਂ ਸਿਫਾਰਸ਼ ਕੀਤੀ ਗਈ ਹੈ ਕਿ ਇਨ੍ਹਾਂ ਸਰਗਰਮੀਆਂ ਦੀ ਲਾਗਤ ਸਿੱਧੇ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਨੂੰ ਉਠਾਉਣੀ ਚਾਹੀਦੀ ਹੈ।

## ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਖਰਚ ਦੇ ਫਰਕ ਨੂੰ ਖਤਮ ਕਰਨਾ

ਖਰਚਾ ਬਜਟ ਨੂੰ ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਵਜੋਂ ਵਖਰਿਆਉਣ ਦੀ ਪ੍ਰਥਾ 1951 ਵਿੱਚ ਪਹਿਲੀ ਪੰਜ ਸਾਲਾ ਯੋਜਨਾ ਦੀ ਸ਼ੁਰੂਆਤ ਸਮੇਂ ਯੋਜਨਾ ਆਯੋਗ ਵਲੋਂ ਯੋਜਨਾਕ੍ਰਿਤ ਆਵੰਟਨ ਦੇ ਅਨੁਮਾਨਾਂ ਬਾਰੇ ਫੈਸਲਾ ਕਰਦਿਆਂ ਸ਼ੁਰੂ ਕੀਤੀ ਗਈ। ਯੋਜਨਾਕ੍ਰਿਤ ਖਰਚ ਦਾ ਮਤਲਬ ਸੀ ਸਰਕਾਰ ਦੀਆਂ ਉਨ੍ਹਾਂ ਪ੍ਰੋਗਰਾਮਾਂ ਅਤੇ ਸਕੀਮਾਂ ਉਤੇ ਖਰਚ ਕਰਨਾ ਜੋ ਉਸ ਸਮੇਂ ਦੀ ਪੰਜ ਸਾਲਾ ਯੋਜਨਾ ਵਿੱਚ ਸ਼ਾਮਲ ਸਨ, ਭਾਵੇਂ ਉਹ ਮਾਲੀਏ ਜਾਂ ਪੂੰਜੀਗਤ ਖਰਚੇ ਦੀਆਂ ਮੱਦਾਂ ਹੇਠ ਹੋਣ। ਮਿਸਾਲ ਦੇ ਤੌਰ ਤੇ, ਸਰਵ ਸਿੱਖਿਆ ਅਭਿਆਨ ਤਹਿਤ ਅਧਿਆਪਕਾਂ ਦੀਆਂ ਤਨਖ਼ਾਹਾਂ ਉਤੇ ਆਉਣ ਵਾਲਾ ਖਰਚਾ ਯੋਜਨਾਕ੍ਰਿਤ ਮਾਲੀਆ ਖਰਚੇ ਵਿੱਚ ਆਉਂਦਾ ਸੀ ਅਤੇ ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਦਾ ਖਰਚਾ ਯੋਜਨਾਕ੍ਰਿਤ ਪੂੰਜੀਗਤ ਖਰਚੇ ਅਧੀਨ ਆਉਂਦਾ ਸੀ। ਗ਼ੈਰ-ਯੋਜਨਾਕ੍ਰਿਤ ਖਰਚੇ ਦਾ ਮਤਲਬ ਸੀ ਸਰਕਾਰ ਦੇ ਉਨ੍ਹਾਂ ਸਾਰੇ ਕੰਮਾਂ ਅਤੇ ਸੇਵਾਵਾਂ ਉਤੇ ਆਉਣ ਵਾਲਾ ਖਰਚਾ ਜੋ ਯੋਜਨਾ ਆਯੋਗ/ਪੰਜ ਸਾਲਾ ਯੋਜਨਾ ਦੇ ਦਾਇਰੇ ਤੋਂ ਬਾਹਰ ਹੋਣ। ਉਦਾਹਰਣ ਦੇ ਲਈ, ਵਿਆਜ ਦੀ ਅਦਾਇਗੀ, ਸਬਸਿਡੀਆਂ, ਤਨਖ਼ਾਹ ਅਤੇ ਪੈਨਸ਼ਨ ਦਾ ਭੁਗਤਾਨ (ਸਾਰੇ ਖੇਤਰਾਂ ਦੇ ਨਿਯਮਤ ਅਮਲੇ ਲਈ), ਪੁਲਿਸ, ਰੱਖਿਆ ਅਤੇ ਸਾਰੇ ਖੇਤਰਾਂ ਵਿੱਚ ਅਸਾਸਿਆਂ ਦੇ ਰੱਖ-ਰਖਾਅ ਉਤੇ ਆਉਣ ਵਾਲਾ ਖਰਚ ਗ਼ੈਰ ਯੋਜਨਾਕ੍ਰਿਤ ਬਜਟ ਦਾ ਹਿੱਸਾ ਬਣਦਾ ਸੀ। ਸਾਨੂੰ ਇਥੇ ਧਿਆਨ ਦੇਣਾ ਚਾਹੀਦਾ ਹੈ ਕਿ ਗ਼ੈਰ ਯੋਜਨਾਕ੍ਰਿਤ ਖਰਚਾ ਸਿਰਫ ਰੱਖਿਆ, ਪੁਲਿਸ ਜਾਂ ਵਿਆਜ ਦੀ ਅਦਾਇਗੀ ਆਦਿ ਦੇ ਉਦੇਸ਼ਾਂ ਲਈ ਹੀ ਨਹੀਂ ਸੀ, ਸਗੋਂ ਸਿੱਖਿਆ, ਸਿਹਤ, ਨਿਯਮਤ ਸਰਕਾਰੀ ਅਮਲੇ ਦੀਆਂ ਤਨਖ਼ਾਹਾਂ ਅਤੇ ਬੁਨਿਆਦੀ ਢਾਂਚੇ ਉਤੇ ਅਸਾਸਿਆਂ ਵਰਗੇ ਸਰੋਤਾਂ ਦੇ ਰੱਖ-ਰਖਾਅ ਵਰਗੇ ਮਹੱਤਵਪੂਰਨ ਵਿਕਾਸ ਖੇਤਰਾਂ ਦਾ ਖਰਚਾ ਵੀ ਗ਼ੈਰ-ਯੋਜਨਾਕ੍ਰਿਤ ਬਜਟ ਤੋਂ ਪੂਰਾ ਕੀਤਾ ਜਾਂਦਾ ਸੀ।

ਅਸੀਂ ਹੁਣ ਤੱਕ ਲਾਗੂ ਰਹੇ ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਖਰਚੇ ਦੀ ਵੰਡ ਨੂੰ ਸਮਝਣ ਲਈ ਕੁੱਝ ਮਿਸਾਲਾਂ ਦੀ ਵਰਤੋਂ ਕਰ ਸਕਦੇ ਹਾਂ। ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਸੜਕਾਂ ਦੀ ਉਸਾਰੀ ਕਰਨ ਲਈ ਪੇਂਡੂ ਵਿਕਾਸ ਮੰਤਰਾਲੇ ਨੂੰ ਦਿੱਤਾ ਜਾਂਦਾ ਧਨ ਯੋਜਨਾਕ੍ਰਿਤ ਖਰਚ ਆਖਿਆ ਜਾਂਦਾ ਸੀ, ਪਰ ਇਨ੍ਹਾਂ ਦਾ ਰੱਖ-ਰਖਾਅ ਗ਼ੈਰ ਯੋਜਨਾਕ੍ਰਿਤ ਬਜਟ ਰਾਹੀਂ ਕੀਤਾ ਜਾਂਦਾ ਸੀ। ਕੇਂਦਰੀ ਵਿਦਿਆਲਿਆਂ, ਨਵੋਦਿਆ ਵਿਦਿਆਲਿਆਂ, ਦੂਜੇ ਸਰਕਾਰੀ ਸਕੂਲਾਂ ਦੇ ਨਿਯਮਤ ਅਧਿਆਪਕੀ ਅਮਲੇ, ਸਿਹਤ ਕੇਂਦਰਾਂ ਅਤੇ ਸਰਕਾਰੀ ਮੈਡੀਕਲ ਕਾਲਜਾਂ ਦੇ ਨਿਯਮਤ ਡਾਕਟਰਾਂ ਲਈ ਫੰਡ ਗ਼ੈਰ ਯੋਜਨਾਕ੍ਰਿਤ ਬਜਟ ਤੋਂ ਆਉਂਦਾ ਸੀ ਜਦ ਕਿ ਸਰਵ ਸਿੱਖਿਆ ਅਭਿਆਨ ਤਹਿਤ ਠੇਕੇ ਉਤੇ ਭਰਤੀ ਕੀਤੇ ਅਧਿਆਪਕਾਂ ਅਤੇ ਰਾਸ਼ਟਰੀ ਸਿਹਤ ਮਿਸ਼ਨ (ਐੱਨ ਐੱਚ ਐੱਮ) ਅਧੀਨ ਠੇਕੇ ਉਤੇ ਰੱਖੇ ਡਾਕਟਰਾਂ ਦੀ ਤਨਖ਼ਾਹ ਯੋਜਨਾਕ੍ਰਿਤ ਬਜਟ ਤੋਂ ਆਉਂਦੀ ਸੀ। ਇਸ ਕੇਂਦਰੀ ਬਜਟ ਤੋਂ ਪਰਦਾ ਹਟਣ ਨਾਲ ਹੁਣ ਇਹ ਸਾਰੇ ਖਰਚੇ ਇਕ ਹੀ ਮੱਦ ਤੋਂ ਕੀਤੇ ਜਾਣਗੇ।

ਖਰਚਾ ਬਜਟ ਦੀ ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਵਿੱਚ ਵੰਡ ਨੇ ਇਸ ਧਾਰਨਾ ਨੂੰ ਜਨਮ ਦਿੱਤਾ ਕਿ ਯੋਜਨਾਕ੍ਰਿਤ ਖਰਚਾ ਵਿਕਾਸ ਮੁਖੀ ਹੈ ਜਦ ਕਿ ਗ਼ੈਰ ਯੋਜਨਾਕ੍ਰਿਤ ਖਰਚਾ ਗ਼ੈਰ ਵਿਕਾਸ ਮੁਖੀ। ਇਸ ਕਾਰਨ ਯੋਜਨਾਕ੍ਰਿਤ ਖਰਚ ਉਤੇ ਲੋੜੋਂ ਵੱਧ ਧਿਆਨ ਕੇਂਦਰਿਤ ਹੋ ਗਿਆ ਜਿਸ ਨਾਲ ਰੱਖ-ਰਖਾਅ ਵਰਗੀਆਂ ਮੱਦਾਂ ਨਜ਼ਰਅੰਦਾਜ਼ ਹੋਣ ਲੱਗ ਪਈਆਂ ਜਿਨ੍ਹਾਂ ਨੂੰ ਗ਼ੈਰ ਯੋਜਨਾਕ੍ਰਿਤ ਗਰਦਾਨਿਆ ਗਿਆ ਸੀ। ਗ਼ੈਰ ਯੋਜਨਾਕ੍ਰਿਤ ਖਰਚੇ ਦੀਆਂ ਲੋੜਾਂ ਨੂੰ ਨਜ਼ਰਅੰਦਾਜ਼ ਕਰਨ ਨਾਲ ਜ਼ਿਆਦਾ ਰਾਜਾਂ ਵਿੱਚ ਨਿਯਮਤ ਅਮਲੇ ਦੀ ਵੱਡੀ ਘਾਟ ਪੈਦਾ ਹੋ ਗਈ। ਇਸ ਵੰਡ ਨਾਲ ਬਜਟ ਲਈ ਉਪਲਬਧ ਸਰੋਤਾਂ ਦੇ ਵੀ ਟੁਕੜੇ ਹੋ ਗਏ ਜਿਸ ਨਾਲ ਕਿਸੇ ਵੀ ਦਿੱਤੀ ਜਾਣ ਵਾਲੀ ਸੇਵਾ ਦੀ ਕੁੱਲ ਲਾਗਤ ਨਿਰਧਾਰਤ ਕਰਨਾ ਔਖਾ ਹੋ ਗਿਆ। 2017-18 ਦੇ ਕੇਂਦਰੀ ਬਜਟ ਤੋਂ ਸ਼ੁਰਆਤ ਕਰਕੇ, ਬਜਟ ਦਸਤਾਵੇਜ਼ ਸਾਰੇ ਖਰਚਿਆਂ ਨੂੰ ਇਕੱਠਾ ਦਿਖਾ ਰਹੇ ਹਨ। ਇਹ ਆਸ ਕੀਤੀ ਜਾਂਦੀ ਹੈ ਕਿ ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਖਰਚੇ ਨੂੰ ਇਕੱਠਾ ਕਰਨ ਨਾਲ ਸਰੋਤਾਂ ਦਾ ਆਵੰਟਨ ਸੌਖਾ ਹੋ ਜਾਵੇਗਾ, ਇਸ ਨਾਲ ਰੂਪ ਰੇਖਾ ਨੂੰ ਨਤੀਜਿਆਂ ਨਾਲ ਬੇਹਤਰ ਤਰੀਕੇ ਨਾਲ ਜੋੜਿਆ ਜਾ ਸਕੇਗਾ। ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਖਰਚ ਦੇ ਰਲੇਵੇਂ ਦਾ ਮੁਲਾਂਕਣ ਕਰਨ ਲਈ ਬਣਾਏ ਸੰਚਾਲਨ ਸਮੂਹ ਨੇ ਇਹ ਦੇਖਿਆ ਕਿ ਸਰਕਾਰ ਦੇ ਖਰਚਾ ਬਜਟ ਵਿੱਚ ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਫਰਕ ਨੂੰ ਖਤਮ ਕਰ ਦੇਣ ਦਾ ਮਤਲਬ ਹੋਵੇਗਾ 'ਸਰੋਤਾਂ ਦੇ ਵੱਧ ਤੋਂ ਵੱਧ ਆਵੰਟਨ ਨੂੰ ਯਕੀਨੀ ਬਣਾਉਣਾ ਜਿਸ ਵਿੱਚ ਸਾਰੇ ਖੇਤਰਾਂ ਅਤੇ ਮੰਤਰਾਲਿਆਂ ਲਈ ਬਜਟ ਦੀ ਰੂਪ ਰੇਖਾ ਬਣਾਉਣ ਸਮੇਂ ਇਕੋ ਜਿਹਾ ਧਿਆਨ ਰੱਖਿਆ ਜਾਵੇਗਾ।'

ਹੁਣ ਤੱਕ ਬਜਟ ਵਿੱਚ ਦਲਿਤਾਂ ਲਈ ਆਵੰਟਨ ਅਨੁਸੂਚਿਤ ਜਾਤੀ ਉਪ-ਯੋਜਨਾ (ਐੱਸ ਸੀ ਐੱਸ ਪੀ) ਰਣਨੀਤੀ ਤਹਿਤ ਕੀਤਾ ਜਾਂਦਾ ਸੀ। ਇਸ ਅਧੀਨ ਯੋਜਨਾ ਰੂਪ ਰੇਖਾ ਦਾ 16.6 ਪ੍ਰਤਿਸ਼ਤ ਦਲਿਤਾਂ ਲਈ ਰਾਖਵਾਂ ਕੀਤਾ ਜਾਂਦਾ ਸੀ। ਇਸ ਸਾਲ ਦੇ ਬਜਟ ਵਿੱਚ 'ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਆਵੰਟਨਾਂ' ਨੂੰ ਸਟੇਟਮੈਂਟ 10-ਏ ਅਧੀਨ ਪੇਸ਼ ਕੀਤਾ ਗਿਆ ਹੈ, ਪਰ ਇਹ ਅਸਪੱਸ਼ਟ ਹੈ ਕਿ ਮੰਤਰਾਲਿਆਂ ਅਤੇ ਵਿਭਾਗਾਂ ਵਲੋਂ ਇਹ ਸੂਚਨਾ ਦੇਣ ਲਈ ਨਵੇਂ ਨਿਯਮ ਵਿਕਸਤ ਕੀਤੇ ਜਾਣ। ਬਹੁਤ ਸਾਰੇ ਰਾਜ ਹਨ ਜੋ ਨਵੀਆਂ ਬਜਟ ਪ੍ਰਥਾਵਾਂ ਨੂੰ ਕੇਂਦਰ ਸਰਕਾਰ ਦੇ ਹਿਸਾਬ ਨਾਲ ਅਮਲ ਵਿੱਚ ਲਿਆ ਕੇ ਇਸ ਫਰਕ ਨੂੰ ਮੇਟ ਦੇਣਗੇ। ਕੇਂਦਰ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਜ਼ਰੂਰੀ ਹੋਵੇਗਾ ਕਿ ਆਪਣੇ ਅਗਲੇ ਬਜਟ ਵਿੱਚ ਇਸ ਵਰਗ ਵੰਡ ਨੂੰ ਜਾਰੀ ਰੱਖਣ ਦਾ ਫੈਸਲਾ ਕਰਨ ਵਾਲੇ ਰਾਜਾਂ ਨੂੰ ਮੁਸ਼ਕਿਲਾਂ ਦਾ ਸਮਾਹਣਾ ਨਾ ਕਰਨਾ ਪਵੇ।

ਭਾਵੇਂ ਕਿ ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਦੇ ਫਰਕ ਨੂੰ ਹਟਾ ਦਿੱਤਾ ਗਿਆ ਹੈ, ਪਰ 'ਪੂੰਜੀਗਤ' ਅਤੇ 'ਮਾਲੀਏ' ਦੀ ਵਰਗ ਵੰਡ ਸਿੱਖਿਆ ਅਤੇ ਸਿਹਤ ਜਿਹੇ ਅਹਿਮ ਸਮਾਜਕ ਖੇਤਰਾਂ ਲਈ ਮੁਸ਼ਕਲਦਾਇਕ ਹੋ ਸਕਦੀ ਹੈ, ਜਿੱਥੇ ਸਰਕਾਰੀ ਖਰਚੇ ਦੇ ਵੱਡੇ ਹਿੱਸੇ ਨੂੰ 'ਮਾਲੀਆ ਖਰਚਾ' ਦੱਸਿਆ ਜਾਂਦਾ ਹੈ।

ਯੋਜਨਾਬੰਦੀ ਦੇ ਨਵੇਂ ਢਾਂਚੇ ਵਿੱਚ, ਯੋਜਨਾਬੰਦੀ ਦੀ ਭੂਮਿਕਾ ਅਤੇ ਮਹੱਤਵ, ਖ਼ਾਸ ਕਰਕੇ ਉਪਰਾਸ਼ਟਰੀ ਪੱਧਰ ਉਤੇ ਘਟਾ ਕੇ ਨਹੀਂ ਵੇਖਿਆ ਜਾਣਾ ਚਾਹੀਦਾ। ਇਹ ਪ੍ਰਮਾਣਿਤ ਗੱਲ ਹੈ ਕਿ ਵਿਕੇਂਦਰੀਕ੍ਰਿਤ ਯੋਜਨਾਬੰਦੀ, ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ, ਵਿਕਾਸ ਪਾੜੇ ਮੇਟਣ ਲਈ ਸਭ ਤੋਂ ਅਹਿਮ ਰਣਨੀਤੀ ਹੈ। ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਭਾਵੇਂ ਸੰਵਿਧਾਨਕ ਸੰਸਥਾਵਾਂ ਹਨ, ਪਰ ਇਹ ਨਜ਼ਰ-ਅੰਦਾਜ਼ ਹੀ ਰਹੀਆਂ ਹਨ। ਭਾਵੇਂ ਕਿ ਪੰਜ ਸਾਲਾ ਯੋਜਨਾ ਦੀ ਪਹਿਲ ਖਤਮ ਹੋ ਗਈ ਹੈ, ਪਰ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਜ਼ਿਲ੍ਹਾ ਅਤੇ ਰਾਜ ਪੱਧਰ ਉਤੇ ਬਿਲਕੁੱਲ ਹੇਠਲੇ ਪੱਧਰ ਤੋਂ ਯੋਜਨਾਬੰਦੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਪੂਰਬਲੀ ਪੰਜ ਸਾਲਾ ਯੋਜਨਾ ਪ੍ਰਕਿਰਿਆ ਦਾ ਇਕ ਮਹੱਤਵਪੂਰਨ ਉਦੇਸ਼ ਪੈਕੇਜ ਮਨਜ਼ੂਰ ਕਰਕੇ ਖੇਤਰੀ ਅਸਮਾਨਤਾਵਾਂ ਨੂੰ ਦਰੁਸਤ ਕਰਨਾ ਸੀ। ਇਹ ਧਿਆਨ ਦਾ ਕੇਂਦਰ ਬਿੰਦੂ ਬਣਿਆ ਰਹਿਣਾ ਚਾਹੀਦਾ ਹੈ, ਕੇਂਦਰੀ ਮੰਤਰਾਲਿਆਂ ਨੂੰ ਪਛੜੇ ਖੇਤਰਾਂ ਦੀ ਪਛਾਣ ਕਰਕੇ ਅਤੇ ਉਨ੍ਹਾਂ ਨੂੰ ਵਾਧੂ ਜਨਤਕ ਸਰੋਤ ਮੁਹੱਈਆ ਕਰਵਾ ਕੇ ਖੇਤਰੀ ਗ਼ੈਰ-ਬਰਾਬਰੀ ਨੂੰ ਘੱਟ ਕਰਨ ਲਈ ਦਖ਼ਲ ਦਿੰਦੇ ਰਹਿਣਾ ਚਾਹੀਦਾ ਹੈ।

### ਬਜਟ ਇਕ ਮਹੀਨਾ ਪਹਿਲਾਂ ਪੇਸ਼ ਕਰਨਾ

**ਕੇਂਦਰੀ ਬਜਟ ਇਸ ਸਾਲ ਇਕ ਮਹੀਨਾ ਪਹਿਲਾਂ, 1 ਫ਼ਰਵਰੀ ਨੂੰ ਪੇਸ਼ ਕੀਤਾ ਗਿਆ। ਪਿਛਲੇ ਸਾਲ ਤੱਕ, ਇਕ ਰਵਾਇਤ ਦੇ ਤੌਰ ਤੇ, ਲੋਕ ਸਭਾ ਵਿੱਚ ਬਜਟ ਹਰੇਕ ਸਾਲ ਫ਼ਰਵਰੀ ਦੇ ਆਖਰੀ ਦਿਨ ਰੱਖਿਆ ਜਾਂਦਾ ਸੀ। ਸੰਨ 2000 ਤੱਕ ਅਸੀ ਸ਼ਾਮ ਪੰਜ ਵਜੇ ਬਜਟ ਪੇਸ਼ ਕਰਨ ਦੀ ਬਰਤਾਨਵੀ ਕਾਲ ਦੀ ਪ੍ਰਥਾ ਦਾ ਪਾਲਣ ਕਰਦੇ ਰਹੇ, ਬਾਅਦ ਵਿੱਚ ਇਸ ਨੂੰ ਬਦਲ ਕੇ ਸਵੇਰ ਦੇ 11 ਵਜੇ ਕਰ ਦਿੱਤਾ ਗਿਆ।**

ਕੇਂਦਰੀ ਬਜਟ ਇਕ ਮਹੀਨਾ ਪਹਿਲਾਂ ਪੇਸ਼ ਕਰਨ ਦਾ ਇਹ ਅਸਰ ਪਵੇਗਾ ਕਿ ਇਸ ਲਈ ਸਾਰੀਆਂ ਵਿਧਾਨਕ ਮਨਜ਼ੂਰੀਆਂ ਲੈਣ ਦੀ ਪ੍ਰਕਿਰਿਆ ਨਵੇਂ ਵਿੱਤ ਵਰ੍ਹੇ ਦੇ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਪੂਰੀ ਹੋ ਜਾਵੇਗੀ, ਜਿਸ ਨਾਲ ਵੱਖ-ਵੱਖ ਮੰਤਰਾਲਿਆਂ ਨੂੰ ਇਹ ਯਕੀਨੀ ਕਰਨ ਵਿੱਚ ਮਦਦ ਮਿਲੇਗੀ ਕਿ ਕੇਂਦਰੀ ਪ੍ਰੋਗਰਾਮਾਂ ਅਤੇ ਸਕੀਮਾਂ ਲਈ ਰਾਜਾਂ ਨੂੰ ਪੈਸਾ ਪਹਿਲੀ ਤਿਮਾਹੀ ਵਿੱਚ ਹੀ ਜਾਰੀ ਕੀਤਾ ਜਾਵੇ। ਪਹਿਲਾਂ ਬਜਟ ਸੈਸ਼ਨ ਫ਼ਰਵਰੀ ਦੇ ਆਖਰੀ ਹਫ਼ਤੇ ਸ਼ੁਰੂ ਹੁੰਦਾ ਸੀ ਜੋ ਮੱਧ ਮਈ ਤੱਕ ਚੱਲਦਾ

ਸੀ। ਵਿਚਾਲੇ ਇਕ ਮਹੀਨਾ ਛੁੱਟੀਆਂ ਰਹਿੰਦੀਆਂ ਸਨ। ਵਿਨਿਯੋਗ ਬਿੱਲ ਬਜਟ ਸੈਸ਼ਨ ਦੇ ਦੂਜੇ ਅੱਧ ਵਿੱਚ ਹੀ ਪਾਸ ਕੀਤਾ ਜਾਂਦਾ ਸੀ, ਜਿਸ ਕਰਕੇ ਸਰਕਾਰ ਨੂੰ ਭਾਰਤ ਦੇ ਇਕੱਤਰ ਫ਼ੰਡ ਤੋਂ ਪੈਸਾ ਕਢਵਾਉਣ ਲਈ ਵੋਟ ਆਨ ਅਕਾਊਂਟ ਰਾਹੀਂ ਸੰਸਦ ਦੀ ਮਨਜ਼ੂਰੀ ਲੈਣੀ ਪੈਂਦੀ ਸੀ ਤਾਂ ਕਿ ਦੋ ਤਿੰਨ ਮਹੀਨੇ ਦੇ ਨਿਯਮਤ ਖਰਚੇ ਪੂਰੇ ਕੀਤੇ ਜਾ ਸਕਣ। 2017-18 ਦੇ ਬਜਟ ਨੂੰ ਇਕ ਮਹੀਨਾ ਪਹਿਲਾਂ ਪੇਸ਼ ਕਰਕੇ ਕੋਸ਼ਿਸ਼ ਇਹ ਹੈ ਕਿ ਖਰਚਾ ਕਰਨ ਵਾਲੇ ਸਾਰੇ ਮੰਤਰਾਲਿਆਂ ਨੂੰ ਰਾਜਾਂ ਅਤੇ ਅਮਲਕਾਰੀ ਏਜੰਸੀਆਂ ਨੂੰ ਨਵੇਂ ਮਾਲੀ ਸਾਲ ਦੇ ਅਰੰਭ ਤੋਂ ਹੀ ਪੈਸਾ ਜਾਰੀ ਕਰਨ ਲਈ ਹੱਲਾਸ਼ੇਰੀ ਦਿੱਤੀ ਜਾ ਸਕੇ।

ਪਰ ਇਥੇ ਕੁੱਝ ਜਨਮਜਾਤ ਚੁਣੌਤੀਆਂ ਵੀ ਹਨ। ਬਜਟ ਦੀ ਪੇਸ਼ਕਾਰੀ 1 ਫ਼ਰਵਰੀ ਨੂੰ ਕਰਨ ਦਾ ਇਕ ਨੁਕਸਾਨ ਵਿਆਪਕ ਮਾਲੀਏ ਅਤੇ ਖਰਚ ਅੰਕੜਿਆਂ ਦੀ ਗ਼ੈਰ ਉਪਲਬਧਤਾ ਹੈ। ਪਿਛਲੇ ਸਾਲ ਤੱਕ, ਜਦੋਂ ਤਾਈਂ, ਬਜਟ ਬਣਾਉਣ ਦੀ ਪ੍ਰਕਿਰਿਆ ਮੱਧ ਫ਼ਰਵਰੀ ਤੱਕ ਆਪਣੇ ਅੰਤਮ ਪੜਾਅ ਤੱਕ ਪੁੱਜਦੀ ਸੀ, ਮਾਲੀਏ ਦੀ ਵਸੂਲੀ ਅਤੇ ਖਰਚ ਦੇ ਰੁਝਾਨ ਬਾਰੇ ਅੰਕੜੇ ਮਾਲੀ ਸਾਲ ਦੇ ਪਹਿਲੇ ਨੌ ਮਹੀਨਿਆਂ ਲਈ ਆ ਜਾਂਦੇ ਸਨ। ਕੁੱਲ ਘਰੇਲੂ ਉਤਪਾਦ ਅਤੇ ਅਰਥਚਾਰੇ ਵਿੱਚ ਖੇਤਰ ਵਿਕਾਸ ਬਾਰੇ ਅੰਕੜੇ, ਜੋ ਇਸ ਸਾਲ ਦਾ ਬਜਟ ਤਿਆਰ ਕਰਨ ਲਈ ਵਰਤੇ ਗਏ ਹਨ, ਉਹ 2016-17 ਦੇ ਮਾਲੀ ਸਾਲ ਦੀਆਂ ਪਹਿਲੀਆਂ ਦੋ ਤਿਮਾਹੀਆਂ ਉਤੇ ਅਧਾਰਤ ਹੀ ਹੋਣਗੇ। ਇਸ ਦੇ ਨਾਲ ਹੀ, ਤਾਰੀਖ ਪਹਿਲਾਂ ਕਰਨਾ ਦੂਜੀਆਂ ਮੁਸ਼ਕਲਾਂ ਨਾਲ ਵੀ ਭਰਿਆ ਹੋਵੇਗਾ। ਕੀ ਪਾਰਲੀਮੈਂਟ ਦੇ ਸਦਨਾਂ ਅਤੇ ਸਟੈਂਡਿੰਗ ਕਮੇਟੀਆਂ ਨੂੰ ਬਜਟ ਉਤੇ ਚਰਚਾ ਕਰਨ ਲਈ ਢੁੱਕਵਾਂ ਸਮਾਂ ਮਿਲੇਗਾ, ਇਹ ਸਵਾਲ ਬਣਿਆ ਹੋਇਆ ਹੈ।

## ਇਕੱਤ੍ਰਿਤ ਨਤੀਜੇ ਬਜਟ

ਬਜਟ ਭਾਸ਼ਨ ਵਿੱਚ ਇਕੱਤ੍ਰਿਤ ਨਤੀਜੇ ਬਜਟ ਪੇਸ਼ ਕਰਨ ਦਾ ਐਲਾਨ ਕੀਤਾ ਗਿਆ ਜਿਸ ਦੇ ਦਾਇਰੇ ਵਿੱਚ ਪਹਿਲੀ ਵਾਰ ਸਾਰੇ ਮੰਤਰਾਲੇ ਅਤੇ ਵਿਭਾਗ ਆਉਣਗੇ। ਇਸ ਦਾ ਉਦੇਸ਼ ਜਨਤਕ ਖਰਚ ਤੋਂ ਮਿਲਣ ਵਾਲੇ ਨਤੀਜਿਆਂ ਉਤੇ ਧਿਆਨ ਕੇਂਦਰਿਤ ਕਰਨ ਨੂੰ ਮਜਬੂਤੀ ਦੇਣਾ ਹੈ, ਖ਼ਾਸ ਕਰਕੇ ਵਿਕਾਸ ਪ੍ਰੋਗਰਾਮਾਂ ਅਤੇ ਸਕੀਮਾਂ ਉਤੇ। ਇਸ ਦਸਤਾਵੇਜ਼ ਨੂੰ ਤਿਆਰ ਕਰਨ ਨਾਲ ਸਰਕਾਰੀ ਪ੍ਰੋਗਰਾਮਾਂ ਤਹਿਤ ਇੱਛਤ ਨਤੀਜੇ ਹਾਸਲ ਕਰਨ ਲਈ ਜਨਤਕ ਪੈਸੇ ਦੀ ਵਰਤੋਂ ਬਾਰੇ ਅਹਿਮ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇਗੀ।

## ਬਜਟ ਦੀ ਮਜਬੂਤੀ ਲਈ ਦੂਜੇ ਕਦਮ

ਬਜਟ ਪ੍ਰਕਿਰਿਆਵਾਂ ਵਿੱਚ ਇਨ੍ਹਾਂ ਬਦਲਾਵਾਂ ਦੇ ਧਿਆਨ ਦਾ ਕੇਂਦਰ ਜਨਤਕ ਖਰਚ ਪ੍ਰਬੰਧਨ ਵਿੱਚ ਸੁਧਾਰ ਕਰਨਾ ਹੈ, ਇਸ ਲਈ ਸਾਰੇ ਕਦਮ ਸਹੀ ਦਿਸ਼ਾ ਵਿੱਚ ਹਨ। ਪਰ ਸਮਾਜਕ ਖੇਤਰ ਵਿੱਚ ਸਰਕਾਰੀ ਖਰਚ ਦੇ ਨਤੀਜਿਆਂ ਵਿੱਚ ਸੁਧਾਰ ਲਈ ਕਦਮ ਹੀ ਕਾਫੀ ਨਹੀਂ ਹਨ। ਵਿਕਾਸ ਯੋਜਨਾਵਾਂ ਤਿਆਰ ਕਰਨ ਲਈ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੀ ਮਜਬੂਤੀ ਬਹੁਤ ਅਹਿਮ ਹੈ ਜਿਨ੍ਹਾਂ ਨੂੰ ਇਸ ਦਾ ਸੰਵਿਧਾਨਕ ਜਨਾਦੇਸ਼ ਪ੍ਰਾਪਤ ਹੈ। ਸਮਾਜਕ ਖੇਤਰ ਦੇ ਪ੍ਰੋਗਰਾਮਾਂ ਵਿੱਚ ਸਰਕਾਰੀ ਖਰਚ ਬਾਰੇ ਖਿੱਲਰੀ ਪਈ ਜਾਣਕਾਰੀ ਤੱਕ ਪਹੁੰਚ ਕਰਨੀ, ਜ਼ਿਲ੍ਹਾ ਪੱਧਰ ਉਤੇ ਹਾਲੇ ਵੀ ਇਕ ਚੁਣੌਤੀ ਬਣੀ ਹੋਈ ਹੈ। ਸਮੇਂ ਸਿਰ ਅਤੇ ਪਹੁੰਚ ਵਿਚਲੇ ਤਰੀਕੇ ਨਾਲ ਇਸ ਜਾਣਕਾਰੀ ਨੂੰ ਪ੍ਰਕਾਸ਼ਤ ਕਰਨਾ ਅਤੇ ਇਸ ਨੂੰ ਜਨਤਾ ਵਿੱਚ ਉਪਲਬਧ ਕਰਵਾਉਣਾ, ਵਿਕਾਸ ਸਕੀਮਾਂ ਵਿੱਚ ਪੈਸੇ ਦੀ ਵਰਤੋਂ, ਬਾਰੇ ਜਨਤਕ ਨਿਗਰਾਨੀ ਨਾਲ, ਜਨਤਕ ਖਰਚ ਬਾਰੇ ਵਧੀਆ ਨਤੀਜੇ ਮਿਲਣਗੇ। ਇਨ੍ਹਾਂ ਮਹੱਤਵਪੂਰਨ ਉਦੇਸ਼ਾਂ ਨੂੰ ਵੀ ਬਜਟ ਪ੍ਰਕਿਰਿਆ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਹੈ।

*(ਲੇਖਕ ਬਜਟ ਅਤੇ ਸ਼ਾਸਕ ਜਵਾਬਦੇਹੀ ਲਈ ਕੇਂਦਰ ਵਿੱਚ ਕਾਨੂੰਨੀ ਟੀਮ ਦੇ ਮੁਖੀ ਹਨ ਜੋ ਕਿ ਦਿੱਲੀ ਦੀ ਨੀਤੀ ਖੋਜ ਅਤੇ ਕਾਨੂੰਨੀ ਸੰਸਥਾ ਹੈ)*

*e-mail :happy@cbgaindia.org*

***ਸਫ਼ਾ 16 ਦੀ ਬਾਕੀ***

ਤੋਂ ਬਾਅਦ ਆਰਥਿਕਤਾ ਵਿੱਚ ਆਇਆ ਧੀਮਾਪਨ, ਇਸ ਸਰੋਤ ਤੋਂ ਹੋਣ ਵਾਲੀ ਕਰ ਉਗਰਾਹੀ ਨੂੰ ਘੱਟ ਕਰ ਸਕਦਾ ਹੈ।

ਭਾਵੇਂ ਕਿ ਉਪਰ ਕੀਤੀ ਗਈ ਚਰਚਾ ਅਨੁਮਾਨਿਤ ਮਾਲੀਆ ਉਗਰਾਹੀ ਨਾਲ ਸੰਬੰਧਿਤ ਹੈ, ਇਥੋਂ ਤੱਕ ਕਿ ਫੁਟਕਲ ਪੂੰਜੀਗਤ ਪ੍ਰਾਪਤੀਆਂ, ਜਿਸ ਵਿੱਚ ਅਪਨਿਵੇਸ਼ ਪ੍ਰਾਪਤੀਆਂ, ਰਣਨੀਤਕ ਅਪਨਿਵੇਸ਼ ਅਤੇ ਦੂਜੇ (ਬੀਮਾ ਕੰਪਨੀਆਂ ਦਾ ਸੂਚੀਕਰਨ) ਦੇ ਅਨੁਮਾਨ ਵੀ ਵਾਧੇ ਵਾਲੇ ਪਾਸੇ ਜਾਪਦੇ ਹਨ। ਅਜਿਹਾ ਇਸ ਤੱਥ ਕਰਕੇ ਹੈ ਕਿ 2016-17 (ਬੀ ਈ) ਦੇ ਰਣਨੀਤਕ ਅਪਨਿਵੇਸ਼ ਅਨੁਮਾਨਾਂ ਦਾ ਬਹੁਤ ਛੋਟਾ ਭਾਗ ਅਸਲ ਵਿੱਚ 2016-17 (ਬੀ ਈ) ਵਿੱਚ ਅਮਲ ਵਿੱਚ ਆ ਸਕਿਆ (ਤਾਲਿਕਾ-5)।

## ਕਰ ਪ੍ਰਬੰਧਨ

ਇਨ੍ਹਾਂ ਚੁਣੌਤੀਆਂ ਨੂੰ ਵੇਖਦਿਆਂ, ਇਹ ਸਪੱਸ਼ਟ ਨਹੀਂ ਕਿ ਅਨੁਮਾਨਿਤ ਮਾਲੀਆ ਵਾਧੇ ਨੂੰ ਕਿੰਨਾ ਸਹੀ ਮੰਨਿਆ ਜਾ ਸਕਦਾ ਹੈ, ਪਰ, ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ 2017-18 (ਬੀ ਈ) ਵਿੱਚ ਅਨੁਮਾਨਿਤ ਮਾਲੀਆ ਇਜ਼ਾਫੇ ਦਾ ਇਕ ਹਿੱਸਾ, ਨੋਟਬੰਦੀ ਤੋਂ ਬਾਅਦ ਸੁਧਰੀ ਹੋਈ ਕਰ ਪਾਲਣਾ ਰਾਹੀਂ ਬਿਆਨ ਕੀਤਾ ਜਾ ਸਕਦਾ ਹੈ। ਇਸ ਸੰਦਰਭ ਵਿੱਚ ਇਹ ਜ਼ਿਕਰ ਕਰਨ ਦੀ ਲੋੜ ਹੈ ਕਿ ਕਰ ਪ੍ਰਬੰਧਨ ਵਿੱਚ ਕਰ ਉਗਰਾਹੀ ਦੀ ਪਾਲਣਾ ਕਰਨ ਲਈ ਮਨੁੱਖੀ ਸਰੋਤ, ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਆਮਦਨ ਕਰ ਵਿਭਾਗ ਵਿੱਚ ਮਨੁੱਖੀ ਸਰੋਤਾਂ ਦੀ ਵੱਡੀ ਕਮੀ ਹੈ, ਜਿਥੇ ਪ੍ਰਵਾਨਿਤ ਅਸਾਮੀਆਂ ਵਿੱਚੋਂ 30 ਪ੍ਰਤਿਸ਼ਤ ਘੱਟ ਹਨ। ਇਸ ਕਰਕੇ ਕਰ ਪਾਲਣਾ ਪਟੜੀ ਤੋਂ ਉੱਤਰ ਸਕਦੀ ਹੈ ਅਤੇ ਕਰ ਉਗਰਾਹੀ ਉਤੇ ਵੀ ਅਸਰ ਪੈ ਸਕਦਾ ਹੈ। ਇਸ ਲਈ, ਜਦੋਂ ਤੱਕ ਸਰਕਾਰ ਇਨ੍ਹਾਂ ਚੁਣੌਤੀਆਂ ਨਾਲ ਸਿੱਝਣ ਵਾਸਤੇ ਕਦਮ ਨਹੀਂ ਚੁੱਕਦੀ, ਕੁੱਲ ਉਗਰਾਹੀ ਅਤੇ ਖ਼ਾਸ ਕਰਕੇ ਸਿੱਧੇ ਟੈਕਸਾਂ ਦੀ ਉਗਰਾਹੀ ਵਿੱਚ ਅਨੁਮਾਨਿਤ ਵੱਡੇ ਵਾਧੇ ਨੂੰ ਬੂਰ ਪੈਣਾ ਮੁਸ਼ਕਿਲ ਜਾਪਦਾ ਹੈ।

*(ਲੇਖਿਕਾ ਨਵੀਂ ਦਿੱਲੀ ਵਿਖੇ ਨੀਤੀ ਖੋਜ ਸੰਸਥਾ ਸੈਂਟਰ ਫਾਰ ਬਜਟ ਐਂਡ ਗਵਰਨੈਂਸ ਅਕਾਉਂਟਿਬਿਲਿਟੀ (ਸੀ ਬੀ ਜੀ ਏ), ਲਈ ਕੰਮ ਕਰਦੀ ਹੈ)*

*e-mail :malini@cbgaindia.org*

**ਯੋਜਨਾ (ਪੰਜਾਬੀ)**

**ਦਾ ਅਗਲਾ ਅੰਕ**

- **ਅਪ੍ਰੈਲ 2017 – ਇਹ ਅੰਕ *ਕਿਰਤ ਭਲਾਈ* ਉੱਤੇ ਕੇਂਦਰਿਤ ਹੋਵੇਗਾ।**

# ਆਰਥਿਕ ਸਰਵੇਖਣ 2016–17 – ਭਾਰਤੀ ਆਰਥਿਕਤਾ ਦਾ ਸਵਾਟ ਵਿਸ਼ਲੇਸ਼ਣ

ਰਵਿੰਦਰ ਐੱਚ ਢੋਲਕੀਆ

ਸੰਸਦ ਵਿੱਚ 31 ਜਨਵਰੀ 2017 ਨੂੰ ਪੇਸ਼ ਕੀਤੇ ਗਏ 2016–17 ਦੇ ਆਰਥਿਕ ਸਰਵੇਖਣ ਵਿੱਚ ਬੀਤੇ ਸਮੇਂ ਵਿੱਚ ਭਾਰਤ ਦੀ ਆਰਥਿਕ ਕਾਰਗੁਜ਼ਾਰੀ ਦਾ, ਤਾਜ਼ਾ ਘਟਨਾਵਾਂ ਨੂੰ ਧਿਆਨ ਵਿੱਚ ਰੱਖ ਕੇ, ਜ਼ਿਕਰ ਕੀਤਾ ਗਿਆ ਹੈ। ਇਸ ਵਿੱਚ ਸਮੱਸਿਆਵਾਂ, ਚੁਨੌਤੀਆਂ, ਸੰਭਾਵਿਤ ਹੱਲਾਂ ਅਤੇ ਸੰਭਾਵਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਜ਼ਿਕਰ ਵਿਸਤ੍ਰਿਤ ਖੋਜ ਅਤੇ ਸਬੂਤਾਂ ਸਮੇਤ ਤਿਆਰ ਕੀਤਾ ਗਿਆ ਹੈ। ਇਹ ਇਕ ਵੱਡਾ ਕਦਮ ਸੀ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਰਕਾਰੀ ਅਧਿਕਾਰੀਆਂ, ਖੋਜਕਾਰਾਂ ਅਤੇ ਵਿਦਵਾਨਾਂ ਨੇ ਹਿੱਸਾ ਪਾਇਆ।

**ਇਸ ਵਾਰੀ ਸਰਵੇਖਣ ਸਿਰਫ ਇਕੋ ਜਿਲਦ ਵਿੱਚ ਪੇਸ਼ ਕੀਤਾ ਗਿਆ ਜਦ ਕਿ ਪਿਛਲੇ ਕੁਝ ਸਾਲਾਂ ਵਿੱਚ ਅਜਿਹਾ ਨਹੀਂ ਹੁੰਦਾ ਸੀ। ਬਾਕੀ ਇਕ ਹੋਰ ਜਿਲਦ ਵਿੱਚ 2016–17 ਸਾਲ ਵਿੱਚ ਆਰਥਿਕਤਾ ਦੀ ਕਾਰਗੁਜ਼ਾਰੀ ਦਾ ਵਿਸਤ੍ਰਿਤ ਵੇਰਵਾ ਹੋਵੇਗਾ ਜਿਸ ਨੂੰ ਬਾਅਦ ਵਿੱਚ ਇਕੱਲੇ ਤੌਰ ਤੇ ਪੇਸ਼ ਕੀਤਾ ਜਾਵੇਗਾ। ਇਸ ਲਈ ਸਰਵੇਖਣ ਵਿੱਚ ਮੁੱਖ ਤੌਰ ਤੇ ਭਾਰਤੀ ਆਰਥਿਕਤਾ ਦੀਆਂ ਮੁਢਲੀਆਂ ਤਾਕਤਾਂ, ਕਮਜ਼ੋਰੀਆਂ, ਮੌਕਿਆਂ ਅਤੇ ਵੰਗਾਰਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਨੂੰ ਆਮ ਤੌਰ ਤੇ ਭਾਰਤੀ ਆਰਥਿਕਤਾ ਦਾ ਸਵਾਟ ਵਿਸ਼ਲੇਸ਼ਣ ਕਿਹਾ ਜਾਂਦਾ ਹੈ।**

ਇਸ ਵਿਸ਼ਲੇਸ਼ਣ ਲਈ ਸਾਹਿਤ ਦੇ ਅਧਿਐਨ, ਪ੍ਰਿੰਟ ਅਤੇ ਦ੍ਰਿਸ਼ ਮੀਡੀਆ ਦੀਆਂ ਕੁਮੈਂਟਰੀਆਂ ਅਤੇ ਇਸ ਉਦੇਸ਼ ਲਈ ਸਰਕਾਰੀ ਵਿਭਾਗਾਂ ਅਤੇ ਖੋਜ ਸੰਸਥਾਨਾਂ ਵਿੱਚ ਕੀਤੇ ਗਏ ਤਾਜ਼ਾ ਅਧਿਐਨ ਦਾ ਸਹਾਰਾ ਲਿਆ ਜਾਂਦਾ ਹੈ। ਮੌਜੂਦਾ ਲੇਖ ਵਿੱਚ ਸੰਖੇਪ ਵਿੱਚ ਭਾਰਤੀ ਆਰਥਿਕਤਾ ਸੰਬੰਧੀ ਮੁੱਖ ਮੁੱਦਿਆਂ ਉਤੇ ਵਿਚਾਰ ਕੀਤੀ ਗਈ ਹੈ। ਇਹ ਵਿਚਾਰ ਵੱਖ ਸਿਰਲੇਖਾਂ, ਜਿਵੇਂ ਕਿ ਤਾਕਤਾਂ, ਕਮਜ਼ੋਰੀਆਂ, ਮੌਕਿਆਂ ਅਤੇ ਵੰਗਾਰਾਂ ਅਧੀਨ ਕੀਤੀ ਗਈ ਹੈ।

## ਤਾਕਤਾਂ

1. ਮੰਦੇ ਵਿਸ਼ਵ ਆਰਥਿਕ ਚੌਗਿਰਦੇ ਅਤੇ ਫੈਲੇ ਹੋਏ ਧੀਮੀ ਗਤੀ ਦੇ ਮਾਹੌਲ ਵਿੱਚ ਭਾਰਤੀ ਆਰਥਿਕਤਾ ਸਮੁੱਚੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨਾਲ ਫੇਰ ਵੀ ਇਕ ਚਮਕਦਾ ਚਿੰਨ੍ਹ ਪੇਸ਼ ਕਰਦੀ ਹੈ। ਭਾਵੇਂ ਕਿ ਸਰਵੇਖਣ ਵਿੱਚ 2016–17 ਵਿੱਚ 6.5 ਪ੍ਰਤਿਸ਼ਤ ਤੋਂ 6.75 ਪ੍ਰਤਿਸ਼ਤ ਦਰਮਿਆਨ ਵਾਧੇ ਦੀ ਭਵਿੱਖਬਾਣੀ ਕੀਤੀ ਗਈ ਹੈ, ਪਰ ਮਾਲੀ ਨੀਤੀ ਕਮੇਟੀ ਦੇ ਅਨੁਮਾਨ ਅਨੁਸਾਰ ਇਹ 7 ਪ੍ਰਤਿਸ਼ਤ ਦੇ ਲਗਭਗ ਹੋਵੇਗੀ ਜੋ ਭਾਰਤ ਨੂੰ ਦੁਨੀਆਂ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵੱਧ ਰਹੀ ਵੱਡੀ ਆਰਥਿਕਤਾ ਵਾਲਾ ਦੇਸ਼ ਬਣਾ ਦਿੰਦੀ ਹੈ। ਮੁਦਰਾ ਪ੍ਰਸਾਰ ਦਰ 4 ਤੋਂ 5 ਪ੍ਰਤਿਸ਼ਤ ਦਰਮਿਆਨ ਹੈ ਅਤੇ ਇਹ ਘੱਟ ਰਹੀ ਹੈ। ਬਾਕੀ ਭੁਗਤਾਨ ਦਾ ਚਾਲੂ ਖਾਤੇ ਦਾ ਘਾਟਾ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦੇ 1 ਪ੍ਰਤਿਸ਼ਤ ਤੋਂ ਵੀ ਘੱਟ ਹੈ ਜਦ ਕਿ ਡਾਲਰ – ਰੁਪਿਆ ਵਟਾਂਦਰਾ ਦਰ ਵਾਜਬ ਤੌਰ ਤੇ ਸਥਿਰ ਹੈ। ਵਿਦੇਸ਼ੀ ਕਰਜ਼ਾ ਸੁਰੱਖਿਅਤ ਹੱਦ ਵਿੱਚ ਹੈ। ਪਿਛਲੇ ਕੁਝ ਸਾਲਾਂ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਅਪਣਾਏ ਜਾ ਰਹੇ ਵਿੱਤੀ ਅਨੁਸ਼ਾਸਨ ਅਤੇ ਮਜ਼ਬੂਤੀ ਦੇ ਰਸਤੇ ਵਿੱਚ ਕੋਈ ਗੜਬੜ ਹੋਣ ਦੀ ਆਸ ਨਹੀਂ। ਅਜਿਹਾ ਉੱਜਵਲ ਡਿਸਕਾਮ ਐਸ਼ੋਰੈਂਸ ਯੋਜਨਾ (ਉਦੈ) ਉੱਤੇ ਅਮਲ ਦੇ ਬਾਵਜੂਦ ਹੋ ਰਿਹਾ ਹੈ।

2. ਐਫ ਡੀ ਆਈ ਸੁਧਾਰ ਕਦਮਾਂ ਨੇ ਯਕੀਨੀ ਬਣਾਇਆ ਹੈ ਕਿ ਭਾਰਤ ਨੂੰ ਵੱਡਾ ਤੇ ਸਿੱਧਾ ਵਿਦੇਸ਼ੀ ਨਿਵੇਸ਼ (ਐਫ ਡੀ ਆਈ) ਹਾਸਲ ਹੋ ਰਿਹਾ ਹੈ। ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਿੱਚ ਇਹ 2015–16 ਵਿੱਚ 1.75 ਪ੍ਰਤਿਸ਼ਤ ਤੋਂ ਵਧ ਕੇ 2016–17 ਦੀ ਦੂਜੀ ਤਿਮਾਹੀ ਵਿੱਚ 3.2 ਪ੍ਰਤਿਸ਼ਤ ਉਤੇ ਪਹੁੰਚ ਗਿਆ ਹੈ। ਵਿਦੇਸ਼ੀ ਕਰੰਸੀ ਦੇ ਭੰਡਾਰ ਦਸੰਬਰ 2016 ਤੱਕ 360 ਬਿਲੀਅਨ ਡਾਲਰ ਉਤੇ ਪਹੁੰਚ ਗਏ ਸਨ ਜੋ ਕਿ ਅੰਤਰਰਾਸ਼ਟਰੀ ਸ਼ਰਤਾਂ ਦੀ ਪੂਰਤੀ ਤੋਂ ਕਾਫੀ ਵੱਧ ਸਨ।

3. ਥੋਕ ਕੀਮਤ ਸੂਚਕ ਅੰਕ (ਡਬਲਯੂ ਪੀ ਆਈ) ਅਤੇ ਖਪਤਕਾਰ ਕੀਮਤ ਸੂਚਕ ਅੰਕ ਰਾਹੀਂ ਮਿਣਤੀ ਦੇ ਹਿਸਾਬ ਨਾਲ ਮੁਦਰਾ ਪ੍ਰਸਾਰ ਦਰਾਂ ਵਿੱਚ ਜੋ ਵੱਡਾ ਫਰਕ ਚਲਿਆ ਆ ਰਿਹਾ ਸੀ, ਉਹ ਹੁਣ ਪੂਰਾ ਹੋ ਗਿਆ ਹੈ ਅਤੇ ਆਰਥਿਕਤਾ ਵਿੱਚ ਕੀਮਤਾਂ ਵਿੱਚ ਸਥਿਰਤਾ ਆਈ ਹੈ। ਇਸ ਦੇ ਨਤੀਜੇ ਵਜੋਂ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਵਿੱਚ ਆਮ ਵਾਧਾ ਬਹਾਲ ਹੋ ਗਿਆ ਹੈ ਜੋ ਕਿ ਸਰਕਾਰ ਦੀ ਆਮਦਨ ਦਾ ਵਾਧਾ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

4. ਉੱਚ ਕੀਮਤ ਵਾਲੀ ਕਰੰਸੀ ਦੀ ਸਫਲ ਨੋਟਬੰਦੀ ਦੇ ਭ੍ਰਿਸ਼ਟਾਚਾਰ ਘਟਾਉਣ, ਘਰੇਲੂ ਬੱਚਤਾਂ ਵਧਣ ਅਤੇ ਟੈਕਸ ਦਾਇਰਾ ਵਧਣ ਵਰਗੇ ਲੰਬੀ ਮਿਆਦ ਦੇ ਫਾਇਦੇ ਮਿਲਣ ਦੀ

ਆਸ ਹੈ।

5. ਸਮਾਨ ਅਤੇ ਸੇਵਾ ਟੈਕਸ ਬਿੱਲ ਸੰਸਦ ਵਲੋਂ ਪਾਸ ਕਰ ਦਿੱਤਾ ਗਿਆ ਹੈ ਅਤੇ ਇਸ ਨੂੰ ਲਾਗੂ ਕਰਨ ਦੇ ਨਤੀਜੇ ਵਜੋਂ ਇਕ ਇਕਹਿਰੀ ਦੇਸ਼ ਪੱਧਰੀ ਮਾਰਕੀਟ ਬਣ ਜਾਵੇਗੀ, ਟੈਕਸ ਵਸੂਲੀ ਵਧੀਆ ਹੋਵੇਗੀ, ਉੱਚ ਨਿਵੇਸ਼ ਅਤੇ ਵਿਕਾਸ ਹੋ ਸਕੇਗਾ ਅਤੇ ਚੰਗਾ ਪ੍ਰਸ਼ਾਸਨ ਲਾਗੂ ਹੋਵੇਗਾ।

6. ਵਿਸ਼ਵ ਨਿਰਮਾਣ ਬਰਾਮਦ ਵਿੱਚ ਭਾਰਤ ਦਾ ਹਿੱਸਾ ਵਧ ਰਿਹਾ ਹੈ ਕਿਉਂਕਿ ਉੱਚ ਪੂੰਜੀਗਤ ਖਰਚੇ ਹੋਣ ਅਤੇ ਮੁਦਰਾ ਪ੍ਰਸਾਰ ਦੇ ਵਧਣ ਦੇ ਬਾਵਜੂਦ ਸਾਡਾ ਦੇਸ਼ ਮੁਕਾਬਲੇ ਵਿੱਚ ਚੱਲ ਰਿਹਾ ਹੈ।

7. ਭਾਰਤ ਵਿੱਚ ਅੰਤਰਰਾਜੀ ਵਪਾਰ ਵਿੱਚ ਵਸਤਾਂ ਦੀ ਅੰਦਰੂਨੀ ਗਤੀਸ਼ੀਲਤਾ ਕੁੱਲ ਘਰੇਲੂ ਉਤਪਾਦ ਦਾ 58 ਪ੍ਰਤਿਸ਼ਤ ਜਾਂ ਅੰਤਰਰਾਸ਼ਟਰੀ ਵਪਾਰ ਦਾ 1.7 ਗੁਣਾ ਹੈ। ਇਸੇ ਤਰ੍ਹਾਂ ਪ੍ਰਵਾਸ ਨਾਲ ਸੰਬੰਧਿਤ ਕੰਮ ਵੀ ਕਾਫੀ ਹੈ।

8. ਮੌਸਮ ਤਬਦੀਲੀ ਪ੍ਰਤਿ ਵਚਨਬੱਧਤਾ ਦੇ ਮਾਮਲੇ ਵਿੱਚ ਭਾਰਤ ਨੇ ਹੋਰ ਬਹੁਤ ਸਾਰੇ ਦੇਸ਼ਾਂ ਨੂੰ ਪੈਟ੍ਰੋਲੀਅਮ ਅਤੇ ਡੀਜ਼ਲ ਉੱਤੇ ਟੈਕਸ ਲਗਾਉਣ ਦੇ ਮਾਮਲੇ ਵਿੱਚ ਕਾਫੀ ਪਿੱਛੇ ਛੱਡਿਆ ਹੈ।

9. ਜਨਅੰਕੜਾ ਵਿਗਿਆਨ ਵਿੱਚ ਦੂਜੇ ਦੇਸ਼ਾਂ ਦੇ ਮੁਕਾਬਲੇ ਭਾਰਤ ਨੂੰ ਇਕ ਵਿਸ਼ੇਸ਼ ਲਾਭ ਹਾਸਲ ਹੈ। ਕਈ ਵੱਡੇ ਰਾਜਾਂ ਦਾ ਵੱਖ-ਵੱਖ ਅੰਕੜਾ ਵਿਗਿਆਨ ਇਹ ਯਕੀਨੀ ਬਣਾਵੇਗਾ ਕਿ ਦੇਸ਼ ਨੂੰ ਕਈ ਦੂਜੇ ਦੇਸ਼ਾਂ ਦੇ ਮੁਕਾਬਲੇ ਲੰਬੇ ਸਮੇਂ ਤੱਕ ਇਸ ਦਾ ਲਾਭ ਹਾਸਲ ਹੋਵੇ।

10. ਜਨ-ਧਨ ਯੋਜਨਾ, ਅਧਾਰ ਕਾਰਡ ਅਤੇ ਮੋਬਾਈਲ ਫੋਨਾਂ ਦਾ ਦੇਸ਼ ਵਿੱਚ ਇਕ ਵਿਸਤ੍ਰਿਤ ਨੈੱਟਵਰਕ ਅਤੇ ਢਾਂਚਾ ਕਾਇਮ ਕੀਤਾ ਗਿਆ ਹੈ ਜੋ ਕਿ ਨਿਸ਼ਾਨੇ ਵਾਲੇ ਗਰੁੱਪਾਂ ਅਤੇ ਦੂਰ-ਦੁਰਾਡੇ ਇਲਾਕਿਆਂ ਵਿੱਚ ਸਿੱਧੇ ਤੌਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚ ਸਕੇ।

11. ਦੇਸ਼ ਭਰ ਵਿੱਚ ਸਿਹਤ ਨਤੀਜਿਆਂ, ਜਿਵੇਂ ਕਿ ਗਰਭ ਧਾਰਨ ਅਤੇ ਜਣਨ ਸ਼ਕਤੀ ਦਰਾਂ ਦਾ ਇਕ ਥਾਂ ਇਕੱਠ ਹੋਵੇਗਾ।

12. ਉਪਰ ਦੱਸੀਆਂ ਸਾਰੀਆਂ ਮਜ਼ਬੂਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤੀ ਆਰਥਿਕਤਾ ਵਿੱਚ ਸਹੀ ਅਰਥਾਂ ਵਿੱਚ ਦਰਮਿਆਨੀ ਅਤੇ ਲੰਬੀ ਮਿਆਦ ਵਿੱਚ 8-10 ਪ੍ਰਤਿਸ਼ਤ ਤੱਕ ਵਾਧੇ ਦੀ ਸੰਭਾਵਨਾ ਹੈ। ਇਸ ਨਾਲ ਭਾਰਤ ਵਿੱਚ ਹੋਰ ਦੇਸ਼ਾਂ ਦੇ ਮੁਕਾਬਲੇ ਵਿੱਚ ਨਿਵੇਸ਼ ਦਾ ਸਹੀ ਮੁੱਲ ਮਿਲੇਗਾ।

**ਆਰਥਿਕਤਾ ਦੀ ਇਕ ਹੋਰ ਮਜਬੂਤੀ, ਜੋ ਕਿ ਸਰਵੇਖਣ ਵਿੱਚੋਂ ਗਾਇਬ ਹੈ, ਉਹ ਇਹ ਹੈ ਕਿ ਭਾਰਤ ਇਕ ਮਾਨਤਾ ਪ੍ਰਾਪਤ ਲੋਕਰਾਜੀ ਦੇਸ਼ ਹੈ ਜਿਸ ਵਿੱਚ ਸਭ ਪੱਧਰਾਂ ਉਤੇ ਵਾਜਬ ਵਿਕਸਤ ਸੰਸਥਾਵਾਂ ਕੰਮ ਕਰ ਰਹੀਆਂ ਹਨ ਅਤੇ ਪ੍ਰਸ਼ਾਸਨ ਅਤੇ ਫੈਸਲੇ ਲੈਣ ਵਿੱਚ ਜਨਤਾ ਦੀ ਭਾਈਵਾਲੀ ਵਧੀ ਹੈ। ਇਹ ਅਹਿਮ ਨੁਕਤਾ ਅੰਤਰਰਾਸ਼ਟਰੀ ਨਿਵੇਸ਼ਕਾਂ ਲਈ ਕਾਫੀ ਅਹਿਮੀਅਤ ਰੱਖਦਾ ਹੈ।**

## ਕਮਜ਼ੋਰੀਆਂ

1. ਭਾਰਤੀ ਆਰਥਿਕਤਾ ਦੀ ਇਕ ਪ੍ਰਮੁੱਖ ਕਮਜ਼ੋਰੀ ਇਸ ਦੀ ਸਮਰੱਥਾ ਦੇ ਸੰਦਰਭ ਵਿੱਚ ਇਹ ਹੈ ਕਿ ਇਸ ਦੀ ਸਮਾਜ ਪੱਖੀ ਵਿਸ਼ਾਲ ਵਿਚਾਰਧਾਰਾ ਅਤੇ ਰਾਏ ਹੈ। ਇਹ ਰਾਏ ਆਮਦਨ ਅਤੇ ਸਿਹਤ ਦੀ ਮੁੜ ਤੋਂ ਵੰਡ, ਸੇਵਾ ਪ੍ਰਦਾਨ ਕਰਨ ਅਤੇ ਮੰਡੀ ਨਿਯਮਾਂ ਦੀ ਸਮਰੱਥਾ ਦੇ ਵਿਕਾਸ ਅਤੇ ਜਾਇਦਾਦ ਦੇ ਅਧਿਕਾਰਾਂ ਅਤੇ ਨਿੱਜੀ ਖੇਤਰਾਂ ਪ੍ਰਤਿ ਦੁਚਿੱਤੀ ਨਾਲ ਸੰਬੰਧਿਤ ਹੈ। ਇਤਿਹਾਸਕ ਤੌਰ ਤੇ ਵਿਕਸਤ ਨਿੱਜੀ ਹਿੱਤਾਂ ਨਾਲ ਮਿਲ ਕੇ ਇਸ ਨੇ ਇਕ ਘੱਟ ਵਿਕਸਤ ਸਮਾਜਕ ਆਰਥਿਕ ਮਾਹੌਲ ਆਰਥਿਕਤਾ ਦੀ ਸਮੁੱਚੀ ਸਮਰੱਥਾ ਦੀ ਵਰਤੋਂ ਲਈ ਤਿਆਰ ਕੀਤਾ ਹੈ।

2. ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਮੁੜ ਵੰਡ ਦੀਆਂ ਨੀਤੀਆਂ ਮੌਜੂਦ ਹਨ ਪਰ ਇਨ੍ਹਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ। ਇਥੋਂ ਤੱਕ ਕਿ ਮਾਲ ਅਤੇ ਸੇਵਾ ਟੈਕਸ (ਜੀ ਐੱਸ ਟੀ) ਨੂੰ ਲਾਗੂ ਕਰਨ ਦੀ ਸ਼ੁਰੂ ਦੀ ਨੀਤੀ ਕੁਝ ਗਲਤ ਢੰਗਾਂ ਦੀ ਸ਼ਿਕਾਰ ਹੈ ਅਤੇ ਏਨੀ ਗੁੰਝਲਦਾਰ ਹੈ ਕਿ ਇਸ ਦੇ ਪ੍ਰਭਾਵੀ ਲਾਭ ਹਾਸਲ ਹੋਣਾ ਮੁਸ਼ਕਿਲ ਹੈ।

3. ਜਿਹੜੀ ਵਿਚਾਰਧਾਰਕ ਅਤੇ ਫਲਸਫੇ ਸੰਬੰਧੀ ਦੁਚਿੱਤੀ ਜਨਤਕ ਅਤੇ ਨਿੱਜੀ ਖੇਤਰ ਸੰਬੰਧੀ ਪਾਈ ਜਾ ਰਹੀ ਹੈ, ਉਸ ਨੇ ਗ਼ੈਰ-ਉਤਪਾਦਕ ਦੇਰੀ ਅਤੇ ਬਹਿਸਬਾਜ਼ੀ, ਇਸ ਨੂੰ ਬਾਹਰ ਨਿਕਲਣ ਦੀ ਇਜਾਜ਼ਤ ਦੇਣ, ਸਰਕਾਰੀ ਅਦਾਰਿਆਂ ਵਿੱਚੋਂ ਪੂੰਜੀ ਨਿਵੇਸ਼, ਜਾਇਦਾਦ ਦੇ ਅਧਿਕਾਰ ਦੀ ਰਾਖੀ ਦੇ ਸੰਬੰਧ ਵਿੱਚ ਕੀਤੀ ਹੈ।

4. ਬਹੁਤ ਸਾਰੀਆਂ ਜ਼ਰੂਰੀ ਜਨਤਕ ਸੇਵਾਵਾਂ ਵਿੱਚੋਂ ਸਿਹਤ ਸੰਭਾਲ ਅਤੇ ਵਿੱਦਿਆ ਕੋਈ ਚੰਗਾ ਅਤੇ ਅਮਲਯੋਗ ਮਾਡਲ ਪੇਸ਼ ਨਹੀਂ ਕਰਦੀਆਂ। ਇਨ੍ਹਾਂ ਸੇਵਾਵਾਂ ਨੂੰ ਪ੍ਰਭਾਵੀ ਢੰਗ ਨਾਲ ਮੁਹੱਈਆ ਕਰਵਾਉਣਾ ਵੱਡੀਆਂ ਕਮਜ਼ੋਰੀਆਂ ਵਿੱਚ ਸ਼ਾਮਲ ਹੈ।

5. ਨਿੱਜੀ ਨਿਵੇਸ਼ ਕਾਫੀ ਘੱਟ ਹੈ ਅਤੇ ਬਰਾਮਦਾਂ ਉੱਚ ਦਰ ਨਾਲ ਵਧ ਰਹੀਆਂ ਹਨ। ਇਹ ਦੋਵੇਂ ਵਿਕਾਸ ਦੇ ਪ੍ਰਮੁੱਖ ਸੋਮੇ ਹਨ ਪਰ ਭਾਰਤ ਵਿੱਚ ਬੀਤੇ ਸਮੇਂ ਵਿੱਚ ਇਨ੍ਹਾਂ ਵਿੱਚ ਕਮੀ ਆਈ ਹੈ।

6. ਕਾਰਪੋਰੇਟ ਖੇਤਰ ਅਤੇ ਵਪਾਰਕ ਬੈਂਕ ਇਕੋ ਸਮੇਂ ਉਤੇ ਆਪਣੀਆਂ-ਆਪਣੀਆਂ ਤਨਾਅ ਭਰੀਆਂ ਬੈਲੈਂਸ ਸ਼ੀਟਾਂ ਦਾ ਸ਼ਿਕਾਰ ਹੋ ਗਏ ਹਨ। ਫਰਮਾਂ ਤਾਜ਼ਾ ਨਿਵੇਸ਼ ਉਤੇ ਖਰਚਾ ਕਰਨ ਵਿੱਚ ਅਸਮਰੱਥ ਹਨ ਕਿਉਂਕਿ ਉਹ ਆਪਣੇ ਕਰਜ਼ੇ ਕਾਰਨ ਨੁਕਸਦਾਰ ਐਲਾਨੀਆਂ ਜਾ ਚੁੱਕੀਆਂ ਹਨ ਅਤੇ ਬੈਂਕ ਹੋਰ ਵਧੇਰੇ ਕਰਜ਼ਾ ਦੇਣ ਤੋਂ ਅਸਮਰੱਥ ਹਨ ਕਿਉਂਕਿ ਉਨ੍ਹਾਂ ਦੇ ਗ਼ੈਰ-ਕਾਰਗੁਜ਼ਾਰੀ ਵਾਲੇ ਅਸਾਸੇ (ਐੱਨ ਪੀ ਏਜ਼) ਕਾਫੀ ਵਧ ਚੁੱਕੇ ਹਨ।

7. ਕੇਂਦਰ ਸਰਕਾਰ ਦੀ ਗ਼ੈਰ-ਟੈਕਸ ਆਮਦਨ ਆਪਣੇ ਟੀਚੇ ਉਤੇ ਨਹੀਂ ਪਹੁੰਚ ਸਕੀ ਕਿਉਂਕਿ ਸਪੈਕਟ੍ਰਮ, ਪੂੰਜੀ ਕੱਢਣ ਅਤੇ ਸਰਕਾਰ ਨੂੰ ਮੁਨਾਫਾ ਦੇਣ ਦੇ ਟੀਚੇ ਪੂਰੇ ਨਹੀਂ ਹੋ ਸਕੇ। ਉਨ੍ਹਾਂ ਦੇ ਨੇੜਲੇ ਭਵਿੱਖ ਵਿੱਚ ਵਧਣ ਦੀ ਆਸ ਵੀ ਨਹੀਂ ਹੈ।

8. ਰਾਜ ਸਰਕਾਰਾਂ ਦੇ ਬਜਟਾਂ ਵਿੱਚ ਮਾਲੀ ਘਾਟਾ ਵਧ ਰਿਹਾ ਹੈ ਇਸ ਦਾ ਇਕ ਅਹਿਮ ਕਾਰਨ ਉਦੈ ਸਕੀਮ ਨੂੰ ਲਾਗੂ ਕਰਨਾ ਮੰਨਿਆ ਜਾ ਰਿਹਾ ਹੈ। ਭਾਵੇਂ ਚਾਲੂ ਸਾਲ ਤੋਂ ਇਸ ਵਿੱਚ ਸੁਧਾਰ ਦੀ ਆਸ ਹੈ ਕਿਉਂਕਿ ਰਾਜ ਬਾਂਡਾਂ ਉੱਤੇ ਵਿਆਜ ਲਾਗਤ ਜਨਵਰੀ 2017 ਵਿੱਚ ਅਕਤੂਬਰ 2016 ਦੇ ਮੁਕਾਬਲੇ ਵਿੱਚ ਕਾਫੀ ਵਧ ਗਈ ਹੈ।

9. ਆਮਦਨ ਦੀ ਉੱਚ ਵਾਧਾ ਦਰ ਉੱਤੇ ਵਧੇਰੇ ਨਿਰਭਰਤਾ ਨੇ ਕਰਜ਼ਾ – ਕੁੱਲ ਘਰੇਲੂ

ਉਤਪਾਦ ਅਨੁਪਾਤ ਘਟਾ ਦਿੱਤਾ ਹੈ ਜਦ ਕਿ ਉਸ ਤੋਂ ਮੁਢਲਾ ਘਾਟਾ ਘਟਣ ਦੀ ਆਸ ਸੀ। ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਇਸ ਦੇ ਲੋੜੀਂਦੇ ਨਤੀਜੇ ਨਹੀਂ ਮਿਲੇ।

10. ਵੱਖ-ਵੱਖ ਸਕੀਮਾਂ ਲਈ ਜਨਤਕ ਫੰਡਾਂ ਦੀ ਵੰਡ ਜ਼ਿਲ੍ਹਿਆਂ ਵਿੱਚ ਏਨੇ ਗਲਤ ਢੰਗ ਨਾਲ ਹੋ ਰਹੀ ਹੈ ਕਿ ਇਸ ਵਿੱਚ ਭਾਰੀ ਕਮੀ ਨਜ਼ਰ ਆ ਰਹੀ ਹੈ ਜਦ ਕਿ ਲੋੜਾਂ ਗਰੀਬਾਂ ਦੀ ਗਿਣਤੀ ਦੇ ਮੁਕਾਬਲੇ ਕਾਫੀ ਜ਼ਿਆਦਾ ਹਨ।

11. ਕੰਮਕਾਜੀ ਉਮਰ ਦੀ ਅਬਾਦੀ ਅਤੇ ਗ਼ੈਰ-ਕੰਮ ਕਾਜੀ ਉਮਰ ਦੀ ਅਬਾਦੀ ਦਾ ਅਨੁਪਾਤ ਸਭ ਤੋਂ ਵਧ ਕੇ 2020 ਤੱਕ 1.7 ਹੋ ਜਾਵੇਗਾ। ਇਹ ਦੂਜੇ ਬ੍ਰਿਕਸ ਦੇਸ਼ਾਂ ਦੇ ਇਸੇ ਸਮੇਂ ਦੇ ਮੁਕਾਬਲੇ ਘੱਟ ਹੈ। ਅਜਿਹਾ ਭਾਰਤ ਵਿੱਚ ਜਨਗਣਨਾ ਅੰਕੜਿਆਂ ਕਾਰਨ ਹੋ ਰਿਹਾ ਹੈ ਪਰ ਭਾਰਤ ਨੂੰ ਅਨੁਪਾਤ ਦੀ ਕੀਮਤ ਦਾ ਤਜਰਬਾ ਕਾਫੀ ਲੰਬੇ ਸਮੇਂ ਤੱਕ ਇਸ ਦੇ ਸਿਖਰ ਨੇੜੇ ਪੁੱਜਦਾ ਨਜ਼ਰ ਆ ਰਿਹਾ ਹੈ।

12. ਪਿਛਲੇ ਕੁੱਝ ਸਾਲਾਂ 'ਚ ਦੇਸ਼ ਵਿੱਚ ਨਿਵੇਸ਼ ਅਤੇ ਬੱਚਤ ਦਰਾਂ ਘਟ ਰਹੀਆਂ ਹਨ।

13. ਦੇਸ਼ ਭਰ ਵਿੱਚ ਆਮਦਨ ਅਤੇ ਖਪਤ ਗ਼ੈਰ-ਬਰਾਬਰੀਆਂ ਵਧ ਰਹੀਆਂ ਹਨ।

## ਮੌਕੇ

1. ਬੰਦ ਪਏ ਸੋਮਿਆਂ ਨੂੰ ਜਾਰੀ ਕਰਨ ਲਈ ਕਾਰਪੋਰੇਸ਼ਨਾਂ ਨੂੰ ਬਾਹਰ ਦਾ ਰਸਤਾ ਦਿਖਾਉਣ ਲਈ ਦੀਵਾਲਾ ਕਾਨੂੰਨ ਵਿੱਚ ਸੁਧਾਰ ਹੋਵੇ।

2. ਅਧਾਰ ਕਾਰਡਾਂ ਲਈ ਕਾਨੂੰਨੀ ਅਧਾਰ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਅੰਤਰ-ਕ੍ਰਿਆਸ਼ੀਲਤਾ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਕਿ ਡਿਜੀਟਲ ਅਧਾਰਤ ਭੁਗਤਾਨਾਂ ਨੂੰ ਉਤਸ਼ਾਹ ਮਿਲ ਸਕੇ ਅਤੇ ਸਰਕਾਰੀ ਸਕੀਮਾਂ ਨਿਪੁੰਨਤਾ ਨਾਲ ਕੰਮ ਕਰ ਸਕਣ।

3. ਮੁਕਾਬਲੇਬਾਜ਼ੀ ਵਾਲੇ, ਸਹਿਕਾਰੀ ਸੰਘਾਤਮਕ ਢਾਂਚੇ ਵਿੱਚ ਪੂੰਜੀ ਨਿਵੇਸ਼, ਤਕਨਾਲੋਜੀ ਅਤੇ ਨਿਪੁੰਨਤਾ ਨੂੰ ਹਾਸਲ ਕਰਨ ਦੀ ਯੋਗਤਾ ਹੁੰਦੀ ਹੈ।

4. ਢਾਂਚੇ ਸੰਬੰਧੀ ਸੁਧਾਰਾਂ ਦੇ ਨਾ ਪੂਰੇ ਹੋਏ ਏਜੰਡੇ ਨੂੰ ਪੂਰੀ ਸਿਆਸੀ ਵਚਨਬੱਧਤਾ ਨਾਲ ਪੂਰਾ ਕੀਤਾ ਜਾ ਸਕਦਾ ਹੈ, ਖ਼ਾਸ ਤੌਰ ਤੇ ਉੱਚ ਕੀਮਤ ਵਾਲੇ ਨੋਟਾਂ ਦੀ ਨੋਟਬੰਦੀ ਤੋਂ ਬਾਅਦ। ਕਾਫੀ ਲੰਬੇ ਸਮੇਂ ਬਾਅਦ ਸਰਕਾਰ ਕੋਲ ਸੰਸਦ ਵਿੱਚ ਸਪੱਸ਼ਟ ਬਹੁਮੱਤ ਮੌਜੂਦ ਹੈ।

**5. ਅਮਰੀਕੀ ਆਰਥਿਕਤਾ ਵਿੱਚ ਵਾਪਰ ਰਹੇ ਘਟਨਾਚੱਕਰ ਕਾਰਨ ਡਾਲਰ ਦੀ ਕੀਮਤ ਵਿੱਚ ਹੋ ਰਹੇ ਵਾਧੇ ਕਾਰਨ ਚੀਨੀ ਆਰਥਿਕਤਾ ਨੂੰ ਆਪਣੀਆਂ ਬਰਾਮਦਾਂ ਘਟਾਉਣੀਆਂ ਪੈ ਸਕਦੀਆਂ ਹਨ ਅਤੇ ਘਰੇਲੂ ਖਪਤ ਦੇ ਹਿਸਾਬ ਨਾਲ ਇਸ ਦਾ ਸੰਤੁਲਨ ਮੁੱਢ ਤੋਂ ਕਾਇਮ ਕਰਨਾ ਪੈ ਸਕਦਾ ਹੈ। ਇਸ ਨਾਲ ਭਾਰਤ ਅਤੇ ਬਾਕੀ ਦੁਨੀਆਂ ਉਤੇ ਹਾਂ-ਪੱਖੀ ਪ੍ਰਭਾਵ ਪਵੇਗਾ। ਚੀਨ ਵਲੋਂ ਆਪਣੀ ਥਾਂ ਛੱਡੇ ਜਾਣ ਨਾਲ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਇਸ ਜਗ੍ਹਾ ਨੂੰ ਪੂਰਨ ਲਈ ਭਾਰੀ ਮੁਕਾਬਲੇਬਾਜ਼ੀ ਹੋ ਸਕਦੀ ਹੈ।**

6. ਅਮਰੀਕਾ ਅਤੇ ਜਰਮਨ ਵਰਗੇ ਵਿਕਸਤ ਦੇਸ਼ਾਂ ਵਿੱਚ ਉੱਚ ਵਿਕਾਸ ਸੰਭਾਵਨਾਵਾਂ ਭਾਰਤ ਸਮੇਤ ਹੋਰ ਵਿਕਾਸਸ਼ੀਲ ਦੇਸ਼ਾਂ ਤੋਂ ਬਰਾਮਦਾਂ ਦੀ ਬਹਾਲੀ ਕਰਵਾ ਸਕਦੀਆਂ ਹਨ।

7. ਕਿਰਤ ਅਧਾਰਿਤ ਬਰਾਮਦ ਨੂੰ ਉਤਸ਼ਾਹਿਤ ਕਰਨ ਦੇ ਸੰਦਰਭ ਵਿੱਚ ਬਰੈਕਸਿੱਟ ਤੋਂ ਬਾਅਦ ਭਾਰਤ ਕੋਲ ਇੰਗਲੈਂਡ ਅਤੇ ਯੂਰਪ ਨਾਲ ਮੁਕਤ ਵਪਾਰ ਸਮਝੌਤੇ ਮੁੱਢਤੋਂ ਕਾਇਮ ਕਰਨ ਦਾ ਮੌਕਾ ਹੈ ਜਿਸ ਨਾਲ ਭਾਰਤ ਵਿੱਚ ਬਰਾਮਦਾਂ ਅਤੇ ਰੋਜ਼ਗਾਰ ਵਿੱਚ ਵਾਧਾ ਹੋ ਸਕਦਾ ਹੈ।

8. ਖੇਤਰੀ ਵਪਾਰ ਸਮਝੌਤਿਆਂ ਅਤੇ ਵਿਸ਼ਵ ਵਪਾਰ ਸੰਗਠਨ (ਡਬਲਯੂ ਟੀ ਓ) ਦੇ ਪ੍ਰਭਾਵੀ ਹੋਣ ਅਤੇ ਉਸ ਦੀ ਸੰਬੰਧਤਾ ਪ੍ਰਤਿ ਅਮਰੀਕਾ ਦੇ ਅਸਹਿਮਤੀ ਵਾਲੇ ਰਵੱਈਏ ਕਾਰਨ ਆਖਿਰਕਾਰ ਬਹੁ-ਸੰਮਤੀਵਾਦ ਵਧੇਗਾ ਅਤੇ ਭਾਰਤ ਨੂੰ ਇਸ ਦਾ ਲਾਭ ਹੋਵੇਗਾ।

9. ਦੇਸ਼ ਵਿੱਚ ਮੌਜੂਦਾ ਵੱਡੇ ਰਾਜਾਂ ਵਿੱਚ ਜਨਗਣਨਾ ਬਾਰੇ ਮਤਭੇਦ ਪਾਏ ਜਾ ਰਹੇ ਹਨ। ਰਾਜ ਮੁੱਖ ਤੌਰ ਤੇ ਦੋ ਸਮੂਹਾਂ ਵਿੱਚ ਵੰਡੇ ਜਾ ਸਕਦੇ ਹਨ - ਸਮੁੰਦਰ ਕੰਢੇ ਵਸੇ ਰਾਜ ਜਿਵੇਂ ਕਿ ਪਛਮੀ ਬੰਗਾਲ, ਆਂਧਰ ਪ੍ਰਦੇਸ਼, ਤਾਮਿਲਨਾਡੂ, ਕੇਰਲ ਅਤੇ ਕਰਨਾਟਕ ਅਤੇ ਅੰਤਰਦੇਸ਼ੀ ਰਾਜ ਜਿਵੇਂ ਕਿ ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਬਿਹਾਰ। ਸਮੁੰਦਰ ਕੰਢੇ ਵਸੇ ਰਾਜਾਂ ਵਿੱਚ ਬਜ਼ੁਰਗਾਂ ਦੀ ਆਬਾਦੀ ਅੰਤਰਦੇਸ਼ੀ ਰਾਜਾਂ ਦੇ ਮੁਕਾਬਲੇ ਜ਼ਿਆਦਾ ਹੁੰਦੀ ਹੈ। ਜਨਗਣਨਾ ਸੰਬੰਧੀ ਇਨ੍ਹਾਂ ਫਰਕਾਂ ਤੋਂ ਸੰਕੇਤ ਮਿਲਦਾ ਹੈ ਉੱਚ ਵਿਕਾਸ ਅਤੇ ਭਲਾਈ ਹਾਸਲ ਕਰਨ ਦੇ ਵਧੇਰੇ ਮੌਕੇ ਮਿਲ ਸਕਦੇ ਹਨ।

10. ਸਮੁੰਦਰ ਕੰਢੇ ਵਸੇ ਰਾਜਾਂ ਵਿੱਚ ਜੋ ਜਨਗਣਨਾ ਵਿਗਿਆਨ ਸੰਬੰਧੀ ਲਾਭਅੰਸ਼ ਹੈ ਉਹ 2020 ਤੱਕ ਲਗਭਗ ਆਪਣੇ ਸਿਖਰ ਉਤੇ ਪਹੁੰਚ ਜਾਵੇਗਾ, ਪਰ ਅੰਤਰਦੇਸ਼ੀ ਰਾਜਾਂ ਵਿੱਚ ਇਹ 2040 ਤੱਕ ਹੀ ਸਿਖਰ ਉਤੇ ਪਹੁੰਚ ਸਕੇਗਾ। ਇਸ ਲਈ ਜਨਗਣਨਾ ਵਿਗਿਆਨ ਸੰਬੰਧੀ ਲਾਭ-ਅੰਸ਼ ਦੇਸ਼ ਵਲੋਂ ਹੋਰ ਦੇਸ਼ਾਂ ਨਾਲੋਂ ਵਧੇਰੇ ਸਮੇਂ ਤੱਕ ਮਾਣਿਆ ਜਾ ਸਕੇਗਾ। ਇਸ ਨਾਲ ਰਾਜਾਂ ਵਿੱਚ ਪਾਏ ਜਾ ਰਹੇ ਆਰਥਿਕ ਪਾੜੇ ਨੂੰ ਖਤਮ ਕਰਨ ਦਾ ਮੌਕਾ ਮਿਲੇਗਾ। ਇਹ ਪਹਿਲੂ ਇਕ ਵਿਸ਼ੇਸ਼ ਸੰਦਰਭ ਪ੍ਰਦਾਨ ਕਰੇਗਾ ਤਾਂ ਕਿ ਸੰਬੰਧਿਤ ਆਰਥਿਕ ਸੁਧਾਰਾਂ ਉੱਤੇ ਅਮਲ ਕਰਨ ਵੱਲ ਤੇਜ਼ੀ ਨਾਲ ਕਦਮ ਪੁੱਟੇ ਜਾਣ ਅਤੇ ਉਨ੍ਹਾਂ ਤੋਂ ਵੱਧ ਤੋਂ ਵੱਧ ਲਾਭ ਹਾਸਲ ਕੀਤਾ ਜਾ ਸਕੇ।

11. ਇਹ ਜਨਤਕ ਖੇਤਰ ਦੀ ਅਸਾਸੇ ਪੁਨਰਵਾਸ ਏਜੰਸੀ ਕਾਇਮ ਕਰਨ ਦਾ ਇਕ ਮੌਕਾ ਹੈ ਤਾਂ ਕਿ ਦੋਹਰੀ ਬੈਲੈਂਸ ਸ਼ੀਟ ਦਾ ਮਸਲਾ ਹੱਲ ਹੋ ਸਕੇ। ਅਜਿਹਾ ਮੁਸ਼ਕਿਲ ਅਤੇ ਵੱਡੇ ਮਾਮਲਿਆਂ ਨੂੰ ਹੱਥ ਵਿੱਚ ਲੈ ਕੇ ਅਤੇ ਸਖਤ ਫੈਸਲੇ ਲੈ ਕੇ ਹੋ ਸਕਦਾ ਹੈ।

## ਵੰਗਾਰਾਂ

1. ਅੰਤਰਰਾਸ਼ਟਰੀ ਰੇਟਿੰਗ ਏਜੰਸੀਆਂ ਵੱਖਵੱਖ ਦੇਸ਼ਾਂ ਦੀ ਆਪਣੀ ਰੇਟਿੰਗ ਨੂੰ ਉਸ ਵੇਲੇ ਉੱਚਾ ਚੁੱਕਣ ਵਿੱਚ ਨਿਰੰਤਰ ਨਹੀਂ ਰਹੀਆਂ ਜਦੋਂ ਕਿ ਉਨ੍ਹਾਂ ਦੀ ਮੈਕਰੋ-ਇਕਨਾਮਿਕਸ ਕਾਰਗੁਜ਼ਾਰੀ ਦੀ ਆਪਸ ਵਿੱਚ ਤੁਲਨਾ ਕੀਤੀ ਜਾਂਦੀ ਹੈ। ਭਾਰਤ ਇਸ ਮਾਮਲੇ ਵਿੱਚ ਬਦਕਿਸਮਤੀ ਨਾਲ ਨੁਕਸਾਨ ਵਿੱਚ ਹੀ ਨਜ਼ਰ ਆਇਆ ਹੈ ਕਿਉਂਕਿ ਪਿਛਲੇ 7 ਸਾਲਾਂ ਤੋਂ ਉਸ ਦੀ ਅਣਸੋਧੀ ਰੇਟਿੰਗ ਹੀ ਦਰਸਾਈ ਗਈ ਭਾਵੇਂ ਕਿ ਉਸ ਕਾਰਗੁਜ਼ਾਰੀ ਵਿੱਚ ਭਾਰੀ ਸੁਧਾਰ ਹੋਇਆ ਹੈ। ਇਸ ਨਾਲ ਦੇਸ਼

ਵਿੱਚ ਨਿਵੇਸ਼ ਨਿਰਉਤਸ਼ਾਹਿਤ ਹੁੰਦਾ ਹੈ।

2. ਸੰਘਾਤਮਕ ਲੋਕਰਾਜ ਵਿੱਚ ਮੁਕਾਬਲੇ-ਬਾਜ਼ੀ ਵਾਲੀ ਹਰਮਨ-ਪਿਆਰਤਾ ਮਾਲੀ ਅਨੁਸ਼ਾਸਨ ਅਤੇ ਪ੍ਰਸ਼ਾਸਕੀ ਮਿਆਰਾਂ ਨੂੰ ਢਾਹ ਲਾ ਸਕਦੀ ਹੈ।

3. ਤਨਖ਼ਾਹਾਂ ਵਿੱਚ ਸੋਧ ਅਤੇ ਉਦੈ ਬਾਂਡ ਰਾਜਾਂ ਲਈ ਕਾਫੀ ਅਹਿਮ ਚਿੰਤਾ ਦਾ ਵਿਸ਼ਾ ਹਨ ਕਿਉਂਕਿ ਉਨ੍ਹਾਂ ਨੂੰ ਆਪਣੇ ਵਿੱਤੀ ਅਨੁਸ਼ਾਸਨ ਟੀਚੇ ਕਾਇਮ ਰੱਖਣੇ ਪੈਂਦੇ ਹਨ।

4. ਅੰਤਰਰਾਸ਼ਟਰੀ ਸਿਆਸੀ ਸਥਿਤੀ ਅਤੇ ਚੌਗਿਰਦਾ, ਇਕੱਲਤਾ ਅਤੇ ਸੁਰੱਖਿਆਵਾਦ ਵੱਲ ਵਧ ਰਹੇ ਹਨ। ਵਸਤਾਂ, ਸੇਵਾਵਾਂ ਅਤੇ ਕਿਰਤ ਦਾ ਵਿਸ਼ਵਵਿਆਪੀ ਵਿਰੋਧੀ ਮੂਡ ਅਗਾਂਹਵਧੂ ਆਰਥਿਕਤਾਵਾਂ ਵਿੱਚ ਨਜ਼ਰ ਆ ਰਿਹਾ ਹੈ ਇਸ ਨਾਲ ਭਾਰਤ ਲਈ 15-20 ਪ੍ਰਤਿਸ਼ਤ ਬਰਾਮਦ ਵਾਧੇ ਅਤੇ ਕੁੱਲ ਘਰੇਲੂ ਉਤਪਾਦ ਵਾਧੇ ਦਾ 8 ਤੋਂ 10 ਪ੍ਰਤਿਸ਼ਤ ਦਾ ਟੀਚਾ ਪੂਰਾ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ।

5. ਅੰਤਰਰਾਸ਼ਟਰੀ ਤੇਲ ਕੀਮਤਾਂ ਵਾਧੇ ਉਤੇ ਹਨ ਅਤੇ ਇਸੇ ਤਰ੍ਹਾਂ ਵਸਤਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋ ਰਿਹਾ ਹੈ। ਸਰਵੇਖਣ ਵਿੱਚ ਇਕ ਪਾਸੇ ਤੇਲ ਉਤਪਾਦਨ ਵਿੱਚ ਚੋਰੀ ਅਤੇ ਦੂਜੇ ਪਾਸੇ ਅਮਰੀਕਾ ਵਿੱਚ ਪਰਤਦਾਰ ਚੱਟਾਨਾ ਤੋਂ ਪੈਦਾ ਹੋਣ ਵਾਲੀ ਗੈਸ ਦੇ ਉਤਪਾਦਨ ਵਿੱਚ ਰੁਕਾਵਟ ਦਾ ਕੋਈ ਜ਼ਿਕਰ ਨਹੀਂ ਹੈ। ਇਹ ਦੋਵੇਂ ਚੀਜ਼ਾਂ ਤੇਲ ਕੀਮਤਾਂ ਵਿੱਚ ਵਾਧੇ ਉਤੇ ਰੋਕ ਲਗਾਉਣ ਵਿੱਚ ਸਹਾਈ ਹੋ ਸਕਦੀਆਂ ਹਨ।

6. ਅਮੀਰਕੀ ਆਰਥਿਕਤਾ ਵਿੱਚ ਵਾਪਰੀਆਂ ਘਟਨਾਵਾਂ ਦੇ ਨਤੀਜੇ ਵਜੋਂ ਵਿਸ਼ਵ ਵਿਆਜ ਦਰਾਂ ਅਤੇ ਵਿਕਸਤ ਦੇਸ਼ਾਂ ਵਿੱਚ ਮੁਦਰਾ ਦੇ ਪਸਾਰ ਦੀ ਦਰ ਮਜ਼ਬੂਤ ਹੋ ਰਹੀ ਹੈ। ਇਸ ਦਾ ਭਾਰਤ ਦੀ ਪੂੰਜੀ ਦੀ ਆਮਦ ਅਤੇ ਬਾਹਰ ਜਾਣ ਦੇ ਕੰਮ ਉਤੇ ਮਾੜਾ ਪ੍ਰਭਾਵ ਪੈ ਸਕਦਾ ਹੈ ਅਤੇ ਨਿਵੇਸ਼ ਦੇ ਮਾਹੌਲ ਉਤੇ ਵੀ ਅਸਰ ਹੋ ਸਕਦਾ ਹੈ।

7. ਅਮਰੀਕੀ ਆਰਥਿਕਤਾ ਦੀਆਂ ਘਟਨਾਵਾਂ ਕਾਰਨ ਡਾਲਰ ਵਿੱਚ ਜੇ ਤੇਜ਼ੀ ਰਹਿੰਦੀ ਹੈ ਅਤੇ ਯੂਆਨ ਉਤੇ ਵੀ ਪ੍ਰਭਾਵ ਪੈਂਦਾ ਹੈ ਤਾਂ ਇਸ ਨਾਲ ਕਾਫੀ ਜ਼ਿਆਦਾ ਢਾਂਚੇ ਸੰਬੰਧੀ ਤਬਦੀਲੀਆਂ ਅਤੇ ਗੜਬੜ ਚੀਨ ਵਿੱਚ ਹੋ ਸਕਦੀ ਹੈ ਜਿਸ ਦਾ ਮਾੜਾ ਅਸਰ ਭਾਰਤੀ ਆਰਥਿਕਤਾ ਅਤੇ ਨਿਵੇਸ਼ ਉੱਤੇ ਪਵੇਗਾ। ਅਮਰੀਕਾ-ਚੀਨ ਜੰਗ ਦੀ ਸੰਭਾਵਨਾ ਕਾਰਨ ਵੀ ਵਿਸ਼ਵ ਆਰਥਿਕਤਾ ਅਸਥਿਰ ਹੋ ਸਕਦੀ ਹੈ।

8. ਪਿਛਲੇ 6 ਸਾਲਾਂ ਵਿੱਚ ਵਿਸ਼ਵ ਬਰਾਮਦ ਕੁੱਲ ਘਰੇਲੂ ਉਤਪਾਦ ਅਨੁਪਾਤ ਘਟ ਰਿਹਾ ਹੈ। ਅਜਿਹੇ ਧੁੰਦਲੇ ਮਾਹੌਲ ਵਿੱਚ ਵਿਸ਼ਵ ਬਰਾਮਦਾਂ ਵਿੱਚ ਭਾਰਤੀ ਬਰਾਮਦਾਂ ਦਾ ਹਿੱਸਾ ਵਧਾਉਣਾ ਇਕ ਵੱਡੀ ਚੁਨੌਤੀ ਸਿੱਧ ਹੋ ਸਕਦਾ ਹੈ।

9. ਵਿਸ਼ਵ ਮੰਡੀ ਵਿੱਚ ਭਾਰਤ ਦੀ ਮੁਕਾਬਲੇਬਾਜ਼ੀ ਨੂੰ ਵੀਅਤਨਾਮ, ਬੰਗਲਾਦੇਸ਼ ਅਤੇ ਫਿਲਪਾਈਨ ਵਰਗੇ ਦੇਸ਼ਾਂ ਤੋਂ ਗੰਭੀਰ ਖ਼ਤਰਾ ਹੈ। ਇਹ ਉੱਭਰ ਰਹੇ ਦੇਸ਼ ਬਰਾਮਦਾਂ ਵਿੱਚ ਭਾਰਤ ਨੂੰ ਵੱਡੀ ਚੁਨੌਤੀ ਦੇ ਰਹੇ ਹਨ।

10. ਅਸਲ ਪ੍ਰਭਾਵੀ ਵਟਾਂਦਰਾ ਦਰਾਂ (ਆਰ ਈ ਈ ਆਰ) ਦੇ ਸੰਦਰਭ ਵਿੱਚ ਭਾਰਤੀ ਕਰੰਸੀ ਦੂਜੀਆਂ ਕਰੰਸੀਆਂ ਦੇ ਮੁਕਾਬਲੇ ਵਿੱਚ ਚੰਗੀ ਚੱਲ ਰਹੀ ਹੈ ਇਸ ਲਈ ਭਾਰਤੀ ਵਸਤਾਂ ਅਤੇ ਸੇਵਾਵਾਂ ਆਪਣਾ ਮੁਕਾਬਲੇਬਾਜ਼ੀ ਲਾਭ ਗੁਆ ਰਹੀਆਂ ਹਨ। ਅੰਤਰਰਾਸ਼ਟਰੀ ਕਰੰਸੀ ਫੰਡ ਵਿੱਚ ਅਜਿਹੀ ਪ੍ਰਸ਼ੰਸਾ 19.4 ਪ੍ਰਤਿਸ਼ਤ ਤੋਂ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਵਿੱਚ 12 ਪ੍ਰਤਿਸ਼ਤ ਤੱਕ ਹੈ। ਜਨਵਰੀ 2014 ਤੋਂ ਅਕਤੂਬਰ 2016 ਦੇ ਸਮੇਂ ਵਿੱਚ ਸਾਡੇ ਆਰਥਿਕ ਸਰਵੇਖਣ ਅਨੁਸਾਰ ਇਹ 8.3 ਪ੍ਰਤਿਸ਼ਤ ਰਹੀ ਪਰ 3 ਵੱਖ-ਵੱਖ ਏਜੰਸੀਆਂ ਦੇ ਅਨੁਮਾਨਾਂ ਦੇ ਹਿਸਾਬ ਨਾਲ ਭਾਰਤੀ ਰੁਪਏ ਦੀ ਅਸਲ ਪ੍ਰਭਾਵੀ ਵਟਾਂਦਰਾ ਦਰ (ਆਰ ਈ ਈ ਆਰ) ਵਾਧੇ ਦੇ ਰੁਝਾਨ ਉਤੇ ਹੈ। ਇਸ ਲਈ ਭਾਰਤੀ ਉਤਪਾਦਾਂ ਦੀ ਵਿਸ਼ਵ ਮਾਰਕੀਟ ਵਿੱਚ ਮੁਕਾਬਲੇਬਾਜ਼ੀ ਵਿੱਚ ਗਿਰਾਵਟ ਦਾ ਰੁਝਾਨ ਸਪੱਸ਼ਟ ਤੌਰ ਤੇ ਸਾਹਮਣੇ ਆਇਆ ਹੈ।

11. ਭਾਰਤ ਦਾ ਜਨਗਣਨਾ ਵਿਗਿਆਨ ਮੁਨਾਫਾ ਜਲਦੀ ਹੀ ਘਟਣ ਵਾਲਾ ਹੈ ਕਿਉਂਕਿ 2020 ਤੱਕ ਇਸ ਦੇ ਸਿਖਰ ਉਤੇ ਪੁੱਜਣ ਦੀ ਆਸ ਹੈ ਅਤੇ ਇਹ ਸਿਖਰ ਚੀਨ ਅਤੇ ਬ੍ਰਾਜ਼ੀਲ ਵਲੋਂ ਹਾਸਲ ਕੀਤੇ ਸਿਖਰ ਤੋਂ ਨੀਵਾਂ ਹੈ। ਆਰਥਿਕ ਸਰਵੇਖਣ 2016-17 ਵਿੱਚ ਭਾਰਤੀ ਆਰਥਿਕਤਾ ਦੀਆਂ ਤਾਕਤਾਂ, ਕਮਜ਼ੋਰੀਆਂ, ਮੌਕਿਆਂ ਅਤੇ ਵੰਗਾਰਾਂ ਦਾ ਪ੍ਰਭਾਵੀ ਜਾਇਜ਼ਾ ਲੈਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਨੇ ਕੁਝ ਵਿਸ਼ੇਸ਼ ਸੁਧਾਰਾਂ ਅਤੇ ਕਾਰਵਾਈਆਂ ਦਾ ਜ਼ਿਕਰ ਕੀਤਾ ਹੈ ਜੋ ਕਿ ਇਨ੍ਹਾਂ ਚੁਨੌਤੀਆਂ ਅਤੇ ਕਮਜ਼ੋਰੀਆਂ ਦਾ ਸਾਹਮਣਾ ਕਰ ਸਕਦੀਆਂ ਹਨ। ਇਨ੍ਹਾਂ ਕਾਰਵਾਈਆਂ ਦੀ ਵਿਆਖਿਆ ਅਤੇ ਨਤੀਜਿਆਂ ਸੰਬੰਧੀ ਕੁੱਝ ਵੱਖੋ ਵੱਖ ਰਾਵਾਂ ਹੋ ਸਕਦੀਆਂ ਹਨ ਜਾਂ ਤਾਕਤਾਂ ਅਤੇ ਮੌਕਿਆਂ ਸੰਬੰਧੀ ਕੁਝ ਧਾਰਨਾਵਾਂ ਹੋ ਸਕਦੀਆਂ ਹਨ।

**ਉਦਾਹਰਨ ਵਜੋਂ ਜਦੋਂ ਸਰਵੇਖਣ ਵਿੱਚ ਦਲੀਲ ਦਿੱਤੀ ਜਾਂਦੀ ਹੈ ਕਿ "ਭਾਰਤ ਵਿੱਚ ਪ੍ਰਵਾਸ ਨਾਲ ਸੰਬੰਧਿਤ ਉੱਚ ਪੱਧਰ ਦਾ ਅੰਦਰੂਨੀ ਕੰਮ ਹੈ" ਤਾਂ ਤਜਰਬੇ ਦੇ ਹਿਸਾਬ ਨਾਲ ਸਬੂਤ ਸਿੱਧ ਕਰਦੇ ਹਨ ਕਿ ਸਿਰਫ 4 ਰਾਜਾਂ (ਦਿੱਲੀ, ਮਹਾਂਰਾਸ਼ਟਰ, ਤਾਮਿਲਨਾਡੂ ਅਤੇ ਗੋਆ) ਕੁੱਲ ਆਉਣ ਵਾਲੇ ਪ੍ਰਵਾਸੀਆਂ ਦੇ 75 ਪ੍ਰਤਿਸ਼ਤ ਲਈ ਜ਼ਿੰਮੇਵਾਰ ਹਨ ਜਦ ਕਿ ਸਿਰਫ 4 ਰਾਜ (ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਮਧ ਪ੍ਰਦੇਸ਼) ਕੁੱਲ ਬਾਹਰੀ ਪ੍ਰਵਾਸ ਦੇ 66 ਪ੍ਰਤਿਸ਼ਤ ਲਈ ਜ਼ਿੰਮੇਵਾਰ ਹਨ। ਬਾਕੀ ਰਾਜ ਨਾ ਤਾਂ ਜ਼ਿਆਦਾ ਲੋਕਾਂ ਨੂੰ ਬਾਹਰ ਭੇਜਦੇ ਹਨ ਅਤੇ ਨਾ ਹੀ ਉਥੇ ਅਜਿਹੇ ਲੋਕ ਆਉਂਦੇ ਹਨ। ਇਨ੍ਹਾਂ ਰਾਜਾਂ ਵਿੱਚ ਕਿਰਤੀਆਂ ਦੀ ਮੰਗ ਜ਼ਿਆਦਾ ਨਹੀਂ ਹੈ।**

ਇਸੇ ਤਰ੍ਹਾਂ ਵਿਸ਼ਲੇਸ਼ਣ ਵਿੱਚ ਕੁੱਝ ਸੀਮਾਵਾਂ ਲਾਗੂ ਹੁੰਦੀਆਂ ਹਨ ਜੋ ਕਿ ਵਸਤਾਂ ਅਤੇ ਪੂੰਜੀ ਨਾਲ ਸੰਬੰਧਿਤ ਹਨ। ਇਸ ਲਈ ਸਰਵੇਖਣ ਵਲੋਂ ਜੋ ਪਹੇਲੀ ਖਪਤ ਅਤੇ ਆਮਦਨ ਨਤੀਜਿਆਂ ਨਾਲ ਸੰਬੰਧਿਤ ਪਾਈ ਗਈ ਹੈ ਉਹ ਕੋਈ ਪਹੇਲੀ ਨਹੀਂ ਹੈ। ਉਹ ਇਨ੍ਹਾਂ ਵਿਸ਼ਲੇਸ਼ਣਾਤਮਕ ਸਬੂਤਾਂ ਦਾ ਫਾਲਤੂ ਜਾਇਜ਼ਾ ਹਨ। ਅਜਿਹੀਆਂ ਛੋਟੀਆਂ ਸੀਮਾਵਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਵੇਖਣ ਨੇ ਇਕ ਪ੍ਰਸ਼ੰਸਾਯੋਗ ਕੰਮ ਕੀਤਾ ਹੈ।

*(ਲੇਖਕ ਆਈ ਆਈ ਐੱਮ ਅਹਿਮਦਾਬਾਦ ਵਿੱਚ ਇਕਨਾਮਿਕਸ ਦੇ ਪ੍ਰੋਫੈਸਰ ਹਨ)*

*e-mail :rdholkia@iima.ac.in*

# 2017-18 ਦੇ ਬਜਟ ਬਾਰੇ ਪ੍ਰਧਾਨ ਮੰਤਰੀ ਦੇ ਵਿਚਾਰ

ਇਹ ਬਜਟ ਪਿਛਲੇ ਢਾਈ ਸਾਲਾਂ ਦੌਰਾਨ ਸਰਕਾਰ ਵਲੋਂ ਵਿੱਢੇ ਗਏ ਵਿਕਾਸਮੁਖੀ ਕਦਮਾਂ ਦੀ ਇਕ ਝਲਕ ਅਤੇ ਇਸ ਦਿਸ਼ਾ ਵੱਲ ਅੱਗੇ ਵਧਣ ਦੀ ਦ੍ਰਿਸ਼ਟੀ ਪੇਸ਼ ਕਰਦਾ ਹੈ।

ਇਹ ਬਜਟ ਦੇਸ਼ ਦੇ ਸਮੁੱਚੇ ਵਿਕਾਸ ਵੱਲ ਇਕ ਅਹਿਮ ਕਦਮ ਹੈ। ਇਹ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰੇਗਾ, ਸੰਪੂਰਨ ਆਰਥਿਕ ਵਿਕਾਸ ਵਿੱਚ ਮਦਦ ਕਰੇਗਾ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਸਹਾਈ ਹੋਵੇਗਾ। ਇਸ ਬਜਟ ਦਾ ਕੇਂਦਰ ਬਿੰਦੂ ਖੇਤੀਬਾੜੀ, ਦਿਹਾਤੀ ਵਿਕਾਸ ਅਤੇ ਬੁਨਿਆਦੀ ਢਾਂਚਾ ਹੈ ਜੋ ਸਰਕਾਰ ਦੀ ਨਿਵੇਸ਼ ਵਿੱਚ ਵਾਧਾ ਕਰਨ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸਰਕਾਰ ਦਾ ਟੀਚਾ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਹੈ; ਅਤੇ ਨੀਤੀਆਂ ਤੇ ਯੋਜਨਾਵਾਂ ਇਸ ਨੂੰ ਦਿਮਾਗ ਵਿੱਚ ਰੱਖ ਕੇ ਬਣਾਈਆਂ ਗਈਆਂ ਹਨ।

ਦੇਸ਼ ਭਰ ਦੇ ਛੋਟੇ ਤੇ ਦਰਮਿਆਨੇ ਦਰਜੇ ਦੇ ਉਦਯੋਗ ਰੋਜ਼ਗਾਰ ਪੈਦਾ ਕਰਨ ਦਾ ਇਕ ਪ੍ਰਮੁੱਖ ਸਰੋਤ ਹਨ। ਇਹ ਉਦਯੋਗ ਮੰਗ ਕਰਦੇ ਆ ਰਹੇ ਹਨ ਕਿ ਉਨ੍ਹਾਂ ਨੂੰ ਵਿਸ਼ਵ ਪੱਧਰ ਉਤੇ ਮੁਕਾਬਲੇ ਦਾ ਸਾਹਮਣਾ ਕਰਨ ਵਿੱਚ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ, ਜੇ ਕਰਾਂ ਦੀ ਦਰ ਘੱਟ ਕਰ ਦਿੱਤੀ ਜਾਵੇ ਤਾਂ ਇਸ ਨਾਲ ਲਗਭਗ 90 ਪ੍ਰਤਿਸ਼ਤ ਛੋਟੇ ਦਰਜੇ ਦੇ ਉਦਯੋਗਾਂ ਨੂੰ ਲਾਭ ਮਿਲੇਗਾ। ਇਸ ਲਈ, ਸਰਕਾਰ ਵਲੋਂ ਛੋਟੇ ਦਰਜੇ ਦੇ ਉਦਯੋਗਾਂ ਦੀ ਪਰਿਭਾਸ਼ਾ ਵਿੱਚ ਸੋਧ ਕੀਤੀ ਗਈ ਹੈ, ਉਨ੍ਹਾਂ ਦਾ ਦਾਇਰਾ ਵਧਾਇਆ ਗਿਆ ਹੈ ਅਤੇ ਕਰਾਂ ਦੀ ਦਰ 30 ਤੋਂ ਘੱਟ ਕਰਕੇ 25 ਪ੍ਰਤਿਸ਼ਤ ਕਰ ਦਿੱਤੀ ਗਈ ਹੈ।

ਇਹ ਬਜਟ ਸਾਡੀਆਂ ਆਸ਼ਾਵਾਂ, ਸਾਡੇ ਸੁਪਨਿਆਂ ਨਾਲ ਜੁੜਿਆ ਹੋਇਆ ਹੈ, ਜੋ ਇਕ ਤਰੀਕੇ ਨਾਲ ਸਾਡੇ ਭਵਿੱਖ ਦਾ ਨਕਸ਼ਾ ਪੇਸ਼ ਕਰਦਾ ਹੈ। ਇਹ ਸਾਡੀ ਨਵੀਂ ਪੀੜ੍ਹੀ ਦਾ ਭਵਿੱਖ ਹੈ, ਸਾਡੇ ਕਿਸਾਨਾਂ ਦਾ ਭਵਿੱਖ ... ਫਿਊਚਰ ਸ਼ਬਦ ਵਿੱਚ ਐੱਫ ਦਾ ਮਤਲਬ ਹੈ ਕਿਸਾਨ (ਫਾਰਮ), ਯੂ ਦਾ ਮਤਲਬ ਹੈ ਦੱਬੇ ਕੁਚਲੇ ਜਿਸ ਵਿੱਚ ਦਲਿਤ, ਪੀੜਤ, ਔਰਤਾਂ ਆਦਿ ਸ਼ਾਮਲ ਹਨ, ਟੀ ਦਾ ਮਤਲਬ ਹੈ ਪਾਰਦਰਸ਼ਤਾ, ਤਕਨਾਲੋਜੀ ਦੀ ਤਰੱਕੀ - ਆਧੁਨਿਕ ਭਾਰਤ ਦਾ ਸੁਪਨਾ, ਯੂ ਦਾ ਮਤਲਬ ਹੈ ਸ਼ਹਿਰੀ ਕਾਇਆਕਲਪ - ਸ਼ਹਿਰੀ ਵਿਕਾਸ, ਆਰ ਦਾ ਮਤਲਬ ਹੈ ਦਿਹਾਤੀ ਵਿਕਾਸ ਅਤੇ ਈ ਦਾ ਮਤਲਬ ਹੈ ਨੌਜਵਾਨਾਂ ਲਈ ਰੋਜ਼ਗਾਰ, ਉੱਦਮਤਾ, ਨਵੇਂ ਰੋਜ਼ਗਾਰ ਲਈ ਹੁਲਾਰਾ ਅਤੇ ਨੌਜਵਾਨ ਉੱਦਮੀਆਂ ਲਈ ਉਤਸ਼ਾਹ।

# ਵਿੱਤ ਮੰਤਰੀ ਦੇ 2017-18 ਦੇ ਬਜਟ ਬਾਰੇ ਵਿਚਾਰ

ਇਹ ਬਜਟ ਤਿਆਰ ਕਰਨ ਸਮੇਂ ਮੇਰੀ ਸੰਪੂਰਨ ਪਹੁੰਚ ਦਿਹਾਤੀ ਖੇਤਰਾਂ, ਬੁਨਿਆਦੀ ਢਾਂਚਾ ਅਤੇ ਗਰੀਬੀ ਦੇ ਖਾਤਮੇ ਲਈ ਜ਼ਿਆਦਾ ਖਰਚ ਕਰਨ ਦੇ ਨਾਲ-ਨਾਲ ਵਿੱਤੀ ਸਿਆਣਪ ਦੇ ਸਰਵੋਚ ਮਿਆਰਾਂ ਨੂੰ ਬਣਾਈ ਰੱਖਣ ਦੀ ਸੀ।

ਅਸੀਂ ਇਹ ਯਕੀਨੀ ਬਣਾਉਣ ਲਈ ਹੋਰ ਬਹੁਤ ਸਾਰੇ ਕਦਮ ਉਠਾਉਂਦੇ ਰਹਾਂਗੇ ਕਿ ਵਿਕਾਸ ਦੇ ਫਾਇਦੇ ਕਿਸਾਨਾਂ, ਕਾਮਿਆਂ, ਗਰੀਬਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ, ਔਰਤਾਂ ਅਤੇ ਸਮਾਜ ਦੇ ਦੱਬੇ ਕੁਚਲੇ ਵਰਗਾਂ ਤੱਕ ਪੁੱਜਣ।

ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰਨ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ, ਅਗਲੇ ਸਾਲ ਵਾਸਤੇ ਸਾਡਾ ਏਜੰਡਾ ਹੋਵੇਗਾ, "ਬਦਲਾਅ, ਕ੍ਰਿਆਸ਼ੀਲਤਾ ਅਤੇ ਸਵੱਛ ਭਾਰਤ", ਮਤਲਬ ਟੀ ਈ ਸੀ ਭਾਰਤ -

- ਸ਼ਾਸਨ ਅਤੇ ਸਾਡੇ ਲੋਕਾਂ ਦੇ ਜੀਵਨ ਪੱਧਰ ਦੀ ਗੁਣਵੱਤਾ ਵਿੱਚ ਬਦਲਾਅ

- ਸਮਾਜ ਦੇ ਵੱਖ-ਵੱਖ ਵਰਗਾਂ, ਖ਼ਾਸ ਕਰਕੇ ਨੌਜਵਾਨਾਂ ਅਤੇ ਦੱਬੇ ਕੁਚਲੇ ਵਰਗਾਂ ਨੂੰ ਕ੍ਰਿਆਸ਼ੀਲ ਕਰਨਾ ਅਤੇ ਉਨ੍ਹਾਂ ਦੀ ਸਹੀ ਪ੍ਰਤਿਭਾ ਦਾ ਲਾਹਾ ਲੈਣਾ, ਅਤੇ

- ਦੇਸ਼ ਨੂੰ ਭ੍ਰਿਸ਼ਟਾਚਾਰ, ਕਾਲਾ ਧਨ ਅਤੇ ਗ਼ੈਰ-ਪਾਰਦਰਸ਼ੀ ਰਾਜਨੀਤਕ ਚੰਦੇ ਆਦਿ ਵਰਗੀਆਂ ਬੁਰਾਈਆਂ ਤੋਂ ਨਿਜਾਤ ਦੁਆਉਣੀ।

ਵਿਵਸਥਾ ਨੂੰ ਸਾਫ ਸੁਥਰੀ ਕਰਨ ਲਈ ਡਿਜੀਟਲ ਅਰਥਚਾਰੇ ਨੂੰ ਉਤਸ਼ਾਹਿਤ ਕਰਨਾ ਅਤੇ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦਾ ਖਾਤਮਾ ਕਰਨਾ ਸਰਕਾਰ ਦੀ ਰਣਨੀਤੀ ਦਾ ਇਕ ਅਨਿੱਖੜਵਾਂ ਅੰਗ ਹੈ।

# ਬਜਟ 2017 ਦੀਆਂ ਵਿਸ਼ੇਸ਼ਤਾਵਾਂ

ਬਜਟ ਮਜ਼ਬੂਤ ਮਾਲੀ ਅਤੇ ਵਿਸ਼ਾਲ ਆਰਥਿਕ ਨੀਹਾਂ ਉੱਤੇ ਖੜ੍ਹਾ ਹੈ, ਜੋ ਪਿਛਲੇ ਦੋ ਸਾਲ ਵਿੱਚ ਤਿਆਰ ਕੀਤੀਆਂ ਗਈਆਂ। ਨੋਟਬੰਦੀ, ਜੀ ਐੱਸ ਟੀ ਅਤੇ ਜੇ ਏ ਐੱਮ ਨੇ ਅਗਲੇ ਸਮੇਂ ਲਈ ਇਕ ਹਾਂ-ਪੱਖੀ ਨਜ਼ਰੀਆ ਸਿਰਜਿਆ ਹੈ। ਪਿਛਲੇ ਸਾਲ ਦੇ ਹੋਰ ਸੁਧਾਰਾਂ ਨੇ ਆਰਥਿਕਤਾ ਨੂੰ ਤਾਕਤ ਬਖ਼ਸ਼ੀ ਹੈ।

(ੳ) ਵਿਕਾਸ ਦਾ ਨਜ਼ਰੀਆ ਹਾਂ-ਪੱਖੀ ਰਿਹਾ।

(ਅ) ਮਾਲੀ ਘਾਟਾ 3.2 ਪ੍ਰਤਿਸ਼ਤ ਰਿਹਾ, ਇਸ ਵਾਅਦੇ ਨਾਲ ਕਿ ਅਗਲੇ ਸਾਲ (2018-19) ਵਿੱਚ ਇਹ 3 ਪ੍ਰਤਿਸ਼ਤ ਕੀਤਾ ਜਾਵੇਗਾ।

(ੲ) ਆਮਦਨ ਘਾਟਾ ਚਾਲੂ ਸਾਲ ਵਿੱਚ ਘਟਾ ਦਿੱਤਾ ਗਿਆ ਹੈ ਅਤੇ ਅਗਲੇ ਸਾਲ ਵਿੱਚ ਹੋਰ ਘਟਾ ਕੇ 1.9 ਪ੍ਰਤਿਸ਼ਤ ਉਤੇ ਲਿਆਂਦਾ ਜਾਵੇਗਾ।

(ਸ) ਨਿਰੋਲ ਮਾਰਕੀਟ ਉਧਾਰੀ, ਵਾਪਸੀ ਖਰੀਦ ਸਮੇਤ 2017-18 ਵਿੱਚ ਪਿਛਲੇ ਸਾਲ ਨਾਲੋਂ ਬਹੁਤ ਹੀ ਘੱਟ 3.48 ਲੱਖ ਕਰੋੜ ਉਤੇ ਰਹੇਗੀ।

(ਹ) ਜਾਇਜ਼ ਠਹਿਰਾਉਣ ਵਾਲੇ ਕਰਜ਼ੇ ਬਾਰੇ ਮਾਲੀ ਨੀਤੀ ਵਾਅਦੇ ਅਨੁਸਾਰ ਕਾਇਮ ਰਹੇਗੀ।

### 2. ਕਿਸਾਨ

(ੳ) ਲੰਬੀ ਮਿਆਦ ਦਾ ਸਿੰਜਾਈ ਫੰਡ ਵਧਾ ਕੇ 40,000 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

(ਅ) ਮਾਈਕਰੋ ਸਿੰਜਾਈ ਫੰਡ ਨਾਬਾਰਡ ਵਲੋਂ ਕਾਇਮ ਕੀਤਾ ਜਾਵੇਗਾ (5000 ਕਰੋੜ ਦਾ ਫੰਡ)।

(ੲ) ਈ-ਨਾਮ ਨੂੰ 585 ਏ ਪੀ ਐੱਮ ਸੀਜ਼ ਤੱਕ ਵਧਾਇਆ ਜਾਵੇਗਾ।

(ਸ) ਰਾਜਾਂ ਨੂੰ ਬੇਨਤੀ ਕੀਤੀ ਜਾਵੇਗੀ ਕਿ ਏ ਪੀ ਐੱਮ ਸੀ ਵਿੱਚੋਂ ਨਸ਼ਟ ਹੋਣ ਯੋਗ ਵਸਤਾਂ ਨੂੰ ਬਾਹਰ ਕੱਢਿਆ ਜਾਵੇ।

(ਹ) ਰਾਜਾਂ ਵਿੱਚ ਠੇਕੇ ਦੀ ਖੇਤੀਬਾੜੀ ਬਾਰੇ ਮਾਡਲ ਕਾਨੂੰਨ ਘੁਮਾਇਆ ਜਾਵੇਗਾ ਤਾਂ ਕਿ ਇਸ ਨੂੰ ਪਾਸ ਕੀਤਾ ਜਾ ਸਕੇ।

(ਕ) ਫ਼ਸਲੀ ਕਰਜ਼ੇ ਦਾ 2017-18 ਲਈ ਟੀਚਾ 10 ਲੱਖ ਕਰੋੜ ਦਾ ਮਿੱਥਿਆ ਗਿਆ ਹੈ।

(ਖ) 63,000 ਕੰਮ ਕਰ ਰਹੇ ਪੀ ਏ ਸੀਜ਼ ਦਾ ਕੰਪਿਊਟਰੀਕਰਨ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਡੀ ਸੀ ਸੀ ਬੀਜ਼ ਦੇ ਸੀ ਬੀ ਐੱਸ ਨਾਲ ਜੋੜਿਆ ਜਾਵੇਗਾ।

(ਗ) 2017-18 ਵਿੱਚ ਫ਼ਸਲ ਬੀਮਾ ਯੋਜਨਾ ਦੀ ਕਵਰੇਜ 40 ਪ੍ਰਤਿਸ਼ਤ ਤੱਕ ਪਹੁੰਚ ਜਾਵੇਗੀ ਅਤੇ 2018-19 ਵਿੱਚ ਇਹ 50 ਪ੍ਰਤਿਸ਼ਤ ਤੱਕ ਲਿਜਾਈ ਜਾਵੇਗੀ।

(ਘ) ਤਿੰਨ ਸਾਲ ਵਿੱਚ 8000 ਕਰੋੜ ਦੇ ਫੰਡ ਨਾਲ ਡੇਅਰੀ ਪ੍ਰਸੈਸਿੰਗ ਅਤੇ ਢਾਂਚਾ ਵਿਕਾਸ ਫੰਡ ਕਾਇਮ ਕੀਤੇ ਜਾਣਗੇ।

### 3. ਦਿਹਾਤੀ ਆਬਾਦੀ

(ੳ) 2019 ਤੱਕ ਇਕ ਕਰੋੜ ਘਰਾਂ ਨੂੰ ਗਰੀਬੀ ਰੇਖਾ ਤੋਂ ਬਾਹਰ ਲਿਆਉਣ ਅਤੇ 50,000 ਗ੍ਰਾਮ ਪੰਚਾਇਤਾਂ ਨੂੰ ਗਰੀਬੀ ਮੁਕਤ ਬਣਾਉਣ ਲਈ ਮਿਸ਼ਨ ਅੰਨਤੋਦਿਯਾ ਸ਼ੁਰੂ ਕੀਤਾ ਜਾਵੇਗਾ।

(ਅ) ਐੱਮ ਜੀ ਐੱਨ ਆਰ ਈ ਜੇ ਏ - 2017-18 ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਰਕਮ 48,000 ਕਰੋੜ ਰੁਪਏ ਅਲਾਟ ਕੀਤੀ ਗਈ, ਜਿਸ ਵਿੱਚ ਮੁੱਖ ਧਿਆਨ ਰੋਜ਼ਗਾਰ ਪੈਦਾ ਕਰਨ ਅਤੇ ਜਾਇਦਾਦਾਂ ਤਿਆਰ ਕਰਨ ਉਤੇ ਦਿੱਤਾ ਜਾਵੇਗਾ।

(ੲ) ਪੀ ਐੱਮ ਜੀ ਐੱਸ ਵਾਈ 2017-18 ਵਿੱਚ 27,000 ਕਰੋੜ ਰੁਪਏ, ਜਿਸ ਵਿੱਚ ਰਾਜਾਂ ਦਾ ਹਿੱਸਾ ਵੀ ਸ਼ਾਮਲ ਹੈ, ਖਰਚ ਕੀਤੇ ਜਾਣਗੇ। ਉਸਾਰੀ ਦੀ ਗਤੀ 2011-14 ਦੇ 73 ਕਿਲੋਮੀਟਰ ਪ੍ਰਤਿ ਦਿਨ ਤੋਂ ਵਧਾ ਕੇ 2016-17 ਵਿੱਚ 133 ਕਿਲੋਮੀਟਰ ਪ੍ਰਤਿ ਦਿਨ ਕਰ ਦਿੱਤੀ ਗਈ।

(ਸ) ਅਗਲੇ 4 ਸਾਲ ਵਿੱਚ ਆਰਸੈਨਿਕ ਅਤੇ ਫਲੋਰਾਈਡ ਪ੍ਰਭਾਵਿਤ ਆਬਾਦੀਆਂ ਵਿੱਚ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਇਆ ਜਾਵੇਗਾ।

### 4. ਨੌਜਵਾਨ, ਸਿੱਖਿਆ ਅਤੇ ਨੌਕਰੀਆਂ ਆਦਿ

(ੳ) ਯੂ ਜੀ ਸੀ ਵਿੱਚ ਸੁਧਾਰ ਕੀਤੇ ਜਾਣਗੇ।

(ਅ) ਸਵਯਾਮ ਪਲੇਟਫਾਰਮ ਆਰੰਭਿਆ ਜਾਵੇਗਾ ਜਿਸ ਵਿੱਚ ਘੱਟੋ-ਘੱਟ 350 ਆਨਲਾਈਨ ਕੋਰਸ ਹੋਣਗੇ।

(ੲ) 3.5 ਕਰੋੜ ਨੌਜਵਾਨਾਂ ਨੂੰ ਸਿਖਲਾਈ ਦੇਣ ਲਈ 4000 ਕਰੋੜ ਰੁਪਏ ਦੀ ਲਾਗਤ ਨਾਲ ਇਕ ਮੁਹਾਰਤ ਵਿਕਾਸ ਪ੍ਰੋਗਰਾਮ ਸੰਕਲਪ ਸ਼ੁਰੂ ਕੀਤਾ ਜਾਵੇਗਾ।

(ਸ) ਚਮੜੇ ਅਤੇ ਜੁੱਤੀਆਂ ਦੀ ਸੱਨਅਤ ਲਈ ਕੱਪੜਾ ਖੇਤਰ ਵਾਂਗ ਇਕ ਸਕੀਮ ਲਾਗੂ ਕੀਤੀ ਜਾਵੇਗੀ।

(ਹ) ਪੰਜ ਵਿਸ਼ੇਸ਼ ਸੈਰ-ਸਪਾਟਾ ਜ਼ੋਨ ਕਾਇਮ ਕੀਤੇ ਜਾਣਗੇ।

### 5. ਗਰੀਬ ਅਤੇ ਘੱਟ ਸਹੂਲਤਾਂ ਪ੍ਰਾਪਤ

(ੳ) ਪਿੰਡ ਪੱਧਰ ਉਤੇ 14 ਲੱਖ ਆਂਗਨਵਾੜੀ

ਕੇਂਦਰਾਂ ਵਿੱਚ ਮਹਿਲਾ ਸ਼ਕਤੀ ਕੇਂਦਰ ਸਥਾਪਤ ਕੀਤੇ ਜਾਣਗੇ ਤਾਂ ਕਿ ਔਰਤਾਂ ਨੂੰ ਮੁਹਾਰਤ ਵਿਕਾਸ, ਰੋਜ਼ਗਾਰ, ਸਿਹਤ ਅਤੇ ਖੁਰਾਕ ਸੰਬੰਧੀ ਮੌਕੇ ਪ੍ਰਦਾਨ ਕੀਤੇ ਜਾਣ।

(ਅ) ਪਹੁੰਚਯੋਗ ਮਕਾਨ ਉਸਾਰੀ ਨੂੰ ਢਾਂਚੇ ਦਾ ਦਰਜਾ ਦਿੱਤਾ ਜਾਵੇਗਾ। ਇਸ ਨਾਲ ਮਕਾਨ ਉਸਾਰੀ ਪ੍ਰਜੈਕਟਾਂ ਨੂੰ ਸੌਖੀਆਂ ਸ਼ਰਤਾਂ ਉੱਤੇ ਬੈਂਕ ਕਰਜ਼ੇ ਮਿਲ ਸਕਣਗੇ।

(ੲ) ਨੈਸ਼ਨਲ ਹਾਊਸਿੰਗ ਬੈਂਕ ਵਲੋਂ 2017-18 ਵਿੱਚ 20,000 ਕਰੋੜ ਦੇ ਕਰਜ਼ੇ ਮਕਾਨ ਉਸਾਰੀ ਲਈ ਰੀ-ਫਾਇਨਾਂਸ ਕੀਤੇ ਜਾਣਗੇ।

(ਸ) ਕਾਲਾ ਅਜ਼ਾਰ, ਕੋਹੜ, ਚੇਚਕ ਅਤੇ ਟੀ ਬੀ ਨੂੰ ਖਤਮ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ।

(ਹ) ਆਈ ਐੱਮ ਆਰ ਅਤੇ ਐੱਮ ਐੱਮ ਆਰ ਨੂੰ ਘਟਾਇਆ ਜਾਵੇਗਾ।

(ਕ) 1.5 ਲੱਖ ਸਿਹਤ ਉਪ ਕੇਂਦਰਾਂ ਨੂੰ ਸਿਹਤ ਅਤੇ ਸਾਂਭ ਸੰਭਾਲ ਕੇਂਦਰਾਂ ਵਿੱਚ ਤਬਦੀਲ ਕੀਤਾ ਜਾਵੇਗਾ।

(ਖ) ਮੈਡੀਕਲ ਸਿੱਖਿਆ ਅਤੇ ਕੰਮਕਾਜ ਦੇ ਰੈਗੂਲੇਟਰੀ ਢਾਂਚੇ ਨੂੰ ਬਦਲਿਆ ਜਾਵੇਗਾ।

(ਗ) ਝਾਰਖੰਡ ਅਤੇ ਗੁਜਰਾਤ ਵਿੱਚ 2 ਨਵੇਂ ਏਮਜ਼ ਕਾਇਮ ਕੀਤੇ ਜਾਣਗੇ।

(ਘ) ਮੌਜੂਦਾ ਕਿਰਤ ਕਾਨੂੰਨਾਂ ਨੂੰ ਚਾਰ ਨਵੇਂ ਕੋਡਾਂ ਵਿੱਚ ਵੰਡ ਕੇ ਉਨ੍ਹਾਂ ਨੂੰ ਦਲੀਲਪੂਰਨ ਬਣਾਇਆ ਜਾਵੇਗਾ।

## 6. ਢਾਂਚਾ

(ੳ) ਰੇਲਵੇ - 1,31,000 ਕਰੋੜ ਰੁਪਏ ਦਾ ਪੂੰਜੀ ਅਤੇ ਵਿਕਾਸ ਖਰਚਾ, ਜਿਸ ਵਿੱਚੋਂ 55,000 ਕਰੋੜ ਰੁਪਏ ਸਰਕਾਰ ਖਰਚੇਗੀ।

(ਅ) ਰਾਸ਼ਟਰੀ ਰੇਲ ਸੰਰਕਸ਼ਾ ਕੋਸ਼ 1 ਲੱਖ ਕਰੋੜ ਰੁਪਏ ਦੀ ਰਕਮ ਨਾਲ ਕਾਇਮ ਕੀਤਾ ਜਾਵੇਗਾ।

(ੲ) ਅਗਲੇ 3 ਸਾਲਾਂ ਵਿੱਚ ਰੇਲਵੇ ਦੀ ਕਾਰਗੁਜ਼ਾਰੀ ਵਿੱਚ 10 ਪ੍ਰਤਿਸ਼ਤ ਦਾ ਵਾਧਾ ਕੀਤਾ ਜਾਵੇਗਾ।

(ਸ) 70 ਪ੍ਰਜੈਕਟਾਂ ਦੀ ਪਛਾਣ ਕੀਤੀ ਗਈ ਹੈ ਜੋ ਕਿ ਰੇਲਵੇ ਅਤੇ 9 ਰਾਜ ਸਰਕਾਰਾਂ ਦੇ ਸਾਂਝੇ ਯਤਨਾਂ ਨਾਲ ਲਾਗੂ ਕੀਤੇ ਜਾਣਗੇ।

(ਹ) ਰੇਲਵੇ ਵਲੋਂ ਸਿਰੇ ਤੋਂ ਸਿਰੇ ਤੱਕ ਸੰਗਠਤ ਆਵਾਜਾਈ ਹੱਲ ਅਤੇ ਤਰਕਪੂਰਨ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ

(ਕ) ਹਿਸਾਬ ਕਿਤਾਬ ਸੰਬੰਧੀ ਸੁਧਾਰ - ਰੇਲਵੇ ਵਲੋਂ ਮਾਰਚ 2019 ਤੱਕ ਵਾਧਾ ਅਧਾਰਿਤ ਵਿੱਤੀ ਸਟੇਟਮੈਂਟਾਂ ਅਪਣਾਈਆਂ ਜਾਣਗੀਆਂ।

(ਖ) ਇਕ ਨਵੀਂ ਮੈਟਰੋ ਰੇਲ ਨੀਤੀ ਐਲਾਨੀ ਜਾਵੇਗੀ ਅਤੇ ਇਕ ਨਵਾਂ ਮੈਟਰੋ ਰੇਲ ਕਾਨੂੰਨ ਬਣਾਇਆ ਜਾਵੇਗਾ।

(ਗ) ਸੜਕ ਖੇਤਰ ਵੱਲ ਲਗਾਤਾਰ ਧਿਆਨ ਦਿੱਤਾ ਜਾਵੇਗਾ।

(ਘ) ਟਾਇਰ-2 ਸ਼ਹਿਰਾਂ ਦੇ ਚੋਣਵੇਂ ਅੱਡਿਆਂ ਨੂੰ ਪੀ ਪੀ ਪੀ ਮੋਡ ਵਿੱਚ ਸੰਚਾਲਨ ਅਤੇ ਰੱਖ-ਰਖਾਅ ਲਈ ਰੱਖਿਆ ਜਾਵੇਗਾ।

(ਙ) ਅਸਾਸਿਆਂ ਦੇ ਪ੍ਰਭਾਵੀ ਮੁਦਰੀਕਰਨ ਲਈ ਭਾਰਤੀ ਹਵਾਈ ਅੱਡਾ ਅਥਾਰਿਟੀ ਕਾਨੂੰਨ ਵਿੱਚ ਸੋਧ ਕੀਤੀ ਜਾਵੇਗੀ।

(ਟ) ਭਾਰਤ ਨੈੱਟ ਪ੍ਰਜੈਕਟ - 2017-18 ਦੇ ਅੰਤ ਤੱਕ ਹਰੇਕ ਗ੍ਰਾਮ ਪੰਚਾਇਤ ਨੂੰ ਓ ਐਫ ਸੀ ਬ੍ਰਾਡਬੈਂਡ ਸੰਪਰਕ ਨਾਲ ਜੋੜਿਆ ਜਾਵੇਗਾ।

(ਠ) ਓਡੀਸ਼ਾ ਅਤੇ ਰਾਜਸਥਾਨ ਵਿੱਚ ਨਾਜ਼ੁਕ ਕੱਚੇ ਤੇਲ ਭੰਡਾਰ ਲਈ 2 ਨਵੇਂ ਖੂਹ ਬਣਾਏ ਜਾਣਗੇ।

(ਡ) 20,000 ਮੈਗਾਵਾਟ ਨਵੀਂ ਸਮਰੱਥਾ ਦੇ ਵਿਕਾਸ ਲਈ ਸੂਰਜੀ ਪਾਰਕਾਂ ਦੇ ਵਿਕਾਸ ਦਾ ਦੂਜਾ ਪੜਾਅ ਵਿਕਸਤ ਕੀਤਾ ਜਾਵੇਗਾ।

(ਢ) ਭਾਰਤ ਨੂੰ ਇਲੈਕਟ੍ਰਾਨਿਕਸ ਵਸਤਾਂ ਦੇ ਨਿਰਮਾਣ ਦਾ ਵਿਸ਼ਵ ਵਿਆਪੀ ਕੇਂਦਰ ਬਣਾਉਣ ਲਈ ਈਕੋ ਸਿਸਟਮ ਤਿਆਰ ਕੀਤਾ ਜਾਵੇਗਾ।

## 7. ਵਿੱਤੀ ਖੇਤਰ

(ੳ) ਵਿਦੇਸ਼ੀ ਨਿਵੇਸ਼ ਉਤਸ਼ਾਹ ਬੋਰਡ (ਐੱਫ ਆਈ ਪੀ ਬੀ) ਨੂੰ 2017-18 ਵਿੱਚ ਖਤਮ ਕਰ ਦਿੱਤਾ ਜਾਵੇਗਾ।

(ਅ) ਸਪਾਟ ਮਾਰਕੀਟ ਨੂੰ ਸੰਗਠਿਤ ਕਰਨ ਲਈ ਢਾਂਚਾ ਬਣਾਉਣ ਲਈ ਮਾਹਿਰਾਂ ਦੀ ਇਕ ਕਮੇਟੀ ਕਾਇਮ ਕੀਤੀ ਜਾਵੇਗੀ।

(ੲ) ਬਹੁ-ਸੂਬਾਈ ਸਹਿਕਾਰੀ ਸੰਭਾਵਾਂ ਕਾਨੂੰਨ ਵਿੱਚ ਸੋਧ ਕੀਤੀ ਜਾਵੇਗੀ ਤਾਂ ਕਿ ਗਰੀਬ ਨਿਵੇਸ਼ਕਾਂ ਦੀ ਰਾਖੀ ਲਈ ਜੋ ਮੌਜੂਦਾ ਕਮੀਆਂ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾ ਸਕੇ।

(ਸ) ਸੰਸਦ ਦੇ ਬਜਟ ਸੈਸ਼ਨ ਵਿੱਚ ਵਿੱਤੀ ਫਰਮਾਂ ਦੇ ਮਤੇ ਨਾਲ ਸੰਬੰਧਿਤ ਬਿੱਲ ਪੇਸ਼ ਕੀਤਾ ਜਾਵੇਗਾ।

(ਹ) ਵਿਚੋਲਗੀ ਅਤੇ ਸੁਲਾਹ ਸਫਾਈ ਕਾਨੂੰਨ ਵਿੱਚ ਸੋਧ ਕੀਤੀ ਜਾਵੇਗੀ ਤਾਂ ਕਿ ਢਾਂਚੇ ਸੰਬੰਧੀ ਝਗੜਿਆਂ ਦੇ ਹੱਲ ਅਤੇ ਪੀ ਪੀ ਪੀ ਸੰਬੰਧਿਤ ਉਸਾਰੀ ਠੇਕਿਆਂ ਸੰਬੰਧੀ ਝਗੜਿਆਂ ਦਾ ਹੱਲ ਪੇਸ਼ ਕੀਤਾ ਜਾ ਸਕੇ।

(ਕ) ਸਾਡੇ ਵਿੱਤੀ ਖੇਤਰ (ਸੀ ਟੀ ਆਰ ਟੀ - ਫਿਨ) ਲਈ ਇਕ ਕੰਪਿਊਟਰ ਹੰਗਾਮੀ ਹੁੰਗਾਰਾ ਟੀਮ ਕਾਇਮ ਕੀਤੀ ਜਾਵੇਗੀ।

**ਖੇਤਰਾਂ ਦਾ ਜੋੜ**

| | | ਰੁਪਏ (ਕਰੋੜਾਂ ਵਿੱਚ) | | |
|---|---|---|---|---|
| ਲੜੀ ਨੰ: | ਖੇਤਰ | ਬੀ ਈ 2016-17 | ਆਰ ਈ 2016-17 | ਬੀ ਈ 2017-18 |
| 1. | ਖੇਤੀ ਅਤੇ ਸੰਬੰਧਿਤ ਖੇਤਰ | 48572 | 52821 | 58663 |
| 2. | ਦਿਹਾਤੀ ਵਿਕਾਸ | 102543 | 114947 | 128560 |
| 3. | ਢਾਂਚਾ | 348952 | 358634 | 396135 |
| 3. ਏ | ਟ੍ਰਾਂਸਪੋਰਟ | 216268 | 216903 | 241387 |
| 4. | ਸਮਾਜਕ ਖੇਤਰ | 168100 | 176225 | 195473 |
| 4. ਏ | ਵਿੱਦਿਆ ਅਤੇ ਸਿਹਤ | 112138 | 114806 | 130215 |
| 4. ਬੀ | ਸਮਾਜਕ ਖੇਤਰ, ਭਲਾਈ ਵੱਲ ਜ਼ੋਰ | 55962 | 61419 | 65258 |
| 5. | ਰੋਜ਼ਗਾਰ, ਨਿਪੁੰਨਤਾ ਅਤੇ ਰੋਜ਼ੀਰੋਟੀ | 12006 | 14735 | 17273 |
| 6. | ਵਿਗਿਆਨਕ ਮੰਤਰਾਲੇ | 33467 | 34359 | 37435 |

*ਸਰੋਤ : ਖਰਚਾ : ਪ੍ਰੋਫਾਈਲ ਅਤੇ ਖਰਚਾ ਬਜਟ 2017-18*

(ਖ) ਸੀ ਪੀ ਐੱਸ ਈਜ਼ ਦੀ ਸਮਾਂਬੱਧ ਲਿਸਟਿੰਗ ਲਈ ਸੋਧਿਆ ਹੋਇਆ ਢਾਂਚਾ ਐਲਾਨਿਆ ਜਾਵੇਗਾ।

(ਗ) ਰੇਲਵੇ ਨਾਲ ਸੰਬੰਧਿਤ ਸੰਸਥਾਵਾਂ, ਜਿਵੇਂ ਕਿ ਆਈ ਆਰ ਸੀ ਟੀ ਸੀ, ਆਈ ਆਰ ਐੱਫ ਸੀ ਅਤੇ ਆਈ ਆਰ ਸੀ ਓ ਐੱਨ ਨੂੰ ਸਟਾਕ ਐਕਸਚੇਂਜਾਂ ਵਿੱਚ ਦਰਜ ਕਰਵਾਇਆ ਜਾਵੇਗਾ।

(ਘ) ਇਕ ਸੰਗਠਤ ਜਨਤਕ ਖੇਤਰ 'ਆਇਲ ਮੇਜਰ' ਕਾਇਮ ਕਰਨ ਲਈ ਤੇਲ ਖੇਤਰ ਦੇ ਮੌਜੂਦਾ ਜਨਤਕ ਅਦਾਰਿਆਂ ਨੂੰ ਇਕੱਠਾ ਕੀਤਾ ਜਾਵੇਗਾ।

(ਙ) ਵਿਭਿੰਨ ਸੀ ਪੀ ਐੱਸ ਸਟਾਕਸ ਨਾਲ ਇਕ ਨਵਾਂ ਈ ਟੀ ਐੱਫ ਚਾਲੂ ਕੀਤਾ ਜਾਵੇਗਾ।

(ਚ) ਜਾਂਚ ਅਤੇ ਮੁੜ ਉਸਾਰੀ ਕੰਪਨੀਆਂ ਵਲੋਂ ਜਾਰੀ ਸੁਰੱਖਿਆ ਰਸੀਦਾਂ ਨੂੰ ਸੂਚੀਬਧ ਕਰਕੇ ਵਪਾਰ ਕਰਨ ਦੀ ਸਟਾਕ ਐਕਸਚੇਂਜਾਂ ਵਿੱਚ ਇਜਾਜ਼ਤ ਹੋਵੇਗੀ।

### 8. ਡਿਜੀਟਲ ਆਰਥਿਕਤਾ

(ੳ) ਅਧਾਰ ਅਧਾਰਿਤ ਭੁਗਤਾਨ ਪ੍ਰਣਾਲੀ ਦੇ ਇਕ ਵਪਾਰਕ ਸਰੂਪ 'ਅਧਾਰ ਪੇ' ਨੂੰ ਜਲਦੀ ਹੀ ਚਾਲੂ ਕੀਤਾ ਜਾਵੇਗਾ।

(ਅ) ਫਾਈਨੈਂਸ਼ੀਅਲ ਇਨਕਲੂਜਨ ਫੰਡ ਵਿੱਚ ਤੇਜ਼ੀ ਲਿਆਂਦੀ ਜਾਵੇਗੀ।

(ੲ) ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀ ਦਾ ਵਿਸਤ੍ਰਿਤ ਤੌਰ ਤੇ ਜਾਇਜ਼ਾ ਲਿਆ ਜਾਵੇਗਾ ਤਾਂ ਕਿ ਇਸ ਨੂੰ ਡਿਜੀਟਲ ਭੁਗਤਾਨ ਦੀਆਂ ਮੌਜੂਦਾ ਲੋੜਾਂ ਦੇ ਹਿਸਾਬ ਨਾਲ ਢਾਲਿਆ ਜਾ ਸਕੇ। ਇਸ ਦੌਰਾਨ ਕਾਨੂੰਨ ਵਿੱਚ ਸੋਧ ਕੀਤੀ ਜਾਵੇਗੀ ਅਤੇ ਰਿਜ਼ਰਵ ਬੈਂਕ ਆਫ ਇੰਡੀਆ ਵਿੱਚ ਇਕ ਭੁਗਤਾਨ ਰੈਗੂਲੇਟਰੀ ਬੋਰਡ ਕਾਇਮ ਕੀਤਾ ਜਾਵੇਗਾ।

(ਸ) ਨੈਗੋਸ਼ੀਏਬਲ ਇੰਸਟਰੂਮੈਂਟ ਐਕਟ ਵਿੱਚ ਸੋਧ ਕੀਤੀ ਜਾਵੇਗੀ ਤਾਂ ਕਿ ਬੈਂਕ ਲੈਣ-ਦੇਣ ਅਤੇ ਚੈੱਕਾਂ ਦੇ ਭੁਗਤਾਨ ਵਿੱਚ ਵਧ ਰਹੀਆਂ ਨਵੀਆਂ ਚੁਣੌਤੀਆਂ ਨਾਲ ਨਜਿੱਠਿਆ ਜਾ ਸਕੇ।

### 9. ਜਨਤਕ ਸੇਵਾ

(ੳ) ਪਾਸਪੋਰਟ ਸੇਵਾਵਾਂ ਲਈ ਮੁੱਖ ਡਾਕ ਘਰ ਮੁਢਲੇ ਦਫ਼ਤਰਾਂ ਵਜੋਂ ਕੰਮ ਕਰਨਗੇ।

(ਅ) ਵੱਡੇ ਧੋਖੇਬਾਜ਼ਾਂ, ਜਿਨ੍ਹਾਂ ਵਿੱਚ ਆਰਥਿਕ ਧੋਖੇਬਾਜ਼ ਵੀ ਸ਼ਾਮਲ ਹੋਣਗੇ ਅਤੇ ਜੋ ਦੇਸ਼ ਤੋਂ ਬਾਹਰ ਦੌੜ ਗਏ ਹੋਣਗੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਲਈ ਵਿਧਾਨਕ ਤਬਦੀਲੀਆਂ ਪੇਸ਼ ਕੀਤੀਆਂ ਜਾਣਗੀਆਂ ਜਾਂ ਨਵਾਂ ਕਾਨੂੰਨ ਵੀ ਪੇਸ਼ ਹੋ ਸਕਦਾ ਹੈ।

## ਭਾਗ ਬੀ ਵਿੱਚ ਦਿੱਤੇ ਟੈਕਸ ਪ੍ਰਸਤਾਵਾਂ ਦਾ ਸਾਰਾਂਸ਼

***ਪਹੁੰਚਯੋਗ ਮਕਾਨ :***

1. ਪਹੁੰਚਯੋਗ ਮਕਾਨਾਂ ਲਈ ਆਮਦਨ ਕਰ ਛੋਟ ਸਕੀਮ ਅਧੀਨ 3 ਛੋਟਾਂ।

(ੳ) 30 ਅਤੇ 60 ਵਰਗ ਮੀਟਰ ਦਾ ਇਲਾਕਾ ਹੁਣ ਕਾਰਪੈਂਟ ਏਰੀਆ ਗਿਣਿਆ ਜਾਵੇਗਾ ਨਾ ਕਿ ਬਿਲਟ ਅਪ ਏਰੀਆ।

(ਅ) 30 ਵਰਗ ਮੀਟਰ ਦੀ ਹੱਦ ਹੁਣ 4 ਮੈਟਰੋਪੋਲੀਟਨ ਸ਼ਹਿਰਾਂ ਵਿੱਚ ਵੀ ਲਾਗੂ ਹੋਵੇਗੀ ਅਤੇ ਬਾਕੀ ਦੇਸ਼ ਵਿੱਚ 60 ਵਰਗ ਮੀਟਰ ਦੀ ਹੱਦ ਲਾਗੂ ਹੋਵੇਗੀ।

(ੲ) ਕੰਮ ਪੂਰਾ ਕਰਨ ਦੀ ਮਿਆਦ ਹੁਣ 3 ਤੋਂ ਵਧਾ ਕੇ 5 ਸਾਲ ਕਰ ਦਿੱਤੀ ਗਈ ਹੈ।

2. ਬਿਲਡਰਾਂ ਲਈ ਰਾਸ਼ਟਰੀ ਕਿਰਾਇਆ ਆਮਦਨ ਉਤੇ ਕਰ ਦਾ ਹਿਸਾਬ ਕਿਤਾਬ ਉਸ ਇਕ ਸਾਲ ਬਾਅਦ ਲਗਾਇਆ ਜਾਵੇਗਾ ਜਿਸ ਸਾਲ ਵਿੱਚ ਕੰਮ ਪੂਰਾ ਹੋਣ ਦਾ ਸਰਟੀਫਿਕੇਟ ਮਿਲੇਗਾ।

3. ਅੱਚਲ ਜਾਇਦਾਦ ਉਤੇ ਪੂੰਜੀ ਲਾਭ ਉਤੇ ਟੈਕਸ ਵਿੱਚ 3 ਤਬਦੀਲੀਆਂ ਕੀਤੀਆਂ ਗਈਆਂ ਹਨ:

(ੳ) ਲੰਬੀ ਮਿਆਦ ਦੇ ਪੂੰਜੀ ਲਾਭ ਲਈ ਹਿਸਾਬ ਕਿਤਾਬ ਲਗਾਉਣ ਲਈ ਸਮਾਂ 3 ਸਾਲ ਤੋਂ ਘਟਾਂ ਕੇ 2 ਸਾਲ ਕਰ ਦਿੱਤਾ ਗਿਆ ਹੈ।

(ਅ) ਸਭ ਤਰ੍ਹਾਂ ਦੀਆਂ ਜਾਇਦਾਦਾਂ, ਜਿਨ੍ਹਾਂ ਵਿੱਚ ਅਚੱਲ ਜਾਇਦਾਦ ਵੀ ਸ਼ਾਮਲ ਹੈ, ਦੀ ਕੀਮਤ ਮਿੱਥਣ ਦਾ ਮੁਢਲਾ ਵਰ੍ਹਾ 1.4.1981 ਦੀ ਥਾਂ 1.4.2001 ਕਰ ਦਿੱਤਾ ਗਿਆ ਹੈ।

(ੲ) ਉਹ ਮਾਲੀ ਸਾਜ਼ੋ-ਸਮਾਨ, ਜਿਨ੍ਹਾਂ ਵਿੱਚ ਕਿ ਪੂੰਜੀਗਤ ਲਾਭ ਨੂੰ ਟੈਕਸ ਭੁਗਤਾਨ ਕੀਤੇ ਬਿਨਾਂ ਨਿਵੇਸ਼ ਕੀਤਾ ਜਾ ਸਕਦਾ ਹੈ, ਦਾ ਦਾਇਰਾ ਵਧਾ ਦਿੱਤਾ ਗਿਆ ਹੈ।

(4) ਸਾਂਝੇ ਵਿਕਾਸ ਸਮਝੌਤੇ ਲਈ ਪੂੰਜੀ ਲਾਭ ਟੈਕਸ ਉਸ ਸਾਲ ਤੋਂ ਦੇਣਯੋਗ ਹੋਵੇਗਾ ਜਿਸ ਵਿੱਚ ਕਿ ਵਿਚਾਰ ਅਧੀਨ ਰਕਮ ਹਾਸਲ ਹੋਵੇਗੀ।

5. ਆਂਧਰ ਪ੍ਰਦੇਸ਼ ਦੀ ਨਵੀਂ ਰਾਜਧਾਨੀ ਲਈ 2.6.2014 ਦੇ ਮਾਲਕਾਂ ਦੀ ਜ਼ਮੀਨ ਪੂੰਜੀਗਤ ਲਾਭ ਟੈਕਸ ਤੋਂ ਛੋਟ ਹਾਸਲ ਕਰੇਗੀ ਬਸ਼ਰਤੇ ਕਿ ਉਹ ਜ਼ਮੀਨ ਲੈਂਡ ਪੂਲਿੰਗ ਸਿਸਟਮ ਅਧੀਨ ਦਿੱਤੀ ਜਾਵੇਗੀ।

### 2. ਵਿਕਾਸ ਵਿੱਚ ਤੇਜ਼ੀ ਲਈ ਕਦਮ

1. ਭਾਰਤ ਵਿੱਚ ਵਿਦੇਸ਼ੀਆਂ ਵਲੋਂ ਦਿੱਤੇ ਗਏ ਕਰਜ਼ੇ ਉਤੇ 5 ਪ੍ਰਤਿਸ਼ਤ ਦਾ ਰਿਆਇਤੀ ਵਿਆਜ 30.06.2017 ਤੋਂ ਬਾਅਦ 3 ਹੋਰ ਸਾਲ ਲਈ ਲਾਗੂ ਰਹੇਗਾ।

2. ਆਮਦਨ ਕਰ ਹਾਲੀਡੇ ਸਕੀਮ ਅਧੀਨ ਮੁਢਲੇ ਨਿਵੇਸ਼ਕਾਰਾਂ ਨੂੰ ਦੋ ਹੋਰ ਛੋਟਾਂ ਮਿਲਣਗੀਆਂ।

(ੳ) ਜਦੋਂ ਤੱਕ ਪਰਮੋਟਰ ਦਾ ਅਸਲ ਨਿਵੇਸ਼ ਕਾਇਮ ਹੈ, 51 ਪ੍ਰਤਿਸ਼ਤ ਵੋਟਿੰਗ ਦੇ ਅਧਿਕਾਰ ਦੀ ਸ਼ਰਤ ਵਿੱਚ ਛੋਟ ਦਿੱਤੀ ਜਾ ਸਕਦੀ ਹੈ।

(ਅ) ਅਦਾਰਾ ਕਾਇਮ ਹੋਣ ਤੋਂ ਬਾਅਦ ਕਿਸੇ ਵੀ 7 ਸਾਲ ਵਿਚੋਂ 3 ਸਾਲ ਲਈ ਛੋਟ ਜਾਰੀ ਰਹੇਗੀ।

3. ਮੈਟ ਉਧਾਰੀ ਹਾਸਲ ਕਰਨ ਦੀ ਮਿਆਦ 10 ਸਾਲ ਤੋਂ ਵਧਾ ਕੇ 15 ਸਾਲ ਕਰ ਦਿੱਤੀ ਗਈ।

4. ਉਹ ਕੰਪਨੀਆਂ, ਜਿਨ੍ਹਾਂ ਦਾ ਕੁੱਲ ਵਪਾਰ 2015-16 ਵਿੱਚ 50 ਕਰੋੜ ਰੁਪਏ ਤੱਕ ਰਿਹਾ, ਉਨ੍ਹਾਂ ਲਈ ਨਿਗਮਤ ਆਮਦਨ ਕਰ 30 ਪ੍ਰਤਿਸ਼ਤ ਤੋਂ ਘਟਾ ਕੇ 25 ਪ੍ਰਤਿਸ਼ਤ ਕਰ ਦਿੱਤਾ ਗਿਆ ਹੈ। ਇਸ ਨਾਲ ਮੌਜੂਦਾ 6.67 ਲੱਖ ਕੰਪਨੀਆਂ ਵਿੱਚੋਂ 96 ਪ੍ਰਤਿਸ਼ਤ ਨੂੰ ਫਾਇਦਾ ਮਿਲੇਗਾ।

5. ਬੈਂਕਾਂ ਦਾ ਐੱਨ ਪੀ ਏ ਮੁਨਾਫੇ ਵਿੱਚੋਂ 8.5 ਪ੍ਰਤਿਸ਼ਤ ਤੱਕ ਕੱਟਿਆ ਜਾਵੇਗਾ ਜਦ ਕਿ ਪਹਿਲਾਂ ਇਹ 7.5 ਪ੍ਰਤਿਸ਼ਤ ਹੁੰਦਾ ਸੀ।

6. ਗੈਰ ਸ਼ੈਡਿਊਲਡ ਸਹਿਕਾਰੀ ਬੈਂਕਾਂ ਦੇ ਐੱਨ ਪੀ ਏ ਦੇ ਮਾਮਲੇ ਵਿੱਚ ਵਿਆਜ ਨੂੰ ਤਾਂ ਉਸੇ ਵੇਲੇ ਹੀ ਆਮਦਨ ਵਿੱਚ ਗਿਣਿਆ ਜਾਵੇਗਾ ਜਦ ਕਿ ਉਹ ਹਾਸਲ ਹੋ ਜਾਵੇਗਾ।

### 3. ਡਿਜੀਟਲ ਆਰਥਿਕਤਾ ਨੂੰ ਹੱਲਾਸ਼ੇਰੀ ਦੇਣਾ।

1. ਛੋਟੇ ਵਪਾਰੀਆਂ ਲਈ ਆਮਦਨ ਕਰ ਦਾ ਹਿਸਾਬ ਲਗਾਉਣ ਵੇਲੇ ਆਮਦਨ ਨੂੰ ਉਸ ਵਪਾਰ ਦੇ 6 ਪ੍ਰਤਿਸ਼ਤ ਦੇ ਬਰਾਬਰ ਗਿਣਿਆ ਜਾਵੇਗਾ ਜੋ ਕਿ ਡਿਜੀਟਲ ਜਾਂ ਬੈਂਕਿੰਗ ਢੰਗਾਂ ਰਾਹੀਂ ਕੀਤਾ ਗਿਆ ਹੋਵੇਗਾ।

2. ਨਕਦੀ ਖਰਚੇ ਦੀ ਹੱਦ ਮੌਜੂਦਾ 20,000 ਤੋਂ ਘਟਾ ਕੇ 10,000 ਰੁਪਏ ਕਰ ਦਿੱਤੀ ਗਈ ਹੈ।

3. 3 ਲੱਖ ਤੋਂ ਵਧ ਦੇ ਨਕਦ ਭੁਗਤਾਨ ਦੀ ਇਜਾਜ਼ਤ ਨਹੀਂ ਹੋਵੇਗੀ। ਅਜਿਹਾ ਹੋਣ ਉਤੇ ਓਨੀ ਹੀ ਰਕਮ ਦਾ ਜ਼ੁਰਮਾਨਾ ਦੇਣਾ ਪਵੇਗਾ।

### 4. ਚੋਣ ਫੰਡਿੰਗ ਵਿੱਚ ਪਾਰਦਰਸ਼ਤਾ

1. ਸਿਆਸੀ ਪਾਰਟੀਆਂ ਨੂੰ ਹੁਣ ਕੋਈ ਇਕ ਵਿਅਕਤੀ 20,000 ਰੁਪਏ ਦੀ ਥਾਂ ਤੇ ਸਿਰਫ 2000 ਰੁਪਏ ਨਕਦ ਚੰਦਾ ਹੀ ਦੇ ਸਕੇਗਾ।

2. ਟੈਕਸ ਅਦਾ ਕੀਤੇ ਪੈਸੇ ਵਿੱਚੋਂ ਹੁਣ ਚੋਣ ਬਾਂਡਾਂ ਰਾਹੀਂ ਭੁਗਤਾਨ ਹੋ ਸਕੇਗਾ ਭਾਵੇਂ ਕਿ ਇਸ ਭੁਗਤਾਨ ਨੂੰ ਗੁਪਤ ਰੱਖਿਆ ਜਾਵੇਗਾ।

3. ਸਿਆਸੀ ਪਾਰਟੀਆਂ ਨੂੰ ਆਮਦਨ ਕਰ ਕਾਨੂੰਨ ਅਧੀਨ ਮਿਲੀ ਮਿਆਦ ਦੇ ਅੰਦਰ ਹੀ ਆਪਣੀ ਰਿਟਰਨ ਦਾਖ਼ਲ ਕਰਨੀ ਪਵੇਗੀ।

### 5. ਵਪਾਰ ਕਰਨ ਵਿੱਚ ਸੌਖ

1. ਘਰੇਲੂ ਤਬਾਦਲਾ ਕੀਮਤਾਂ ਤਾਂ ਹੀ ਲਾਗੂ ਹੋ ਸਕਣਗੀਆਂ ਜੇ ਦੋਹਾਂ ਵਿੱਚੋਂ ਇਕ ਕੰਪਨੀ ਮੁਨਾਫਾ ਅਧਾਰਤ ਕਟੌਤੀ ਕਰਵਾ ਚੁੱਕੀ ਹੋਵੇਗੀ।

2. ਪੇਸ਼ਗੀ ਸਕੀਮ ਵਿੱਚ ਟੈਕਸ ਭੁਗਤਾਨ ਕਰਨ ਲਈ ਆਡਿਟ ਦੀ ਹੱਦ 1 ਕਰੋੜ ਤੋਂ ਵਧਾ ਕੇ 2 ਕਰੋੜ ਕਰ ਦਿੱਤੀ ਗਈ ਹੈ।

3. ਨਿੱਜੀ ਵਿਅਕਤੀ ਅਤੇ ਐੱਚ ਯੂ ਐੱਫ ਨੂੰ ਹੁਣ 25 ਲੱਖ ਰੁਪਏ ਤੱਕ ਦਾ ਕੁੱਲ ਵਪਾਰ ਹੋਣ ਜਾਂ 2.5 ਲੱਖ ਰੁਪਏ ਦੀ ਆਮਦਨ ਹੋਣ ਤੱਕ ਹਿਸਾਬ ਕਿਤਾਬ ਦੀਆਂ ਕਿਤਾਬਾਂ ਰੱਖਣ ਦੀ ਕੋਈ ਲੋੜ ਨਹੀਂ।

4. ਵਿਦੇਸ਼ੀ ਪੋਰਟਫੋਲੀਓ ਇਨਵੈਸਟਰਜ਼ ਵਰਗ 1 ਅਤੇ 2 ਨੂੰ ਅਸਿੱਧੇ ਤਬਾਦਲੇ ਦੀਆਂ ਧਾਰਾਵਾਂ ਤੋਂ ਛੋਟ ਹੋਵੇਗੀ।

5. ਜੇ ਇੰਸ਼ੋਰੈਂਸ ਏਜੰਟ ਇਹ ਤਸਦੀਕ ਕਰ ਦੇਣ ਕਿ ਉਨ੍ਹਾਂ ਦੀ ਆਮਦਨ ਟੈਕਸਯੋਗ ਆਮਦਨ ਤੋਂ ਘੱਟ ਹੈ ਤਾਂ ਉਨ੍ਹਾਂ ਤੋਂ 5 ਪ੍ਰਤਿਸ਼ਤ ਦਾ ਟੀ ਡੀ ਐੱਸ ਨਹੀਂ ਕੱਟਿਆ ਜਾਵੇਗਾ।

6. ਪੇਸ਼ਗੀ ਟੈਕਸ ਸਕੀਮ ਵਿੱਚ ਹੁਣ ਵਪਾਰੀਆਂ ਨੂੰ 4 ਕਿਸ਼ਤਾਂ ਦੀ ਬਜਾਏ ਇਕੋ ਹੀ ਕਿਸ਼ਤ ਵਿੱਚ ਪੇਸ਼ਗੀ ਭੁਗਤਾਨ ਕਰਨਾ ਪਵੇਗਾ।

7. ਟੈਕਸ ਰਿਟਰਨ ਵਿੱਚ ਸੋਧ ਕਰਨ ਦੀ ਮਿਆਦ ਹੁਣ ਸਿਰਫ 12 ਮਹੀਨੇ ਕਰ ਦਿੱਤੀ ਗਈ ਹੈ। 2019-20 ਦੇ ਜਾਇਜ਼ਾ ਵਰ੍ਹੇ ਤੋਂ ਪੜਤਾਲ ਪੂਰੀ ਕਰਨ ਦੀ ਮਿਆਦ ਵੀ 12 ਮਹੀਨੇ ਦੀ ਕਰ ਦਿੱਤੀ ਗਈ ਹੈ।

### 6. ਨਿੱਜੀ ਆਮਦਨ ਕਰ

1. 2.5 ਲੱਖ ਤੋਂ 5 ਲੱਖ ਰੁਪਏ ਦੀ ਸਲੈਬ ਵਿੱਚ ਆਉਣ ਵਾਲੇ ਲੋਕਾਂ ਲਈ ਨਿੱਜੀ ਆਮਦਨ ਕਰ 10 ਪ੍ਰਤਿਸ਼ਤ ਤੋਂ ਘਟਾ ਕੇ 5 ਪ੍ਰਤਿਸ਼ਤ ਕਰ ਦਿੱਤਾ ਗਿਆ ਹੈ। ਇਸ ਨਾਲ ਉਨ੍ਹਾਂ ਦੀ ਟੈਕਸ ਦੇਣਦਾਰੀ ਅੱਧੀ ਰਹਿ ਜਾਵੇਗੀ। ਉਪਰ ਦੇ ਬਾਕੀ ਸਾਰੇ ਟੈਕਸ ਦਾਤਿਆਂ ਨੂੰ ਵੀ ਪ੍ਰਤਿ ਵਿਅਕਤੀ 12,500 ਰੁਪਏ ਦਾ ਫਾਇਦਾ ਹੋਵੇਗਾ (ਆਮਦਨ ਵਿੱਚ 15,500 ਕਰੋੜ ਰੁਪਏ ਦੀ ਕਮੀ ਆਵੇਗੀ)।

2. 2.5 ਲੱਖ ਤੋਂ 5 ਲੱਖ ਰੁਪਏ ਦੀ ਸਲੈਬ ਵਿੱਚ ਹੁਣ 5000 ਰੁਪਏ ਦੀ ਜੋ ਛੋਟ ਸੀ, ਉਹ 3.5 ਲੱਖ ਰੁਪਏ ਦੀ ਆਮਦਨ ਵਿੱਚ 2500 ਰੁਪਏ ਰਹਿ ਜਾਵੇਗੀ।

3. 50 ਲੱਖ ਰੁਪਏ ਤੋਂ 1 ਕਰੋੜ ਰੁਪਏ ਦੀ ਆਮਦਨ 'ਚ ਨਿੱਜੀ ਵਿਅਕਤੀਆਂ ਉਤੇ 10 ਪ੍ਰਤਿਸ਼ਤ ਸਰਚਾਰਜ ਲਗੇਗਾ (ਸਰਕਾਰ ਨੂੰ 2700 ਕਰੋੜ ਰੁਪਏ ਵਾਧੂ ਮਿਲਣਗੇ)।


### 7. ਅਸਿੱਧੇ ਕਰ

1. ਐੱਲ ਐੱਨ ਜੀ ਉੱਤੇ ਕਸਟਮ ਡਿਊਟੀ 5 ਪ੍ਰਤਿਸ਼ਤ ਤੋਂ ਘਟਾ ਕੇ 2.5 ਪ੍ਰਤਿਸ਼ਤ ਕੀਤੀ ਜਾਵੇਗੀ। ਇਸ ਨਾਲ ਕੈਮੀਕਲ ਅਤੇ ਪੈਟਰੋ ਕੈਮੀਕਲ ਸੱਨਅਤ ਅਤੇ ਸਟੀਲ ਸੱਨਅਤ ਨੂੰ ਲਾਭ ਹੋਵੇਗਾ।

2. ਐੱਮ ਪੇਸ ਉੱਤੇ ਪੀ ਓ ਐੱਸ ਕਾਰਡ ਰੀਡਰਾਂ, ਮਾਈਕ੍ਰੋ ਏ ਟੀ ਐੱਮ, ਫਿੰਗਰ ਪ੍ਰਿੰਟ ਰੀਡਰਜ਼, ਸਕੈਨਰਜ਼ ਅਤੇ ਆਈ ਡੀ ਸਕੈਨਰ ਜੋ ਕਿ ਡਿਜੀਟਲ ਭੁਗਤਾਨ ਦੇ ਕੰਮ ਲਈ ਵਰਤੇ ਜਾਣਗੇ, ਉੱਤੇ ਕਸਟਮ, ਸੀ ਵੀ ਡੀ, ਐੱਸ ਏ ਡੀ ਅਤੇ ਐਕਸਾਈਜ਼ ਡਿਊਟੀ ਜ਼ੀਰੋ ਹਵੇਗੀ।

8. ਜੀ ਐੱਸ ਟੀ ਸਹੀ ਲਾਈਨ ਉਤੇ, ਜਿਸ ਦੇ ਕਿ 1 ਜੁਲਾਈ 2017 ਤੋਂ ਚਾਲੂ ਹੋਣ ਦੀ ਪੂਰੀ ਆਸ ਹੈ।

❑❑



# ਕੇਂਦਰੀ ਬਜਟ 2017-18 : ਬੁਨਿਆਦੀ ਖੇਤਰ ਨੂੰ ਇਕ ਹੁਲਾਰਾ

ਕ੍ਰਿਸ਼ਨਾ ਦੇਵ

ਕੇਂਦਰੀ ਬਜਟ 2017-18 ਦਾ ਮੁੱਖ ਏਜੰਡਾ ਹੈ ''ਬਦਲਾਅ, ਕ੍ਰਿਆਸ਼ੀਲਤਾ ਅਤੇ ਸਵੱਛ ਭਾਰਤ" (ਟੈਕ ਇੰਡੀਆ)। ਇਸ ਏਜੰਡੇ ਨੂੰ ਸੰਜੋਣ ਲਈ ਦੱਸ ਵੱਖ-ਵੱਖ ਵਿਸ਼ਿਆਂ ਉਤੇ ਧਿਆਨ ਕੇਂਦਰਿਤ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ। ਇਹ ਵਿਸ਼ੇ ਮੁੱਖ ਤੌਰ ਤੇ ਕਿਸਾਨਾਂ, ਪੇਂਡੂ ਆਬਾਦੀ, ਨੌਜਵਾਨਾਂ, ਗਰੀਬਾਂ ਅਤੇ ਲੋੜਵੰਦਾਂ, ਬੁਨਿਆਦੀ ਢਾਂਚੇ, ਵਿੱਤੀ ਖੇਤਰ, ਡਿਜੀਟਲ ਅਰਥਵਿਵਸਥਾ, ਜਨਤਕ ਸੇਵਾਵਾਂ, ਮਾਲੀ ਪ੍ਰਬੰਧਨ ਅਤੇ ਟੈਕਸ ਪ੍ਰਸ਼ਾਸਨ ਉਤੇ ਕੇਂਦਰਿਤ ਹਨ। ਇਸ ਏਜੰਡੇ ਦੇ ਅਨੁਸਰ ਅਤੇ ਟੀਚਿਆਂ ਦੀ ਪ੍ਰਾਪਤੀ ਲਈ ਸਾਲ 2017-18 ਲਈ 21,46,735 ਕਰੋੜ ਰੁਪਏ ਦੇ ਬਜਟ ਨਿਰਧਾਰਨ ਦੀ ਤਜਵੀਜ਼ ਹੈ।ਸਾਲ 2017-18 ਦਾ ਬਜਟ ਖ਼ਾਸ ਤੌਰ ਤੇ ''ਕੁਸ਼ਲਤਾ, ਉਤਪਾਦਕਤਾ ਅਤੇ ਜੀਵਨ ਦੇ ਮਿਆਰੀਕਰਨ" ਦੇ ਉਦੇਸ਼ ਨਾਲ ਬੁਨਿਆਦੀ ਖੇਤਰ ਉਤੇ ਕੇਂਦਰਿਤ ਹੈ ਇਨ੍ਹਾਂ, ਟੀਚਿਆਂ ਨੂੰ ਹਾਸਲ ਕਰਨ ਲਈ 3,96,135 ਕਰੋੜ ਰੁਪਏ ਰੱਖੇ ਗਏ ਹਨ ਜੋ ਕਿ ਕੁੱਲ ਬਜਟ ਨਿਰਧਾਰਨ ਦਾ 18.45 ਪ੍ਰਤਿਸ਼ਤ ਹੈ ਅਤੇ ਪਿਛਲੇ ਸਾਲ ਦੇ ਬਜਟ ਪ੍ਰਾਵਧਾਨ ਨਾਲੋਂ 14 ਪ੍ਰਤਿਸ਼ਤ ਵਧੇਰੇ ਹੈ। ਸਾਲ 2016-17 (ਬੀ ਈ) ਵਿੱਚ ਇਹ ਨਿਰਧਾਰਨ 3,48,952 ਕਰੋੜ ਰੁਪਏ ਸੀ ਜਿਸ ਨੂੰ ਕਿ 2016-17 (ਆਰ ਈ) ਵਿੱਚ ਵਧਾ ਕੇ 3,58,634 ਕਰੋੜ ਰੁਪਏ ਕਰ ਦਿੱਤਾ ਗਿਆ। ਵੇਰਵਾ ਤਾਲਿਕਾ-1 ਵਿੱਚ ਦਰਜ ਹੈ।

ਵਿੱਤ ਮੰਤਰਾਲੇ ਦੇ ਆਰਥਿਕ ਮਾਮਲਿਆਂ (ਬੁਨਿਆਦੀ ਢਾਂਚਾ ਡਵੀਜ਼ਨ) ਦੇ 8 ਅਕਤੂਬਰ 2013, ਨਵੀਂ ਦਿੱਲੀ ਦੇ ਗਜ਼ਟ ਨੋਟੀਫਿਕੇਸ਼ਨ ਅਨੁਸਾਰ ਬੁਨਿਆਦੀ ਢਾਂਚਾ ਖੇਤਰ ਯਾਤਾਯਾਤ, ਊਰਜਾ, ਪਾਣੀ ਅਤੇ ਸਾਫ਼-ਸਫ਼ਾਈ, ਸੰਚਾਰ ਅਤੇ ਸਮਾਜਕ ਤੇ ਵਪਾਰਕ ਬੁਨਿਆਦੀ ਢਾਂਚੇ ਦਾ ਸੰਗ੍ਰਹਿ ਹੈ।

## ਯਾਤਾਯਾਤ

2017-18 ਦੇ ਬਜਟ ਵਿੱਚ, ਸਮੁੱਚੇ ਆਵਾਜਾਈ ਖੇਤਰ ਜਿਸ ਵਿੱਚ ਰੇਲ, ਸੜਕ, ਜਹਾਜ਼ਰਾਨੀ ਅਤੇ ਹਵਾਈ ਯਾਤਾਯਾਤ ਸ਼ਾਮਲ ਹੈ, ਲਈ 2,41,387 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ ਜੋ ਕਿ ਕੁੱਲ ਬੁਨਿਆਦੀ ਖੇਤਰ ਬਜਟ ਦਾ 61 ਪ੍ਰਤਿਸ਼ਤ ਹੈ। ਇਸ ਵਿਸ਼ਾਲ ਅਤੇ ਵੱਡੀ ਮਾਤਰਾ ਵਿੱਚ ਪੂੰਜੀਕਾਰੀ ਨਾਲ ਦੇਸ਼ ਭਰ ਵਿੱਚ ਆਰਥਿਕ ਸਰਗਰਮੀਆਂ ਨੂੰ ਹੋਰ ਉਤਸ਼ਾਹ ਮਿਲੇਗਾ ਅਤੇ ਰੋਜ਼ਗਾਰ ਦੇ ਹੋਰ ਮੌਕੇ ਪੈਦਾ ਹੋਣਗੇ। ਜੇਕਰ ਇਹ ਵਾਪਰਦਾ ਹੈ ਤਾਂ ਇਹ ਆਰਥਿਕਤਾ ਦੇ ਸਮੁੱਚੇ ਦ੍ਰਿਸ਼ ਨੂੰ ਬਦਲ ਦੇਵੇਗਾ ਅਤੇ ਮੁਹਾਰਤ ਨਾਲ ਅਰਥਚਾਰੇ ਨੂੰ ਹੋਰ ਉਚਾਈਆਂ ਵੱਲ ਲਿਜਾਉਣ ਦੀ ਕਾਰਵਾਈ ਅਤੇ ਉਤਪਾਦਕਤਾ ਤੇ ਜੀਵਨ ਮਿਆਰ ਵਿੱਚ ਸੁਧਾਰ ਦੇ ਟੀਚੇ ਹਾਸਲ ਹੋ ਸਕਣਗੇ। ਪਰ ਦੂਜੇ ਪਾਸੇ ਕੁੱਝ ਅਜਿਹੀਆਂ ਵੰਗਾਰਾਂ ਵੀ ਹਨ ਜਿਨ੍ਹਾਂ ਦਾ ਧਿਆਨ ਰਖਣਾ ਪਵੇਗਾ ਅਤੇ ਕੰਮ ਨੂੰ ਇਕ ਨੀਯਤ ਸਮੇਂ ਵਿੱਚ ਪੂਰਾ ਕਰਨਾ ਪਵੇਗਾ।

## ਸੜਕਾਂ

ਸੜਕ ਖੇਤਰ ਲਈ 2017-18 ਵਿੱਚ ਬਜਟ ਪ੍ਰਬੰਧ ਨੂੰ ਵਧਾ ਕੇ 64,900 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ ਕਿ 2016-17 ਬੀ ਈ (ਤਾਲਿਕਾ-2) ਵਿੱਚ 57,976 ਕਰੋੜ ਰੁਪਏ ਸੀ। ਇਹ ਕੁੱਲ ਆਵਾਜਾਈ ਖੇਤਰ ਦੇ ਪ੍ਰਬੰਧ ਦਾ 27 ਪ੍ਰਤਿਸ਼ਤ ਹੈ। ਇਸ ਰਾਸ਼ੀ ਨੂੰ ਕਈ ਮਹੱਤਵਪੂਰਨ ਅਤੇ ਜਾਰੀ ਪ੍ਰਾਜੈਕਟਾਂ ਅਤੇ ਪ੍ਰੋਗਰਾਮਾਂ ਉਤੇ ਖਰਚ ਕਰਨ ਦੀ ਤਜਵੀਜ਼ ਹੈ ਅਤੇ ਤਟਾਂ ਨੂੰ ਆਪਸ ਵਿੱਚ ਜੋੜਨ ਲਈ 2000 ਕਿਲੋਮੀਟਰ ਲੰਬੀਆਂ ਸੜਕਾਂ ਜਿਨ੍ਹਾਂ ਦੀ ਉਸਾਰੀ ਅਤੇ ਵਿਕਾਸ ਲਈ ਪਛਾਣ ਕੀਤੀ ਗਈ ਹੈ, ਦਾ ਨਵਾਂ ਟੀਚਾ ਮਿੱਥਿਆ ਗਿਆ ਹੈ। ਇਸ ਨਾਲ ਬੰਦਰਗਾਹਾਂ ਅਤੇ ਪੱਛੜੇ ਪਿੰਡਾਂ ਨੂੰ ਬਿਹਤਰ ਸੜਕ ਸੰਪਰਕ ਮੁਹੱਈਆ ਹੋਵੇਗਾ। ਇਸ ਦੇ ਨਾਲ ਹੀ 2014-15 ਤੋਂ ਚਾਲੂ ਮਾਲੀ ਸਾਲ ਤੱਕ ਬਣੀਆਂ 1,40,000 ਕਿਲੋਮੀਟਰ ਲੰਬੀਆਂ ਕੁੱਲ ਸੜਕਾਂ ਦੀ ਉਸਾਰੀ ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਬਣੀਆਂ ਸੜਕਾਂ ਵੀ ਸ਼ਾਮਲ ਹਨ, ਪਿਛਲੇ ਤਿੰਨ ਸਾਲਾਂ ਦੌਰਾਨ ਬਣੀਆਂ

ਤਾਲਿਕਾ-1 : ਖਰਚੇ ਦੀ ਰੂਪ ਰੇਖਾ

ਕਰੋੜ ਰੁਪਏ ਵਿੱਚ

| ਕ੍ਰੰ. ਸੰ. | ਖੇਤਰ/ਭਾਗ | 2016-17 ਬੀਈ | 2016-17 ਆਰਈ | 1017-18 ਬੀਈ |
|---|---|---|---|---|
| 1. | ਮੌਜੂਦਾ ਬਜ਼ਾਰ ਕੀਮਤ ਉਤੇ ਕੁੱਲ ਘਰੇਲੂ ਉਤਪਾਦਨ @ 2011-12 ਲੜੀ | 1,50,75,429 | 1,50,75,429 | 1,68,47,544 |
| 2. | ਕੁੱਲ ਬਜਟ ਖਰਚ | 19,78,060 | 20,14,407 | 21,46,735 |
| 3. | ਬੁਨਿਆਦੀ ਢਾਂਚਾ | 3,48,952 | 3,58,634 | 3,96,135 |
| 4. | ਆਵਾਜਾਈ | 2,16,268 | 2,16,903 | 2,41,387 |

*ਸਰੋਤ : ਬਜਟ ਦਸਤਾਵੇਜ਼ 2017-18*

| ਤਾਲਿਕਾ-2 : ਬੁਨਿਆਦੀ ਢਾਂਚੇ ਨਾਲ ਸੰਬੰਧਿਤ ਮੰਤਰਾਲਿਆਂ/ਵਿਭਾਗਾਂ ਵਲੋਂ ਖਰਚ | | | | | |
|---|---|---|---|---|---|
| | | ਕਰੋੜ ਰੁਪਏ ਵਿੱਚ | | | |
| ਕ੍ਰੰ ਸੰ. | ਮੰਤਰਾਲੇ/ਭਾਗ | 2015-16 ਅਸਲ | 2016-17 (ਬੀ ਈ) | 2016-17 (ਆਰ ਈ) | 1017-18 (ਬੀ ਈ) |
| 1. | ਸੜਕੀ ਆਵਾਜਾਈ ਤੇ ਸ਼ਾਹਰਾਹ ਬਾਰੇ ਮੰਤਰਾਲਾ | 46,913 | 57,976 | 52,447 | 64,900 |
| 2. | ਰੇਲ ਮੰਤਰਾਲਾ | 35,008 | 45,000 | 46,155 | 55,000 |
| 3. | ਜਹਾਜ਼ਰਾਨੀ ਬਾਰੇ ਮੰਤਰਾਲਾ | 1,324 | 1,531 | 1,454 | 1,773 |
| 4. | ਹਵਾਬਾਜ਼ੀ ਬਾਰੇ ਮੰਤਰਾਲਾ | 4,168 | 2,590 | 3,452 | 2,702 |
| 5. | ਊਰਜਾ ਮੰਤਰਾਲਾ | 7,735 | 12,253 | 10,476 | 13,881 |
| 6. | ਤੇਲ ਅਤੇ ਕੁਦਰਤੀ ਗੈਸ ਬਾਰੇ ਮੰਤਰਾਲਾ | 31,287 | 29,160 | 30,241 | 29,158 |
| 7. | ਸੰਚਾਰ ਵਿਭਾਗ | 20,485 | 18,414 | 24,272 | 26,687 |
| 8. | ਪੀਣ ਵਾਲੇ ਪਾਣੀ ਸੈਨੀਟੇਸ਼ਨ ਬਾਰੇ ਮੰਤਰਾਲਾ | 11,081 | 14,009 | 16,512 | 20,010 |
| ਕੁੱਲ ਬਜਟ ਖਰਚਾ | | 17,90,783 | 19,78,060 | 20,14,407 | 21,46,735 |
| ਮੌਜੂਦਾ ਬਜ਼ਾਰ ਕੀਮਤ ਉਤੇ ਕੁੱਲ ਘਰੇਲੂ ਉੱਤਪਾਦ @ 2011-12 ਲੜੀ | | 1,36,75,331 | 1,50,75,429 | 1,50,75,429 | 1,68,47,544 |

ਸੜਕਾਂ ਨਾਲੋਂ ਬਹੁਤ ਵੱਧ ਹੈ।

**ਇਸ ਸਮੇਤ ਇਕ ਅਸਰਦਾਰ ਬਹੁ-ਪੱਖੀ ਯਾਤਰਾ ਖਾਕਾ ਅਤੇ ਆਵਾਜਾਈ ਖੇਤਰ ਨਾਲ ਆਰਥਿਕਤਾ ਵਿੱਚ ਮੁਕਾਬਲੇਬਾਜ਼ੀ ਹੋਰ ਵਧੇਗੀ। ਬਹੁਪੱਖੀ ਨਕਸ਼ਾ ਪਾਰਕ ਬਹੁ-ਪੱਖੀ ਯਾਤਾਯਾਤ ਸਹੂਲਤਾਂ ਸਮੇਤ ਵਿਕਸਤ ਕਰਨ ਲਈ ਇਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਅਤੇ ਲਾਗੂ ਕੀਤਾ ਜਾਵੇਗਾ। ਬਹੁ-ਪੱਖੀ ਆਵਾਜਾਈ ਸਹੂਲਤਾਂ ਨਾਲ ਬਹੁ-ਪੱਖੀ ਨਕਸ਼ਾ ਪਾਰਕਾਂ ਨੂੰ ਵਿਕਸਤ ਕਰਨ ਅਤੇ ਅਮਲ ਵਿੱਚ ਲਿਆਉਣ ਦੀ ਮੰਗ ਪਿੱਛਲੇ ਕਈ ਸਾਲਾਂ ਤੋਂ ਲਟਕ ਰਹੀ ਸੀ ਅਤੇ ਇਹ ਇਕ ਸਵਾਗਤੀ ਕਦਮ ਹੈ।**

ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (ਪੀ ਐੱਮ ਜੀ ਐੱਸ ਵਾਈ) ਨੂੰ ਇਸ ਤਰ੍ਹਾਂ ਲਾਗੂ ਕੀਤਾ ਗਿਆ ਹੈ ਜਿਸ ਤਰ੍ਹਾਂ ਪਹਿਲਾਂ ਕਦੀ ਨਹੀਂ ਕੀਤਾ ਗਿਆ ਅਤੇ ਇਹ ਇਕ ਵਿਲੱਖਣ ਰਫ਼ਤਾਰ ਨਾਲ ਅੱਗੇ ਵਧ ਰਹੀ ਹੈ। ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਸੜਕਾਂ ਦੀ ਉਸਾਰੀ ਦੀ ਰਫ਼ਤਾਰ ਲਗਭਗ ਦੁੱਗਣੀ ਹੋ ਗਈ ਹੈ ਅਤੇ ਇਹ 2016-17 ਵਿੱਚ 133 ਕਿਲੋਮੀਟਰ ਪ੍ਰਤਿ ਦਿਨ ਤੱਕ ਪੁੱਜ ਗਈ ਹੈ ਜੋ ਕਿ ਸ਼ਲਾਘਾਯੋਗ ਹੈ। ਸਾਲ 2011-14 ਵਿੱਚ ਇਹ ਔਸਤ 73 ਕਿਲੋਮੀਟਰ ਸੀ। ਸਰਕਾਰ ਨੇ ਖੱਬੇ ਪੱਖੀ ਅੱਤਵਾਦਿ ਪ੍ਰਭਾਵਤ ਬਲਾਕਾਂ ਵਿੱਚ 100 ਵਿਅਕਤੀਆਂ ਤੋਂ ਵੱਧ ਦੀ ਆਬਾਦੀ ਵਾਲੀਆਂ ਬਸਤੀਆਂ ਨੂੰ ਜੋੜਨ ਦਾ ਕੰਮ ਸ਼ੁਰੂ ਕੀਤਾ ਹੈ।

ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਮੌਜੂਦਾ ਟੀਚੇ ਨੂੰ 2019 ਤੱਕ ਪੂਰਾ ਕਰਨ ਦਾ ਵਾਅਦਾ ਕੀਤਾ ਗਿਆ ਹੈ ਅਤੇ ਇਸ ਮਹੱਤਵਪੂਰਨ ਉਪਰਾਲੇ ਨੂੰ ਪੂਰਾ ਕਰਨ ਲਈ 2017-18 (ਤਾਲਿਕਾ-3) ਇਸ ਯੋਜਨਾ ਲਈ 19000 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਰਾਜਾਂ ਦੀ ਹਿੱਸੇਦਾਰੀ ਨਾਲ 2017-18 ਵਿੱਚ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਉਤੇ 27,000 ਕਰੋੜ ਰੁਪਏ ਖਰਚੇ ਜਾਣਗੇ।

ਇਥੇ ਇਹ ਦੱਸਣਾ ਮਹੱਤਵਪੂਰਨ ਹੋਵੇਗਾ ਕਿ ਰਾਸ਼ਟਰੀ ਸ਼ਾਹਰਾਹ ਵਿਕਾਸ ਪ੍ਰਾਜੈਕਟ ਦੇ ਵਿਲੱਖਣਤਾ ਨਾਲ ਨੈੱਟਵਰਕ ਪਸਾਰੇ ਦਾ ਪ੍ਰਮੁੱਖ ਕੇਂਦਰਬਿੰਦੂ ਨੈੱਟਵਰਕ ਸਮਰੱਥਾ ਵਿੱਚ ਵਾਧੇ ਦੀ ਬਜਾਏ ਸੜਕ ਸੰਪਰਕ ਵਿੱਚ ਸੁਧਾਰ ਹੋਣਾ ਚਾਹੀਦਾ ਹੈ। ਇਸ ਖੇਤਰ ਵਿੱਚ ਕੁੱਝ ਵੱਡੀਆਂ ਅੜਚਨਾਂ ਹਨ ਜਿਵੇਂ ਕਿ ਠੇਕੇ ਦੇਣ ਵਿੱਚ ਸਮੇਂ ਦਾ ਖੁੰਜਣਾ, ਜ਼ਮੀਨ ਤੇ ਕਬਜ਼ੇ ਹਾਸਲ ਕਰਨ ਵਿੱਚ ਮੁਸ਼ਕਲਾਂ, ਵਾਤਾਵਰਨ ਦਾ ਰਵਾਨਗੀ ਪੱਤਰ ਹਾਸਲ ਕਰਨਾ ਅਤੇ ਉਸਾਰੀ ਸਮਰੱਥਾ ਵਿੱਚ ਜਾਰੀ ਕਮੀਆਂ ਆਦਿ।

ਸਥਾਨਕ ਮੋਟਰ ਗੱਡੀਆਂ ਅਤੇ ਗ਼ੈਰ ਮੋਟਰ ਗੱਡੀਆਂ ਵਾਲੀ ਆਵਾਜਾਈ ਅਤੇ ਪੈਦਲ ਚਲਣ ਵਾਲਿਆਂ/ਪਸ਼ੂਆਂ ਆਦਿ ਲਈ ਜ਼ਮੀਨਦੋਜ਼ ਸੜਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉੱਚ ਸਮਰੱਥਾ ਵਾਲੇ ਕਾਰੀਡੋਰ ਬਣਾਉਣ ਦੇ ਨਾਲ-ਨਾਲ ਸਹਾਇਕ ਸੜਕਾਂ ਦੀ ਉਪਲਬਧਤਾ ਉਤੇ ਵੀ ਧਿਆਨ ਕੇਂਦਰਿਤ ਕਰਨ ਦੀ ਸਖਤ ਲੋੜ ਹੈ। ਇਸ ਪ੍ਰਤਿਬਿੰਬ ਦੇ ਦੂਜੇ ਪਾਸੇ ਦੇਖੀਏ ਤਾਂ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਨਾਲ ਦਿਹਾਤੀ ਖੇਤਰ ਨੂੰ ਬਹੁਤ ਫਾਇਦਾ ਪੁੱਜਾ ਹੈ ਜਿਸ ਵਿੱਚ ਆਵਾਜਾਈ ਦੀ ਵਧ ਰਹੀ ਮੰਗ ਨੂੰ ਪੂਰਨ ਲਈ ਨਵੀਆਂ ਸੰਪਰਕ ਸੜਕਾਂ ਅਤੇ ਮੌਜੂਦਾ ਦਿਹਾਤੀ ਸੜਕਾਂ ਦੇ ਮਿਆਰੀਕਰਲ ਉਤੇ ਜ਼ੋਰ ਦਿੱਤਾ ਗਿਆ ਹੈ। ਇਕ ਵੱਡੀ ਕਮੀ ਵੀ ਸਾਹਮਣੇ ਆਈ ਹੈ ਕਿ ਮੌਜੂਦਾ ਪੇਂਡੂ ਸੜਕਾਂ ਨੂੰ ਹਰ ਮੌਸਮ ਦੇ ਅਨੁਕੂਲ ਮਿਆਰਾਂ ਅਨੁਸਾਰ ਬਣਾਉਣ ਲਈ ਕੋਈ ਵੀ ਸਮਰਪਤ ਉੱਦਮ ਨਹੀਂ ਹੈ।

ਇਸ ਦੌਰਾਨ ਸਥਿਤੀ ਦੇ ਸੁਧਾਰ ਵਿੱਚ, ਪ੍ਰਵਾਨਗੀ ਵਿੱਚ ਦੇਰੀ, ਪ੍ਰਸ਼ਾਸਨਕ ਅਤੇ ਹੱਦਬੰਦੀਆਂ ਦੇ ਬਹੁ-ਪੱਖੀ ਦਸਤੂਰ, ਨਿੱਜੀ ਖੇਤਰ ਨਾਲ ਭਾਈਵਾਲੀ ਬਾਰੇ ਨਿਯਮਾਂ ਵਿੱਚ ਸਮੇਂ-ਸਮੇਂ ਉਤੇ ਕੀਤੇ ਜਾਂਦੇ ਬਦਲਾਅ, ਅੜੀਅਲ ਜ਼ਮੀਨੀ ਕਾਨੂੰਨ ਅਤੇ ਕੌਸ਼ਲ ਦੀ ਕਮੀ ਆਦਿ ਅੜਚਨਾਂ ਖੜੀਆਂ ਕਰਦੇ ਹਨ।

ਇਸ ਦੇ ਨਾਲ ਹੀ ਸੜਕੀ ਵਿਕਾਸ ਨੂੰ ਇਕੱਲਿਆਂ ਨਹੀਂ ਸਗੋਂ ਆਵਾਜਾਈ ਦੀ ਸੰਗਠਤ ਬਹੁਪੱਖੀ ਮਾਡਲ ਪ੍ਰਣਾਲੀ ਦੇ ਤੌਰ ਤੇ ਦੇਖਿਆ ਜਾਣਾ ਚਾਹੀਦਾ ਹੈ। ਇਸ ਲਈ ਨਿਰੰਤਰ ਅਧਾਰ ਉਤੇ ਖ਼ਾਸ ਤੌਰ ਤੇ ਹਰ ਪੰਜ ਸਾਲਾਂ ਬਾਅਦ ਵਿਸਤਾਰਪੂਰਨ ਖੇਤਰੀ ਯਾਤਾਯਾਤ ਅਤੇ ਆਵਾਜਾਈ

| ਤਾਲਿਕਾ-3 : ਪ੍ਰਮੁੱਖ ਕੇਂਦਰੀ ਪ੍ਰਾਯੋਜਿਤ ਸਕੀਮਾਂ ਲਈ ਪ੍ਰਾਵਧਾਨ | | | | |
|---|---|---|---|---|
| | | ਕਰੋੜ ਰੁਪਏ ਵਿੱਚ | | |
| ਕ੍ਰੰ ਮੰਤਰਾਲੇ/ਭਾਗ ਸੰ. | 2015-16 ਅਸਲ | 2016-17 (ਬੀ ਈ) | 2016-17 (ਆਰ ਈ) | 2017-18 (ਬੀ ਈ) |
| 1. ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ | 18,290 | 19,000 | 19,000 | 19,000 |
| 2. ਪ੍ਰਧਾਨ ਮੰਤਰੀ ਆਵਾਸ ਯੋਜਨਾ | 11,603 | 20,075 | 20,936 | 29,043 |
| ੳ.ਪ੍ਰਧਾਨ ਮੰਤਰੀ ਅਵਾਸ ਯੋਜਨਾ (ਪੇਂਡੂ) | 10,116 | 15,000 | 16,000 | 23,000 |
| ਅ.ਪ੍ਰਧਾਨ ਮੰਤਰੀ ਅਵਾਸ ਯੋਜਨਾ (ਸ਼ਹਿਰੀ) | 1,487 | 5,075 | 4,936 | 6,043 |
| 5. ਰਾਸ਼ਟਰੀ ਪੇਂਡੂ ਪੀਣ ਵਾਲਾ ਪਾਣੀ ਮਿਸ਼ਨ | 4,370 | 5,000 | 6,000 | 6,050 |
| 6. ਦੀਨ ਦਿਆਲ ਉਪਾਧਿਆਇ ਗ੍ਰਾਮ ਯੋਜਨਾ | 4,500 | 3,000 | 3,350 | 4,814 |
| 7. ਸਵੱਛ ਭਾਰਤ ਮਿਸ਼ਨ | 7,469 | 11,300 | 12,800 | 16,248 |
| 8. ਸਵੱਛ ਭਾਰਤ ਮਿਸ਼ਨ (ਪੇਂਡੂ) | 6,703 | 9,000 | 10,500 | 13,948 |
| 4. ਸਵੱਛ ਭਾਰਤ ਮਿਸ਼ਨ (ਸ਼ਹਿਰੀ) | 766 | 2,300 | 2,300 | 2,300 |
| 5. ਸੰਗਠਤ ਊਰਜਾ ਵਿਕਾਸ ਸਕੀਮ | 1,002 | 15,500 | 4,524 | 5,821 |
| 6. ਸ਼ਹਿਰੀ ਮੁੜ ਨਵਿਆਉਣ ਮਿਸ਼ਨ ਅਮਰੂਤ ਸ਼ਹਿਰੀ ਪੁਨਰਜੀਵਨ ਤੇ ਬਦਲਾਅ ਲਈ ਅਟਲ ਮਿਸ਼ਨ ਅਤੇ ਸਮਾਰਟ ਸ਼ਹਿਰ ਮਿਸ਼ਨ | 4,186 | 27,296 | 9,559 | 9,000 |
| 7. ਭਾਰਤਨੇਟ | – | – | 6,000 | 10,000 |
| 8. ਐੱਮ ਆਰ ਟੀ ਐੱਸ ਅਤੇ ਮੈਟਰੋ ਪ੍ਰਾਜੈਕਟ | 9,300 | 10,000 | 15,700 | 18,000 |
| 9. ਗਰੀਬਾਂ ਨੂੰ ਐੱਲ ਪੀ ਜੀ ਕੁਨੈਕਸ਼ਨ | – | 2,000 | 2,500 | 2,500 |
| 10. ਸੜਕ ਸੁਰੱਖਿਆ ਕੰਮ | 2,603 | 2,998 | 3,745 | 5,217 |
| 11. ਬਿਜਲਈ ਵਸਤਾਂ ਨੂੰ ਪ੍ਰੋਤਸਾਹਨ ਅਤੇ ਆਈ ਟੀ ਐੱਚ ਡਬਲਯੂ ਉਤਪਾਦਨ | 52 | 70 | 50 | 745 |

*ਸਰੋਤ : ਬਜਟ ਦਸਤਾਵੇਜ਼ 2017-18*

ਸਰਵੇਖਣ ਕਰਵਾਏ ਜਾਣ ਦੀ ਜ਼ਿੰਮੇਵਾਰੀ ਲੈਣ ਦੀ ਲੋੜ ਹੈ।

## ਹਵਾਈ ਅੱਡੇ

ਹਵਾਈ ਅੱਡੇ ਖੇਤਰ ਲਈ ਬਜਟ ਪ੍ਰਾਵਧਾਨ ਨੂੰ ਬੀ ਈ 2016-17 ਦੇ 2590 ਕਰੋੜ ਰੁਪਏ ਤੋਂ ਵਧਾ ਕੇ 2017-18 ਵਿੱਚ 2702 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਪਰ ਇਹ 2016-17 ਦੇ ਆਰ ਈ ਦੇ 3452 ਕਰੋੜ ਰੁਪਏ ਤੋਂ ਘੱਟ ਹੈ। 2016-17 ਦੇ ਆਰ ਈ ਵਿੱਚ ਵਾਧਾ ਕਰਨ ਤੋਂ ਬਾਅਦ ਇਸ ਖੇਤਰ ਵਿੱਚ ਇਹ ਸੰਕੇਤ ਮਿਲੇ ਕਿ ਇਸ ਵਿੱਚ ਹੋਰ ਵਾਧਾ ਕੀਤੇ ਜਾਣ ਦੀ ਲੋੜ ਹੈ ਕਿਉਂਕਿ ਇਸ ਖੇਤਰ ਨੂੰ ਹਮੇਸ਼ਾ ਲੋੜ ਹੈ ਅਤੇ ਇਸ ਵਿੱਚ ਵਧੇਰੇ ਪੈਸਾ ਜਜ਼ਬ ਕਰਨ ਦੀ ਵੱਡੀ ਸਮਰੱਥਾ ਵੀ ਮੌਜੂਦਾ ਹੈ। ਕਿਉਂਕਿ ਪਿਛਲੇ 20 ਸਾਲਾਂ ਦੌਰਾਨ ਭਾਰਤੀ ਹਵਾਬਾਜ਼ੀ ਵਿੱਚ ਵਿਲੱਖਣ ਬਦਲਾਅ ਵੇਖਣ ਨੂੰ ਮਿਲੇ ਹਨ। ਅੰਤਰਰਾਸ਼ਟਰੀ ਅਤੇ ਘਰੇਲੂ ਨਵੇਂ ਰੂਟਾਂ ਉਤੇ ਨਵੀਆਂ ਉੜਾਨਾਂ ਦੀ ਸ਼ੁਰੂਆਤ ਹੋ ਰਹੀ ਹੈ। ਹਵਾਈ ਅੱਡਿਆਂ ਦਾ ਨਵੀਨੀਕਰਨ ਅਤੇ ਪਸਾਰ ਹੋ ਰਿਹਾ ਹੈ। ਭਾਰਤੀ ਹਵਾਈ ਅੱਡਿਆਂ ਉਤੇ ਸੁਰੱਖਿਆ ਦੇ ਮਿਆਰ ਅੰਤਰਰਾਸ਼ਟਰੀ ਪੱਧਰ ਦੇ ਮੌਜੂਦਾ ਮਾਪਦੰਡਾਂ ਨਾਲ ਮੇਚ ਦੇ ਹੋ ਗਏ ਹਨ।

ਵੱਡੀ ਪੱਧਰ ਉਤੇ ਪੂੰਜੀਕਾਰੀ ਦੀ ਲੋੜ ਪਵੇਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਵਾਈ ਜਹਾਜ਼ਰਾਨੀ ਸੇਵਾਵਾਂ (ਏ ਐੱਨ ਐੱਸ) ਹਵਾਈ ਸੁਰੱਖਿਆ ਦੇ ਵਿਲੱਖਣ ਨਤੀਜਿਆਂ ਨੂੰ ਜਾਰੀ ਰੱਖ ਸਕਣ। ਮੈਟਰੋਪਾਲਿਟਨ ਸ਼ਹਿਰਾਂ ਦੇ ਪਹਿਲਾਂ ਤੋਂ ਹੀ ਵਿਅਸਤ ਅਕਾਸ਼ ਉਤੇ ਭੀੜ ਵਿੱਚ ਵਾਧਾ ਹੋ ਜਾਵੇਗਾ ਅਤੇ ਟਰਮੀਨਲ ਦੇ ਗੇਟ ਉਤੇ ਆਉਣ ਅਤੇ ਜਾਣ ਵਾਲਿਆਂ ਦੀ ਸਮੁੱਚੀ ਕਾਰਵਾਈ ਦੇ ਜਲਦ ਨਿਪਟਾਰੇ ਲਈ ਨਵੀਆਂ ਤਕਨੀਕਾਂ ਅਪਣਾਉਣ ਦੀ ਲੋੜ ਵੀ ਪਵੇਗੀ। ਇਸ ਦਾ ਮਤਲਬ ਹੈ ਹਵਾਈ ਜਹਾਜ਼ ਦੇਉੜਾਨ ਭਰਨ ਅਤੇ ਉਤਰਨ ਦੀ ਕਿਰਿਆ ਵਿੱਚ ਬਹੁਤ ਨੇੜੇ ਦਾ ਅੰਤਰ ਅਤੇ ਹਵਾਈ ਅੱਡਿਆਂ ਨੂੰ ਛੱਡ ਕੇ ਅਕਾਸ਼ ਵਿੱਚ ਹਵਾਈ ਯਾਤਾਯਾਤ ਦੇ ਪ੍ਰਬੰਧਨ ਲਈ ਵਧੇਰੇ ਬਨਾਵਟੀ ਤਰੀਕੇ।

2017-18 ਦੇ ਬਜਟ ਵਿੱਚ ਟਾਇਰ-2 ਸ਼ਹਿਰਾਂ ਵਿੱਚ ਚੋਣਵੇਂ ਹਵਾਈ ਅੱਡਿਆਂ ਨੂੰ ਪੀ.ਪੀ.ਪੀ. ਵਿਧੀ ਤਹਿਤ ਚਲਾਉਣ ਅਤੇ ਸਾਂਭ-ਸੰਭਾਲ ਦਾ ਟੀਚਾ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਭਾਰਤੀ ਹਵਾਈ ਅੱਡਾ ਅਥਾਰਿਟੀ (ਏ ਏ ਆਈ) ਕਾਨੂੰਨ ਵਿੱਚ ਵੀ ਸੋਧ ਕੀਤੀ ਜਾਵੇਗੀ ਤਾਂ ਕਿ ਜ਼ਮੀਨੀ ਅਸਾਸਿਆਂ ਤੋਂ ਅਸਰਦਾਰ ਆਮਦਨੀ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਹਾਸਲ ਹੋਏ ਵਸੀਲਿਆਂ ਨੂੰ ਹਵਾਈ ਅੱਡੇ ਦੇ ਮਿਆਰੀਕਰਨ ਦੇ ਲਈ ਵਰਤਿਆ ਜਾਵੇਗਾ। ਨਵੀਨੀਕਰਨ ਦਾ ਪੱਖ ਜੋ ਕਿ ਅਜੋਕੇ ਸਮੇਂ ਦੀ ਮੰਗ ਹੈ ਇਸ ਬਜਟ ਵਿੱਚ ਨਹੀਂ ਦਿਖ ਰਿਹਾ।

**ਸਰਕਾਰ ਨੂੰ ਘਰੇਲੂ ਉੜਾਨਾਂ ਨੂੰ ਚਲਾਉਣ ਅਤੇ ਵਿਦੇਸ਼ੀ ਮਲਕੀਅਤ ਲਈ ਸਪੱਸ਼ਟ ਅਤੇ ਸਥਿਰ ਨਿਯਮਾਂ ਦਾ ਫ਼ੈਸਲਾ ਕਰਨਾ ਚਾਹੀਦਾ ਹੈ। ਵਿਦੇਸ਼ੀ ਮਲਕੀਅਤ ਨਾਲ ਸਸਤੇ ਮਾਲੀ ਕਰਜ਼ਿਆਂ ਤੱਕ ਪਹੁੰਚ, ਤਕਨੀਕੀ ਤਬਾਦਲੇ, ਪ੍ਰਬੰਧਨ ਦੇ ਢੰਗ ਤਰੀਕੇ ਅਤੇ ਅੰਤਰਰਾਸ਼ਟਰੀ ਮੰਡੀ ਵਿੱਚ ਪਹੁੰਚ ਮਿਲਣ ਦੀ ਆਸ ਹੈ। ਇਸ ਖੇਤਰ ਦੀ ਸਮੁੱਚੀ ਮਾਲੀ ਸਿਹਤ ਨੂੰ ਹੱਲਾਸ਼ੇਰੀ ਦੇਣ ਦੇ ਮਕਸਦ ਨਾਲ ਨਿੱਜੀ ਹਿੱਸੇਦਾਰੀ ਦੀ ਸਥਿਰਤਾ ਦੀ ਪਰਖ ਲਈ ਸਚੇਤ ਨਿਯੰਤਰਣ ਅਤੇ ਘਰੇਲੂ ਹਵਾਈ ਸੇਵਾਵਾਂ ਵਿੱਚ ਮਾਲੀ ਕਰਜ਼ੇ ਵਿਕਸਤ ਕਰਨੇ ਚਾਹੀਦੇ ਹਨ।**

## ਸਮੁੰਦਰੀ ਜਹਾਜ਼ਰਾਨੀ

ਭਾਰਤੀ ਬੰਦਰਗਾਹਾਂ ਉਤੇ ਸਮਰੱਥਾ ਦੀ ਬਹੁਤ ਘਾਟ ਹੈ ਅਤੇ ਆਉਂਦੇ ਭਵਿੱਖ ਵਿੱਚ ਵੀ ਇਹ ਅਜਿਹੀ ਬਣੀ ਰਹੇਗੀ। 2011-12 ਵਿੱਚ ਵਿਸ਼ਵ ਪੱਧਰ ਉਤੇ ਆਈ ਆਰਥਿਕ ਗਿਰਾਵਟ ਦੇ ਬਾਵਜੂਦ ਬੰਦਰਗਾਹਾਂ ਦੀ ਵਰਤੋਂ ਔਸਤਨ 80 ਪ੍ਰਤਿਸ਼ਤ ਸੀ ਅਤੇ 12 ਪ੍ਰਮੁੱਖ ਬੰਦਰਗਾਹਾਂ ਵਿੱਚੋਂ 4 ਦੀ ਤਾਂ 100 ਪ੍ਰਤਿਸ਼ਤ ਵਰਤੋਂ ਦਰ ਰਹੀ।

**ਭਾਰਤ ਤੋਂ ਹੋਣ ਵਾਲੀ ਬਰਾਮਦ ਅਤੇ ਦਰਾਮਦ ਜਿਸ ਦਾ ਕਿ ਵੱਡਾ ਹਿੱਸਾ ਸਮੁੰਦਰੀ ਬੰਦਰਗਾਹਾਂ ਰਾਹੀਂ ਹੁੰਦਾ ਹੈ, ਨੇ ਪਿਛਲੇ ਦਹਾਕੇ ਦੌਰਾਨ ਨਿਵੇਕਲੇ ਵਿਕਾਸ ਦਾ ਪ੍ਰਦਰਸ਼ਨ ਕੀਤਾ ਹੈ। ਸੀ ਏ ਜੀ ਆਰ ਅਨੁਸਾਰ ਬਰਾਮਦ ਵਿੱਚ 21 ਪ੍ਰਤਿਸ਼ਤ ਅਤੇ ਦਰਾਮਦ ਵਿੱਚ 25 ਪ੍ਰਤਿਸ਼ਤ ਦਾ ਵਿਕਾਸ ਹੋਇਆ। ਭਾਰਤ ਨੂੰ ਸਮੁੰਦਰੀ ਜਹਾਜ਼ਾਂ ਰਾਹੀਂ ਮਾਲ ਦੀ ਢੋਆ-ਢੁਆਈ ਲਈ ਭਾਰਤੀ ਸਮਰੱਥਾ ਦੀ ਉਸਾਰੀ ਲਈ ਵੱਡੀ ਪੂੰਜੀਕਾਰੀ ਕਰਨੀ ਪਵੇਗੀ ਜੋ ਕਿ ਵਿਸ਼ਵ ਦੀ ਢੋਆ-ਢੁਆਈ ਸਮਰੱਥਾ ਵਿੱਚ ਉਸ ਦੇ ਮੌਜੂਦ ਹਿੱਸੇ ਦੇ ਅਨੁਕੂਲ ਹੈ।**

2017-18 ਦੇ ਬੀ ਈ ਵਿੱਚ ਮੁੱਲ ਪ੍ਰਭਾਵਤ ਅਤੇ ਵਾਤਾਵਰਨ ਪੱਖੀ ਆਵਾਜਾਈ ਦੇ ਸਾਧਨ ਵਜੋਂ ਵਿਚਾਰੇ ਜਾਂਦੇ ਖੇਤਰ ਲਈ 1773 ਕਰੋੜ ਰੁਪਏ ਦੇ ਖਰਚ ਦੀ ਤਜਵੀਜ਼ ਰੱਖੀ ਗਈ ਹੈ। ਇਹ 2016-17 ਬੀ ਈ ਦੇ 1531 ਕਰੋੜ ਰੁਪਏ ਅਤੇ ਇਸੇ ਸਾਲ ਆਰ ਈ ਦੇ 1454 ਕਰੋੜ ਰੁਪਏ ਤੋਂ ਵੱਧ ਹੈ।

ਪ੍ਰਮੁੱਖ ਆਵੰਟਨ ਵਾਧਾ ਬੰਦਰਗਾਹਾਂ ਅਤੇ ਲਾਈਟ ਹਾਊਸਾਂ ਉਤੇ ਕੀਤਾ ਗਿਆ ਹੈ ਜੋ ਕਿ 2016-17 (ਬੀ ਈ) ਵਿੱਚ 732.50 ਕਰੋੜ ਰੁਪਏ ਤੋਂ 10 ਪ੍ਰਤਿਸ਼ਤ ਵਧਾ ਕੇ 2017-18 ਵਿੱਚ 801.40 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਜਹਾਜ਼ਰਾਨੀ ਅਤੇ ਉੱਤਰ ਪੱਛਮੀ ਖੇਤਰ ਵਿੱਚ ਆਵੰਟਨ ਵਿੱਚ ਵੀ ਪ੍ਰਮੁੱਖ ਵਾਧਾ ਕੀਤਾ ਗਿਆ ਹੈ ਜਿਥੇ ਇਸ ਬਜਟ ਆਵੰਟਨ ਨੂੰ 2016-17 (ਬੀ ਈ) ਦੇ ਕ੍ਰਮਵਾਰ 172 ਕਰੋੜ ਅਤੇ 100 ਕਰੋੜ ਰੁਪਏ ਨੂੰ ਵਧਾ ਕੇ 2017-18 ਵਿੱਚ ਕ੍ਰਮਵਾਰ 238 ਕਰੋੜ ਅਤੇ 126 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

ਆਪਣੀ ਸ੍ਰੇਸ਼ਠ ਬਾਲਣ ਕੁਸ਼ਲਤਾ ਅਤੇ ਘੱਟ ਉਤਸਰਜਨ ਪੱਧਰਾਂ ਨਾਲ ਅੰਤਰਦੇਸ਼ੀ ਜਲ ਯਾਤਾਯਾਤ (ਆਈ ਡਬਲਿਯੂ ਟੀ) ਪ੍ਰਮੁੱਖ ਵਾਤਾਵਰਨ ਪੱਖੀ ਵਿਧੀਆਂ ਵਿੱਚੋਂ ਇਕ ਹੈ। ਜਲ ਰਾਹਾਂ ਦੇ ਜਾਲ ਨਾਲ ਜੁੜੇ ਖੇਤਰਾਂ ਦੇ ਸੰਗਠਤ ਸਮਾਜਕ ਆਰਥਿਕ ਵਿਕਾਸ ਲਈ ਅੰਤਰਦੇਸ਼ੀ ਜਲ ਯਾਤਾਯਾਤ ਕੋਲ ਇਕ ਮਹੱਤਵਪੂਰਨ ਆਰਥਿਕ ਜੀਵਨ ਰੇਖਾ ਵਜੋਂ ਸੇਵਾ ਲਈ ਸਮਰੱਥਾ ਮੌਜੂਦਾ ਹੈ।

ਬਜਟ ਵਿੱਚ ਅੰਤਰਦੇਸ਼ੀ ਜਲ ਯਾਤਾਯਾਤ ਲਈ ਘੱਟ ਆਵੰਟਨ ਰੱਖਿਆ ਗਿਆ ਹੈ। ਇਸ ਲਈ ਆਵੰਟਨ 2016-17 (ਬੀ ਈ) ਦੇ 326.42 ਕਰੋੜ ਰੁਪਏ ਤੋਂ ਘਟਾ ਕੇ 2016-17 (ਆਰ ਈ) ਵਿੱਚ 278.42 ਕਰੋੜ ਰੁਪਏ ਅਤੇ ਫਿਰ 2017-18 (ਬੀ ਈ) ਵਿੱਚ 225 ਕਰੋੜ ਰੁਪਏ ਕਰ ਦਿੱਤਾ ਗਿਆ। ਇਸ ਦਾ ਪ੍ਰਮੁੱਖ ਕਾਰਨ ਅੰਤਰਦੇਸ਼ੀ ਜਲ ਯਾਤਾਯਾਤ ਰਾਹੀਂ ਬਹੁਤ ਘੱਟ ਮਾਲ ਦੀ ਢੋਆ-ਢੁਆਈ ਹੁੰਦੀ ਹੈ ਜੋ ਕਿ ਗੋਆ ਵਿੱਚ ਕੱਚੇ ਲੋਹੇ ਦੀ ਅਤੇ ਪੱਛਮੀ ਤੱਟੀ ਖੇਤਰ ਵਿੱਚ ਖਾਦਾਂ ਦੇ ਕੱਚੇ ਮਾਲ ਤੱਕ ਹੀ ਸੀਮਤ ਹੈ। ਪਰ ਉਪਯੁਕਤ ਅੰਤਰ ਸੰਪਰਕ ਰਾਹੀਂ ਅੰਤਰਦੇਸ਼ੀ ਜਲ ਯਾਤਾਯਾਤ ਦੇ ਵਿਕਾਸ ਨਾਲ ਸੜਕਾਂ ਅਤੇ ਰੇਲਾਂ ਵਿੱਚ ਭੀੜ ਅਤੇ ਕਾਰਬਨ ਡਾਇਆਕਸਾਈਡ ਦੇ ਉਤਸਰਜਨ ਵਿੱਚ ਕਮੀ ਕਰਨ ਵਿੱਚ ਮਦਦ ਮਿਲੇਗੀ।

## ਸੰਚਾਰ

ਟੈਲੀਕਾਮ ਖੇਤਰ ਬੁਨਿਆਦੀ ਵਾਤਾਵਰਨ ਪ੍ਰਣਾਲੀ ਦਾ ਇਕ ਪ੍ਰਮੁੱਖ ਹਿੱਸਾ ਹੈ। ਮੌਜੂਦਾ ਪ੍ਰਤਿਬਿੰਬ ਬੋਲੀਆਂ ਨੇ ਦੇਸ਼ ਵਿੱਚ ਪ੍ਰਤਿਬਿੰਬਾਂ ਦੀ ਕਮੀ ਨੂੰ ਦੂਰ ਕਰ ਦਿੱਤਾ ਹੈ ਅਤੇ ਇਸ ਨਾਲ ਪੇਂਡੂ ਅਤੇ ਪੱਛੜੇ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਦੇ ਫ਼ਾਇਦਿਆਂ ਲਈ ਮੋਬਾਈਲ ਬ੍ਰਾਡਬੈਂਡ ਅਤੇ ਡਿਜੀਟਲ ਇੰਡੀਆ ਨੂੰ ਬਹੁਤ ਹੱਲਾਸ਼ੇਰੀ ਮਿਲੇਗੀ ਅਤੇ ਵੱਡੀ ਪੱਧਰ ਉਤੇ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ।

ਸਾਲ 2017-18 ਵਿੱਚ 26,687 ਕਰੋੜ ਰੁਪਏ ਦੇ ਆਵੰਟਨ ਦਾ ਪ੍ਰਾਵਧਾਨ ਹੈ ਜੋ ਕਿ ਪਿਛਲੇ ਸਾਲ ਬੀ ਈ ਦੇ 18,414 ਕਰੋੜ ਰੁਪਏ ਤੋਂ 45 ਪ੍ਰਤਿਸ਼ਤ ਅਤੇ ਆਰ ਈ ਦੇ 24,272 ਕਰੋੜ ਰੁਪਏ ਤੋਂ 10 ਪ੍ਰਤਿਸ਼ਤ ਵੱਧ ਹੈ।

**ਭਾਰਤ ਨੈੱਟ ਨਾਂ ਦੀ ਰਾਸ਼ਟਰੀ ਮਹੱਤਵ ਵਾਲੇ ਪ੍ਰਾਜੈਕਟ ਦੀ ਯੋਜਨਾ ਡਿਜੀਟਲ ਇੰਡੀਆ ਦੇ ਸੁਪਨੇ ਨੂੰ ਸਾਕਾਰ ਕਰਨ ਵਾਲੀ ਹੈ ਅਤੇ ਉੱਚ ਪਾਏ ਦਾ ਬੁਨਿਆਦੀ ਨੈੱਟਵਰਕ ਹੈ ਜੋ ਕਿ ਗੈਰ ਪੱਖਪਾਤੀ ਅਧਾਰ 'ਤੇ ਪਹੁੰਚਯੋਗ, ਮੰਗ ਤੇ ਮੁਹੱਈਆ, ਸਾਰੇ ਘਰਾਂ ਲਈ ਵਾਜਬ ਕੀਮਤ ਉਤੇ ਬਰਾਡਬੈਂਡ ਸੰਪਰਕ ਅਤੇ ਸਾਰੀਆਂ ਸੰਸਥਾਵਾਂ ਲਈ ਮੰਗ ਸਮਰੱਥਾ ਵਾਲਾ ਹੈ। ਇਹ ਆਪਟੀਕਲ ਤਾਰਾਂ ਦੀ ਵਰਤੋਂ ਕਰਨ ਵਾਲਾ ਵਿਸ਼ਵ ਦਾ ਸਭ ਤੋਂ ਵੱਡਾ ਪੇਂਡੂ ਬਰਾਡਬੈਂਡ ਸੰਪਰਕ ਪ੍ਰਾਜੈਕਟ ਹੋਵੇਗਾ।**

ਭਾਰਤ ਨੈੱਟ ਪ੍ਰੋਜੈਕਟ ਲਈ ਬਜਟ ਆਵੰਟਨ 2016-17 ਦੇ ਆਰ ਈ ਦੇ 6000 ਕਰੋੜ ਰੁਪਏ ਤੋਂ ਵਧਾ ਕੇ 2017-18 ਵਿੱਚ 10,000 ਕਰੋੜ ਰੁਪਏ ਕਰ ਦਿੱਤਾ ਗਿਆ ਹੈ। 2017-18 ਦੇ ਅੰਤ ਤੱਕ 1,50,000 ਤੋਂ ਵੱਧ ਗ੍ਰਾਮ ਪੰਚਾਇਤਾਂ ਵਿੱਚ ਆਪਟੀਕਲ ਤਾਰਾਂ ਰਾਹੀਂ ਉੱਚ ਰਫ਼ਤਾਰ ਵਾਲਾ ਬਰਾਡਬੈਂਡ ਸੰਪਰਕ ਹੋਵੇਗਾ ਜਿਸ ਵਿੱਚ ਵਾਈ ਫਾਈ ਹਾਟ ਸਪਾਟ ਅਤੇ ਘੱਟ ਦਰਾਂ ਉਤੇ ਡਿਜੀਟਲ ਸੇਵਾਵਾਂ ਤੱਕ ਪਹੁੰਚ ਹੋਵੇਗੀ। ਆਪਟੀਕਲ ਫਾਈਬਰ ਕੇਬਲ ਨਾਂ ਦੇ ਇਸ ਪ੍ਰਾਜੈਕਟ ਨੇ 1,55,000 ਕਿਲੋਮੀਟਰ ਵਿੱਚ ਤਾਰਾਂ ਦਾ ਜਾਲ ਵਿਛਾ ਦਿੱਤਾ ਹੈ। ਇਸ ਸਮੇਤ ਡਿਜੀਟਲ ਤਕਨਾਲੋਜੀ ਰਾਹੀਂ ਟੈਲੀ-ਦਵਾਈਆਂ, ਸਿੱਖਿਆ ਅਤੇ ਕੌਸ਼ਲ ਉਪਲਬਧ ਕਰਵਾਉਣ ਲਈ "ਡਿਜੀਗਾਓਂ" ਉੱਦਮ ਦੀ ਸ਼ੁਰੂਆਤ ਵੀ ਕੀਤੀ ਜਾਵੇਗੀ।

## ਊਰਜਾ

***(ੳ) ਸ਼ਕਤੀ :*** ਸਰਕਾਰ ਪਹਿਲੀ ਮਈ 2018 ਤੱਕ 100 ਪ੍ਰਤਿਸ਼ਤ ਪਿੰਡਾਂ ਦੇ ਬਿਜਲੀਕਰਨ ਦੇ ਟੀਚੇ ਨੂੰ ਹਾਸਲ ਕਰਨ ਦੇ ਰਾਹ ਉਤੇ ਹੈ। 2017-18 ਵਿੱਚ ਦੀਨਦਿਆਲ ਉਪਾਧਿਆਏ ਗ੍ਰਾਮ ਜਿਓਤੀ ਯੋਜਨਾ ਅਧੀਨ 4,814 ਕਰੋੜ ਰੁਪਏ ਦੇ ਪ੍ਰਾਵਧਾਨ ਦੀ ਤਜਵੀਜ਼ ਹੈ।

ਹੁਣ ਸੂਰਜੀ ਊਰਜਾ ਦੇ ਖੇਤਰ ਵਿੱਚ ਵਾਧੂ 20,000 ਮੈਗਾਵਾਟ ਸਮਰੱਥਾ ਲਈ ਸੂਰਜੀ ਪਾਰਕ ਵਿਕਾਸ ਦੇ ਦੂਜੇ ਪੜਾਅ ਉਤੇ ਕੰਮ ਕਰਨ ਦੀ ਤਜਵੀਜ਼ ਹੈ।

ਭਾਰਤ ਨੂੰ ਬਿਜਲਈ ਵਸਤਾਂ ਦੇ ਉਤਪਾਦਨ ਦਾ ਵਿਸ਼ਵ ਪੱਧਰ ਉਤੇ ਕੇਂਦਰਬਿੰਦੂ ਬਣਾਉਣ ਲਈ ਇਕ ਵਾਤਾਵਰਨ ਪੱਖੀ ਪ੍ਰਣਾਲੀ ਵਿਕਸਤ ਕੀਤੀ ਗਈ ਹੈ। ਪਿਛਲੇ 2 ਸਾਲਾਂ ਵਿੱਚ 1.26 ਲੱਖ ਕਰੋੜ ਰੁਪਏ ਦੀ ਕੁੱਲ ਪੂੰਜੀਕਾਰੀ ਨਾਲ ਬਿਜਲਈ ਵਸਤਾਂ ਦੇ ਉਤਪਾਦਨ ਦੀਆਂ 250 ਤੋਂ ਵਧੇਰੇ ਪੂੰਜੀਕਾਰੀ ਤਜਵੀਜ਼ਾਂ ਪ੍ਰਾਪਤ ਹੋਈਆਂ ਹਨ। ਵੱਡੀ ਗਿਣਤੀ ਵਿੱਚ ਵਿਸ਼ਵ ਨੇਤਾਵਾਂ ਅਤੇ ਮੋਬਾਈਲ ਉਤਪਾਦਕਾਂ ਨੇ ਭਾਰਤ ਵਿੱਚ ਉਤਪਾਦਨ ਸਹੂਲਤਾਂ ਸ਼ੁਰੂ ਕਰ ਦਿੱਤੀਆਂ ਹਨ। ਇਸ ਲਈ ਪ੍ਰੋਤਸਾਹਨ ਯੋਜਨਾਵਾਂ ਜਿਵੇਂ ਕਿ ਐੱਮ ਐੱਸ ਆਈ ਪੀ ਐੱਸ ਅਤੇ ਈ ਡੀ ਐੱਫ ਲਈ ਸਾਲ 2017-18 ਵਿੱਚ 745 ਕਰੋੜ ਰੁਪਏ ਦੇ ਪ੍ਰਾਵਧਾਨ ਦਾ ਵਾਧਾ ਕਰ ਦਿੱਤਾ ਗਿਆ ਹੈ। ਇਹ ਪਿਛਲੇ ਸਾਰੇ ਸਮੇਂ ਤੋਂ ਵੱਧ ਹੈ।

***(ਅ) ਤੇਲ ਅਤੇ ਕੁਦਰਤੀ ਗੈਸ :*** ਪੈਟ੍ਰੋਲੀਅਮ ਆਧੁਨਿਕ ਸਭਿਅਤਾ ਦੀ ਜੀਵਨ ਰੇਖਾ ਹੈ। ਇਹ ਖੇਤੀਬਾੜੀ, ਸੱਨਅਤਾਂ ਅਤੇ ਆਵਾਜਾਈ ਖੇਤਰ ਲਈ ਊਰਜਾ ਦਾ ਸਰੋਤ ਹੈ ਅਤੇ ਹੋਰਨਾਂ ਜ਼ਰੂਰੀ ਸੱਨਅਤਾਂ ਦਾ ਪਹੀਆ ਰੇੜ੍ਹੀ ਰਖਦਾ ਹੈ। ਨਤੀਜੇ ਦੇ ਤੌਰ ਤੇ ਤੇਲ ਅਤੇ ਕੁਦਰਤੀ ਗੈਸ ਖੇਤਰ ਵਿੱਚ ਪਸਾਰ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਬਹੁਤ ਸਮਰੱਥਾ ਮੌਜੂਦ ਹੈ। ਬੁਨਿਆਦੀ ਢਾਂਚੇ ਵਿੱਚ ਇਹ ਸਭ ਤੋਂ ਵਿਵਸਥਤ ਅਤੇ ਰਸਮੀ ਖੇਤਰਾਂ ਵਿੱਚੋਂ ਇਕ ਹੈ।

ਪਿਛਲੇ ਕੁੱਝ ਸਮੇਂ ਤੋਂ ਮੋਟਰ ਗੱਡੀਆਂ ਅਤੇ ਘਰੇਲੂ ਪੱਧਰ ਉਤੇ ਇਸ ਦੀ ਮੰਗ ਵਿੱਚ ਹੋ ਰਹੇ ਵਾਧੇ ਨੂੰ ਵੇਖਦਿਆਂ ਇਸ ਦੀ ਸੀਮਤ ਉਪਲਬਧਤਾ ਅਤੇ ਕਾਰਬਨ ਉਤਸਰਜਨ ਨੂੰ ਧਿਆਨ ਵਿੱਚ ਰੱਖ ਕੇ ਕੁਸ਼ਲ ਅਤੇ ਟਿਕਾਊ ਇਸਤੇਮਾਲ ਦੇ ਢੰਗ ਤਰੀਕਿਆਂ ਉਤੇ ਧਿਆਨ ਕੇਂਦਰਿਤ ਕਰਨ ਦੀ ਬਹੁਤ ਲੋੜ ਹੈ।

ਊਰਜਾ ਖੇਤਰ ਦੀ ਮਜ਼ਬੂਤੀ ਲਈ ਸਰਕਾਰ ਨੇ ਨੀਤੀਗਤ ਕੱਚੇ ਤੇਲ ਦੇ ਭੰਡਾਰ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਹੈ। ਪਹਿਲੇ ਪੜਾਅ ਹੇਠ 3 ਅਜਿਹੀਆਂ ਭੰਡਾਰ ਸਮਰੱਥਾਵਾਂ ਸਥਾਪਤ ਕੀਤੀਆਂ ਗਈਆਂ ਹਨ। ਹੁਣ ਦੂਜੇ ਪੜਾਅ ਵਿੱਚ ਓਡੀਸ਼ਾ ਦੇ ਚਾਂਦੀਖੋਲ ਅਤੇ ਰਾਜਸਥਾਨ ਦੇ ਬੀਕਾਨੇਰ ਵਿੱਚ 2 ਅਜਿਹੇ ਖੂਹ ਬਣਾਉਣ ਦੀ ਵੀ ਤਜਵੀਜ਼ ਹੈ। ਇਸ ਨਾਲ ਨੀਤੀਗਤ ਭੰਡਾਰਨ ਸਮਰੱਥਾ ਵਧਾ ਕੇ 15.33 ਮਿਲੀਅਨ ਮੀਟਰਿਕ ਟਨ ਤੱਕ ਹੋ ਜਾਵੇਗੀ।

2017-18 ਵਿੱਚ 29,158 ਕਰੋੜ ਰੁਪਏ ਦੇ ਖਰਚ ਦਾ ਪ੍ਰਬੰਧ ਰਖਿਆ ਗਿਆ ਹੈ, ਜੋ ਕਿ ਪਿਛਲੇ ਸਾਲ ਦੇ ਬੀ ਈ ਅਤੇ ਆਰ ਈ ਨਾਲੋਂ ਘੱਟ ਹੈ। ਪਿਛਲੇ ਸਾਲ 2016-17 ਬੀ ਈ ਲਈ 29,160 ਕਰੋੜ ਰੁਪਏ ਅਤੇ ਆਰ ਈ ਲਈ 30,241 ਕਰੋੜ ਰੁਪਏ ਰੱਖੇ ਗਏ ਸਨ। ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 2016-17 ਵਿੱਚ ਆਰ ਈ ਪੱਧਰ ਉਤੇ ਆਵੰਟਨ ਵਿੱਚ ਵਾਧਾ ਕੀਤਾ ਗਿਆ ਸੀ। 2017-18 ਦੇ ਬੀ ਈ ਵਿੱਚ ਇਸ ਆਵੰਟਨ ਦੀ ਕਮੀ ਦਾ ਕਾਰਨ ਨਹੀਂ ਦੱਸਿਆ ਗਿਆ। ਹਾਲਾਂਕਿ ਗਰੀਬ ਘਰਾਂ ਲਈ ਐੱਲ ਪੀ ਜੀ ਗੈਸ ਕਨੈਕਸ਼ਨਾਂ ਦੀ ਕੇਂਦਰੀ ਪ੍ਰਾਯੋਜਤ ਸਕੀਮ ਲਈ ਆਵੰਟਨ ਨੂੰ 2017-18 ਵਿੱਚ ਵਧਾ ਕੇ 2500 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ ਕਿ 2016-17 ਦੇ ਬੀ ਈ ਦੇ 2000 ਕਰੋੜ ਰੁਪਏ ਨਾਲੋਂ ਵੱਧ ਹੈ ਅਤੇ 2016-17 ਦੇ ਆਰ ਈ ਦੇ ਬਰਾਬਰ ਹੈ।

## ਪਾਣੀ ਅਤੇ ਸਾਫ਼-ਸਫ਼ਾਈ (ਸੈਨੀਟੇਸ਼ਨ)

ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਨੇ ਸੁਰੱਖਿਅਤ ਸੈਨੀਟੇਸ਼ਨ ਅਤੇ ਖੁੱਲ੍ਹੇ ਵਿੱਚ ਸ਼ੌਚ ਦੇ ਅੰਤ ਨੂੰ ਉਤਸ਼ਾਹਤ ਕਰਨ ਵਿੱਚ ਵਿਲੱਖਣ ਤਰੱਕੀ ਕੀਤੀ ਹੈ। ਪੇਂਡੂ ਭਾਰਤ ਵਿੱਚ ਸੈਨੀਟੇਸ਼ਨ ਦਾ ਦਾਇਰਾ ਅਕਤੂਬਰ 2014 ਦੇ 42 ਪ੍ਰਤਿਸ਼ਤ ਤੋਂ ਵਧ ਕੇ 60 ਪ੍ਰਤਿਸ਼ਤ ਹੋ ਗਿਆ ਹੈ। ਖੁੱਲ੍ਹੇ ਵਿੱਚ ਸ਼ੌਚ ਤੋਂ ਮੁਕਤ ਪਿੰਡਾਂ ਵਿੱਚ ਪਾਈਪਾਂ ਰਾਹੀਂ ਪਾਣੀ ਦੀ ਪੂਰਤੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਇਸ ਮਿਸ਼ਨ ਨੂੰ ਹੋਰ ਹੱਲਾਸ਼ੇਰੀ ਦੇਣ ਲਈ ਅਗਲੇ ਚਾਰ ਸਾਲਾਂ ਦੌਰਾਨ ਸੰਖੀਏ ਅਤੇ ਫਲੋਰਾਈਡ ਪ੍ਰਭਾਵਤ 28,000 ਅਬਾਦੀਆਂ ਨੂੰ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੀ ਤਜਵੀਜ਼ ਹੈ। ਇਹ ਪੇਂਡੂ ਪੀਣ ਵਾਲੇ ਪਾਣੀ ਬਾਰੇ ਰਾਸ਼ਟਰੀ ਪ੍ਰੋਗਰਾਮ ਦਾ ਇਕ ਹਿੱਸਾ ਹੈ। 2017-18 ਵਿੱਚ 6050 ਕਰੋੜ ਰੁਪਏ ਦੇ ਆਵੰਟਨ ਦੀ ਤਜਵੀਜ਼ ਹੈ ਜੋ ਕਿ 2016-17 ਬੀ ਈ ਵਿੱਚ 5000 ਕਰੋੜ ਰੁਪਏ ਸੀ।

## ਸਮੁੱਚਾ ਮੁਲਾਂਕਣ

ਸਮੁੱਚੇ ਤੌਰ ਤੇ 2017-18 ਦਾ ਬਜਟ ਦਰਸਾਉਂਦਾ ਹੈ ਕਿ ਸਰਕਾਰ ਦੀ ਮਿੱਥੇ ਗਏ ਟੀਚੇ ਸਹੀ ਸਮੇਂ ਉਤੇ ਅਤੇ ਪੂਰੀ ਰਫ਼ਤਾਰ ਨਾਲ ਹਾਸਲ ਕਰਨ ਦੀ ਪੂਰੀ ਤਰ੍ਹਾਂ ਸਪੱਸ਼ਟ ਮਨਸ਼ਾ ਹੈ ਕਿਉਂਕਿ ਬੁਨਿਆਦੀ ਢਾਂਚੇ ਲਈ ਬਜਟ ਪ੍ਰਾਵਧਾਨ ਕੁੱਲ ਬਜਟ ਦਾ ਪੰਜਵਾਂ ਹਿੱਸਾ ਰੱਖਿਆ ਗਿਆ ਹੈ। ਇਸ ਤੋਂ ਪਤਾ ਚਲਦਾ ਹੈ ਕਿ ਟੀਚਿਆਂ ਨੂੰ ਉਤਸ਼ਾਹਜਨਕ ਤਰੀਕੇ ਨਾਲ ਪੂਰੇ ਕਰਨ ਦੀ ਲੋੜ ਹੈ ਅਤੇ ਬੁਨਿਆਦੀ ਖੇਤਰ ਨੂੰ ਹੋਰ ਹੁਲਾਰਾ ਦੇਣ ਦੀਵੀ ਲੋੜ ਹੈ। ਇਸ ਨਾਲ ਅਰਥਚਾਰੇ ਨੂੰ ਹੁਲਾਰਾ ਮਿਲੇਗਾ, ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ, ਵਿਦੇਸ਼ੀ ਪੂੰਜੀਕਾਰੀ ਲਈ ਵਧੀਆ ਮਾਹੌਲ ਸਿਰਜੇਗਾ ਅਤੇ ਦਿਹਾਤੀ ਭਾਰਤ ਨੂੰ ਨਵਾਂ ਜੀਵਨ ਮਿਲੇਗਾ।

ਕਿਸੇ ਵੀ ਪ੍ਰਾਜੈਕਟ ਦੀ ਸ਼ੁਰੂਆਤੀ ਰਫ਼ਤਾਰ ਸ਼ਾਇਦ ਉਹੀ ਰਹੇਗੀ ਕਿਉਂਕਿ ਕਈ ਪ੍ਰਮੁੱਖ ਵੰਗਾਰਾਂ ਹੁੰਦੀਆਂ ਹਨ ਜਿਨ੍ਹਾਂ ਉਤੇ ਬਹੁਤ ਵਕਤ ਲਗਦਾ ਹੈ ਅਤੇ ਇਸ ਕਾਰਨ ਪ੍ਰਾਜੈਕਟ ਦੀ ਲਾਗਤ ਅਤੇ ਸਮੇਂ ਦੀ ਹੱਦ ਪਾਰ ਹੋ ਜਾਂਦੀ ਹੈ ਜਿਵੇਂ ਕਿ ਪ੍ਰਾਜੈਕਟ ਦੀ ਤਿਆਰੀ ਅਤੇ ਮਨਜ਼ੂਰੀ, ਜ਼ਮੀਨ ਉਤੇ ਕਬਜ਼ਾ, ਵਾਤਾਵਰਨ ਮਨਜ਼ੂਰੀ, ਕਾਨੂੰਨੀ ਅਤੇ ਨਿਯਮਾਂ ਨਾਲ ਸੰਬੰਧਿਤ ਮੁੱਦੇ, ਅੰਤਰ-ਮੰਤਰਾਲੇ ਮਿਲਵਰਤਨ, ਕੁਸ਼ਲ ਕਾਰੀਗਰਾਂ ਦੀ ਉਪਲਬਧਤਾ ਅਤੇ ਤੁਰਤ ਨਿਯੁਕਤੀਆਂ, ਸੁਰੱਖਿਆ ਅਤੇ ਮਾਲੀ ਮੁੱਦੇ ਆਦਿ।

ਸਰਕਾਰ ਕੋਲ ਪੈਸਾ ਖਰਚ ਕੇ ਇਨ੍ਹਾਂ ਮਿੱਥੇ ਟੀਚਿਆਂ ਨੂੰ ਹਾਸਲ ਕਰਨ ਲਈ ਬਹੁਤ ਸੀਮਤ ਸਮਾਂ ਹੈ। ਇਹ ਮਹੱਤਵੂਰਨ ਹੈ ਕਿ ਪ੍ਰਾਜੈਕਟ ਉਤੇ ਰੋਜ਼ਾਨਾ ਅਧਾਰ ਉਤੇ ਨਜ਼ਰ ਰੱਖੀ ਜਾਵੇ ਅਤੇ ਸਬੰਧਿਤ ਵੈੱਬਸਾਈਟ ਤੋਂ ਰੋਜ਼ਾਨਾ ਅਧਾਰ ਉਤੇ ਇਸ ਦੀ ਸਥਿਤੀ ਦਰਜ ਕੀਤੀ ਜਾਵੇ ਨਹੀਂ ਤਾਂ ਆਰ ਈ ਦੇ ਪੜਾਅ ਤੱਕ ਇਹ ਮੁੱਢਲੀਆਂ ਸ਼ਰਤਾਂ ਦੇ ਪੜਾਅ ਉਤੇ ਹੀ ਰਹੇਗਾ।

*(ਲੇਖਕ ਬੁਨਿਆਦੀ ਢਾਂਚਾ ਖੇਤਰ ਦਾ ਮਾਹਰ ਹੈ ਅਤੇ ਆਜ਼ਾਦਾਨਾਂ ਤੌਰ ਤੇ ਸਲਾਹਕਾਰ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਨੇ ਯੋਜਨਾ ਕਮਿਸ਼ਨ ਨਾਲ ਸਲਾਹਕਾਰ ਵਜੋਂ ਕੰਮ ਕੀਤਾ ਅਤੇ 11ਵੀਂ ਪੰਜ ਸਾਲਾ ਯੋਜਨਾ ਅਤੇ ਸਾਲਾਨਾ ਯੋਜਨਾ ਘੜਨ ਵੇਲੇ ਨੇੜੇ ਤੌਰ ਤੇ ਜੁੜੇ ਰਹੇ।)*

*e-mail :kd.krishnadev@gmail.com*

# ਖੇਤੀ ਖੇਤਰ, ਦਿਹਾਤੀ ਭਾਰਤ - ਵੱਡੇ ਗੌਰਵ ਵੱਲ ਕਦਮ

✍ ਨਰਿੰਦਰ ਦੇਵ

ਮੌਜੂਦਾ ਸਰਕਾਰ ਅਧੀਨ, ਖੇਤੀ ਖੇਤਰ, ਕਿਸਾਨਾ ਦੀ ਭਲਾਈ, ਦਿਹਾਤੀ ਭਾਰਤ ਨੂੰ ਉੱਚਾ ਚੁੱਕਣ ਅਤੇ ਨੌਕਰੀਆਂ ਦੀ ਸਿਰਜਣਾ ਨੂੰ ਹਮੇਸ਼ਾ ਅਹਿਮੀਅਤ ਦਿੱਤੀ ਗਈ ਹੈ। ਇਸ ਸਾਲ ਦੇ ਬਜਟ ਵਿੱਚ ਵੀ ਇਨ੍ਹਾਂ ਖੇਤਰਾਂ ਵਿੱਚ ਸੁਧਾਰ ਨੂੰ ਹੋਰ ਤੇਜ਼ ਕਰਨ ਦੇ ਉਪਰਾਲੇ ਨੂੰ ਪਹਿਲ ਦਿੱਤੀ ਗਈ ਹੈ।

ਇਹ ਮੰਨੀ ਹੋਈ ਗੱਲ ਹੈ ਕਿ ਸਮਰੱਥਾਵਾਂ ਦੇ ਬਾਵਜੂਦ ਖੇਤੀ ਆਰਥਿਕਤਾ ਅਤੇ ਦਿਹਾਤੀ ਵਿਕਾਸ, ਜਿਵੇਂ ਕਿ ਕਈਆਂ ਮਾਹਿਰਾਂ ਵਲੋਂ ਜਾਇਜ਼ਾ ਲਿਆ ਗਿਆ ਹੈ, ਦੇ ਭਾਰਤ ਵਿੱਚ ਲੋੜੀਂਦੇ ਨਤੀਜੇ ਨਹੀਂ ਮਿਲੇ। ਪਰ 2017-18 ਦਾ ਬਜਟ ਇਕ ਤੋਂ ਜ਼ਿਆਦਾ ਢੰਗਾਂ ਨਾਲ ਇਕ ਖੇਡ ਤਬਦੀਲ ਕਰਨ ਵਾਲਾ ਸਿੱਧ ਹੋ ਸਕਦਾ ਹੈ।

**ਰਕਮ ਦੇ ਆਵੰਟਨ ਵਿੱਚ ਵਾਧੇ ਅਤੇ ਸਹੀ ਪ੍ਰਾਜੈਕਟਾਂ ਦੀ ਪਛਾਣ ਕੀਤੇ ਜਾਣ ਅਤੇ ਇਕ ਸਪੱਸ਼ਟ ਨੀਤੀ ਬਣਾਏ ਜਾਣ ਨਾਲ ਖੇਤੀ ਖੇਤਰ ਦੀ ਤਰੱਕੀ ਵਿੱਚ ਮਦਦ ਮਿਲੇਗੀ ਅਤੇ ਦਿਹਾਤੀ ਵਿਕਾਸ ਦੇ ਰਾਹ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਖਤਮ ਕਰਨ ਦੀ ਲੋੜ ਦਾ ਪਤਾ ਲੱਗੇਗਾ। ਇਸ ਸਾਲ ਦੇ ਬਜਟ ਦੀ ਸਭ ਤੋਂ ਵੱਡੀ ਤਾਕਤ ਇਸ ਦੇ ਸਹੀ ਸੰਤੁਲਨ ਵਿੱਚ ਹੀ ਹੈ। ਇਕ ਸੰਤੁਲਿਤ ਸੰਜੋਗ ਪੇਂਡੂ ਫੋਕਸ ਉਤੇ ਹੋਇਆ ਹੈ ਜਿਸ ਨੇ ਖੇਤੀ ਭਾਈਚਾਰੇ ਦੀ ਮਦਦ ਕੀਤੀ ਹੈ ਅਤੇ ਸ਼ਹਿਰੀ ਭਾਰਤ ਵਿੱਚ ਖਪਤਕਾਰਾਂ ਦੀ ਮਦਦ ਵੀ ਕਰ ਰਿਹਾ ਹੈ।**

ਸਭ ਤੋਂ ਪਹਿਲਾਂ ਇਸ ਸਾਲ ਦੇ ਬਜਟ ਆਵੰਟਨ ਵਿੱਚ 24 ਪ੍ਰਤਿਸ਼ਤ ਦਾ ਵਾਧਾ ਕੀਤਾ ਗਿਆ ਹੈ। ਹੁਣ ਦਿਹਾਤੀ, ਖੇਤੀ ਅਤੇ ਸੰਬੰਧਿਤ ਖੇਤਰਾਂ ਲਈ ਕੁੱਲ ਆਵੰਟਨ 1,87,223 ਕਰੋੜ ਰੁਪਏ ਦਾ ਹੈ, ਜੋ ਕਿ ਕਾਫੀ ਜ਼ਿਆਦਾ ਹੈ।

ਇਥੇ ਇਹ ਸਮਝਣਾ ਜ਼ਰੂਰੀ ਹੈ ਕਿ ਦੇਸ਼ ਦੇ ਵਿਕਾਸ ਵਿੱਚ ਵਾਧੇ ਲਈ ਅਤੇ ਵਾਧੇ ਦੀਆਂ ਯੋਜਨਾਵਾਂ ਨੂੰ ਹਾਸਲ ਕਰਨ ਲਈ, ਜਿਵੇਂ ਕਿ ਇਸ ਨਾਅਰੇ 'ਸਬ ਕਾ ਸਾਥ, ਸਬ ਕਾ ਵਿਕਾਸ' ਤੋਂ ਸਪੱਸ਼ਟ ਹੈ ਕਿ ਖੇਤੀ ਅਤੇ ਸੰਬੰਧਿਤ ਖੇਤਰਾਂ ਵਿੱਚ ਕਈ ਖੇਤਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਪਿਛਲੇ ਕਈ ਦਹਾਕਿਆਂ ਵਿੱਚ ਕਿਸਾਨਾਂ ਲਈ ਨਾਕਾਫੀ ਕੀਮਤ ਦਾ ਮੁੱਦਾ ਚੱਲ ਰਿਹਾ ਹੈ। ਮੰਡੀਆਂ ਦੀ ਵਿਖੰਡਨ ਵਾਲੀ ਸਥਿਤੀ ਨੇ ਵੀ ਇਸ ਵਿੱਚ ਹਿੱਸਾ ਪਾਇਆ ਹੈ। ਹੁਣ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਰਕਾਰ ਨੇ ਸੰਗਠਤ ਕੇਂਦਰ ਅਤੇ ਯੋਜਨਾਬੱਧ ਮਾਰਕੀਟ ਲਈ ਯੋਜਨਾਵਾਂ ਘੜ ਲਈਆਂ ਹਨ, ਇਸ ਲਈ ਕੁਝ ਮੌਜੂਦਾ ਪਾੜਿਆਂ ਨੂੰ ਪੂਰਿਆ ਜਾਵੇਗਾ ਅਤੇ ਮੰਡੀਕਰਨ ਦੇ ਨਵੇਂ ਮੌਕੇ ਪੈਦਾ ਹੋਣਗੇ।

## ਖੇਤੀ ਉਤਪਾਦਾਂ ਦੀ ਵਧੀਆ ਕੀਮਤ

ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਸਹੀ ਕੀਮਤ ਦਿਵਾਉਣ ਵਿੱਚ ਮਦਦ ਲਈ ਵਿੱਤ ਮੰਤਰੀ ਨੇ ਸਰਕਾਰ ਦਾ ਨਜ਼ਰੀਆ ਸਪੱਸ਼ਟ ਕੀਤਾ ਹੈ ਕਿ ਠੇਕੇ ਉਤੇ ਖੇਤੀਬਾੜੀ ਇਕ ਮਾਡਲ ਕਾਨੂੰਨ ਦਾ ਖਰੜਾ ਰਾਜਾਂ ਨੂੰ ਵਿਚਾਰ ਗੋਚਰੇ ਭੇਜਿਆ ਜਾਵੇ। ਇਥੇ ਇਹ ਦੱਸਣਾ ਵੀ ਲਾਜ਼ਮੀ ਹੋਵੇਗਾ ਕਿ ਸਰਕਾਰ ਨੇ ਵਧੇਰੇ ਨਿਯਮਬੱਧ ਖੇਤੀ ਮੰਡੀਆਂ ਲਈ ਇਲੈਕਟ੍ਰਾਨਿਕ ਰਾਸ਼ਟਰੀ ਖੇਤੀ ਮੰਡੀ (ਈ- ਨਾਮ) ਮੰਚ ਉੱਤੇ ਚੱਲਣ ਦਾ ਵਾਅਦਾ ਦੁਹਰਾਇਆ ਹੈ।

"ਰਾਸ਼ਟਰੀ ਖੇਤੀ ਮੰਡੀ (ਈ-ਨਾਮ) ਦਾ ਦਾਇਰਾ ਮੌਜੂਦਾ 250 ਮੰਡੀਆਂ ਤੋਂ ਵਧਾ ਕੇ 585 ਏ ਪੀ ਐੱਮ ਸੀਜ਼ ਤੱਕ ਲਿਜਾਇਆ ਜਾਵੇਗਾ।" ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿੱਚ ਇਹ ਗੱਲ ਕਰਦਿਆਂ ਕਿਹਾ ਕਿ ਹਰ ਈ-ਨਾਮ ਮੰਡੀ ਨੂੰ ਸਫਾਈ, ਮਿਆਰੀਕਰਨ ਅਤੇ ਡੱਬਾਬੰਦ ਸਹੂਲਤਾਂ ਕਾਇਮ ਕਰਨ ਲਈ 75 ਲੱਖ ਰੁਪਏ ਦਿੱਤੇ ਜਾਣਗੇ।

ਇਲੈਕਟ੍ਰਾਨਿਕ ਵਪਾਰ ਪਲੇਟਫਾਰਮ ਈ-ਨਾਮ ਦੀ ਸ਼ੁਰੂਆਤ 2016 ਵਿੱਚ ਕੀਤੀ ਗਈ ਸੀ ਅਤੇ ਇਸ ਨੂੰ ਸਹੀ ਤੌਰ ਤੇ 'ਵੱਡਾ ਖੇਡ ਤਬਦੀਲ ਕਰਨ ਵਾਲਾ' ਮੰਨਿਆ ਜਾਂਦਾ ਹੈ।

ਈ-ਨਾਮ ਅਸਲ ਵਿੱਚ ਕਿਸਾਨਾਂ ਨੂੰ ਕੀਮਤਾਂ ਵਿੱਚ ਉਤਾਰ-ਚੜ੍ਹਾਅ ਦਾ ਜੋ ਸਾਹਮਣਾ ਕਰਨਾ ਪੈਂਦਾ ਸੀ ਉਸ ਦਾ ਜਵਾਬ ਹੈ। ਖੇਤੀ ਮੰਤਰਾਲੇ ਵਿੱਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਉਸ ਤੋਂ ਜਾਣੂ ਹਨ ਅਤੇ ਉਨ੍ਹਾਂ ਵਿੱਚੋਂ ਇਕ ਜਿਸ ਮੁੱਦੇ ਦੇ ਹੱਲ ਦੀ ਲੋੜ ਹੈ ਉਹ ਹੈ ਆੜ੍ਹਤੀਆਂ ਦਾ ਮੁੱਦਾ। ਇਸ ਲਈ ਸਰਕਾਰ ਦੀ ਪਹਿਲਕਦਮੀ ਹੈ ਕਿ ਆੜ੍ਹਤੀਆਂ ਦੀ ਭੂਮਿਕਾ ਖਤਮ ਕੀਤੀ ਜਾਵੇ ਅਤੇ ਕੀਮਤਾਂ ਬਾਰੇ ਫੈਸਲਾ ਲੈਣ ਵਿੱਚ ਪਾਰਦਰਸ਼ਤਾ ਵਰਤੀ ਜਾਵੇ। ਸਰਕਾਰ ਦੀ ਇਹ ਇੱਛਾ ਹੈ ਕਿ ਦੇਸ਼ ਭਰ ਵਿੱਚ ਇਕ ਹੀ ਬੈਂਚ ਮਾਰਕ ਕੀਮਤ ਹੋਵੇ। ਇਸ ਉਦੇਸ਼ ਨੂੰ ਪੂਰਾ ਕਰਨ ਵਿੱਚ ਈ-ਨਾਮ ਮੰਚ ਵੱਡੀ ਭੂਮਿਕਾ ਨਿਭਾ ਸਕਦਾ ਹੈ।

ਅਸਰ ਵਿੱਚ ਪਿਛਲੇ ਸਾਲ ਹੀ ਕੇਂਦਰੀ ਖੇਤੀ ਮੰਤਰੀ ਨੇ ਕਿਹਾ ਸੀ ਕਿ ਈ-ਨਾਮ ਇਕ ਆਨ-ਲਾਈਨ ਮੰਚ ਹੈ ਅਤੇ ਇਸ ਨੂੰ ਮੁਕਾਬਲੇ

ਦੇ ਮੰਡੀਕਰਨ ਢਾਂਚੇ ਵਜੋਂ ਨਹੀਂ ਗਿਣਿਆ ਜਾਣਾ ਚਾਹੀਦਾ। 'ਇਹ ਮੰਡੀਆਂ ਦਾ ਰਾਸ਼ਟਰੀ ਢਾਂਚਾ ਸਥਾਪਿਤ ਕਰਨ ਦਾ ਇਕ ਸਾਧਨ ਹੈ ਜਿਸ ਤੱਕ ਕਿ ਆਨ-ਲਾਈਨ ਪਹੁੰਚ ਕੀਤੀ ਜਾ ਸਕਦੀ ਹੈ।' ਇਕ ਉੱਚ ਅਧਿਕਾਰੀ ਨੇ ਉਪਰੋਕਤ ਸਪੱਸ਼ਟੀਕਰਨ ਦਿੱਤਾ।

ਈ-ਨਾਮ, ਆਨਲਾਈਨ ਪੋਰਟਲ ਰਾਹੀ ਮੰਡੀਆਂ ਦੇ ਢਾਂਚੇ ਨੂੰ ਸੰਤੁਲਤ ਕਰਨ ਵਿੱਚ ਮਦਦ ਕਰਦਾ ਹੈ, ਰਾਜ ਦੇ ਬਾਹਰ ਦੇ ਖਰੀਦਦਾਰਾਂ ਨੂੰ ਵੀ ਸਥਾਨਕ ਪੱਧਰ ਉੱਤੇ ਵਪਾਰ ਕਰਨ ਵਿੱਚ ਮਦਦ ਕਰਦਾ ਹੈ।

ਇਸ ਪ੍ਰੋਗਰਾਮ ਦਾ ਉਦੇਸ਼ 8 ਰਾਜਾਂ ਉੱਤਰ ਪ੍ਰਦੇਸ਼ (6), ਗੁਜਰਾਤ (3), ਤੇਲੰਗਾਨਾ (5), ਰਾਜਸਥਾਨ (1), ਮੱਧ ਪ੍ਰਦੇਸ਼ (1), ਹਰਿਆਣਾ (2), ਝਾਰਖੰਡ (1) ਅਤੇ ਹਿਮਾਚਲ ਪ੍ਰਦੇਸ਼ (2) ਵਿੱਚ 21 ਸੰਗਠਨ ਮੰਡੀਆਂ ਕਾਇਮ ਕਰਨਾ ਹੈ। ਪਰ ਕੁੱਝ ਇਲਾਕੇ ਹਨ ਜਿਨ੍ਹਾਂ ਵੱਲ ਮੁੜ ਤੋਂ ਨਜ਼ਰ ਮਾਰਨ ਦੀ ਲੋੜ ਹੈ। ਲਾਜ਼ਮੀ ਤੌਰ ਤੇ ਕਿਸਾਨਾਂ ਲਈ ਜ਼ਰੂਰੀ ਹੈ ਕਿ ਵਸੂਲੀ ਏਜੰਟਾਂ ਤੋਂ ਉਨ੍ਹਾਂ ਨੂੰ ਛੁਟਕਾਰਾ ਦਿਵਾਇਆ ਜਾ ਸਕੇ। ਸਰਕਾਰ ਇਕ ਪਾਰਦਰਸ਼ੀ ਢਾਂਚਾ ਕਾਇਮ ਕਰਨ ਲਈ ਉਨ੍ਹਾਂ ਨੂੰ ਈਕੋ-ਢਾਂਚੇ ਤੋਂ ਵੱਖ ਕਰਨਾ ਚਾਹੁੰਦੀ ਹੈ।

**ਸਹੀ ਸੰਦਰਭ ਵਿੱਚ ਅਤੇ ਸਹੀ ਦਿਸ਼ਾ ਵਿੱਚ ਚਲਦੇ ਹੋਏ ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿੱਚ ਹੋਰ ਕਿਹਾ ਕਿ 'ਮੰਡੀ ਸੁਧਾਰ' ਕੀਤੇ ਜਾਣਗੇ ਅਤੇ ਰਾਜ ਸਰਕਾਰਾਂ ਨੂੰ ਬੇਨਤੀ ਕੀਤੀ ਜਾਵੇਗੀ ਕਿ ਖਰਾਬ ਹੋਣ ਵਾਲੀਆਂ ਵਸਤਾਂ ਨੂੰ ਏ ਪੀ ਐੱਮ ਸੀ ਤੋਂ ਬਾਹਰ ਕੱਢਿਆ ਜਾਵੇ। ਮੰਤਰੀ ਨੇ ਕਿਹਾ ਕਿ 'ਇਸ ਨਾਲ ਕਿਸਾਨਾਂ ਨੂੰ ਆਪਣੀ ਉਪਜ ਚੰਗੀ ਕੀਮਤ ਉਤੇ ਵੇਚਣ ਵਿੱਚ ਮਦਦ ਮਿਲੇਗੀ।"**

ਬਜਟ ਪ੍ਰਸਤਾਵਾਂ ਵਿੱਚ ਬਿਲਕੁਲ ਸਹੀ ਢੰਗ ਨਾਲ ਉਨ੍ਹਾਂ ਕਿਸਾਨਾਂ ਨੂੰ ਸੰਗਠਤ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ ਜੋ ਕਿ ਫਲ ਸਬਜ਼ੀਆਂ ਚੰਗੀ ਕੀਮਤ ਹਾਸਲ ਕਰਨ ਅਤੇ ਫ਼ਸਲ ਨੂੰ ਕੱਟਣ ਤੋਂ ਬਾਅਦ ਵਾਲੇ ਨੁਕਸਾਨਾਂ ਨੂੰ ਘਟਾਉਣ ਲਈ ਉਗਾਉਂਦੇ ਹਨ।

ਕਿਸਾਨ ਭਾਈਚਾਰੇ ਲਈ ਸਰਕਾਰ ਨੇ ਐਲਾਨਿਆ ਹੈ ਕਿ ਨਾਬਾਰਡ ਵਲੋਂ ਇਕ ਸਮਰਪਿਤ ਮਾਈਕ੍ਰੋ-ਸਿੰਜਾਈ ਫੰਡ ਕਾਇਮ ਕੀਤਾ ਜਾਵੇਗਾ ਤਾਂ ਕਿ 'ਪ੍ਰਤਿ ਬੂੰਦ ਵਧੇਰੇ ਫਸਲ' ਦਾ ਟੀਚਾ ਹਾਸਲ ਕੀਤਾ ਜਾ ਸਕੇ। ਸਰਕਾਰ ਨੇ ਇਸ ਉਦੇਸ਼ ਲਈ 5000 ਕਰੋੜ ਦੀ ਰਕਮ ਰੱਖੀ ਹੈ। ਨਾਬਾਰਡ ਵਲੋਂ 8000 ਕਰੋੜ ਰੁਪਏ ਦੀ ਮਦਦ ਨਾਲ ਇਕ ਡੇਅਰੀ ਪ੍ਰਸੈਸਿੰਗ ਢਾਂਚਾ ਕਾਇਮ ਕੀਤਾ ਜਾਵੇਗਾ। ਹੁਣ ਤੱਕ ਗੁਜਰਾਤ, ਮਹਾਂਰਾਸ਼ਟਰ ਅਤੇ ਕਰਨਾਟਕ ਵਰਗੇ ਰਾਜਾਂ ਨੇ ਡੇਅਰੀ ਫਾਰਮਿੰਗ ਵਿੱਚ ਵਧੀਆ ਕਾਰਗੁਜ਼ਾਰੀ ਵਿਖਾਈ ਹੈ।

ਬਜਟ ਵਿੱਚ ਇਸ ਸਾਲ '3 ਪ੍ਰਤਿਸ਼ਤ ਦੇ ਵਾਧੂ ਪੁਰਸਕਾਰ' ਦਾ ਐਲਾਨ ਕੀਤਾ ਹੈ ਜੋ ਕਿ ਕਿਸਾਨਾਂ ਨੂੰ ਕਰਜ਼ੇ ਦੀ ਰਕਮ ਸਹੀ ਸਮੇਂ ਉਤੇ ਵਾਪਸ ਕਰਨ ਉੱਤੇ ਦਿੱਤੀ ਜਾਵੇਗੀ। ਵਿੱਤ ਮੰਤਰੀ ਨੇ ਇਹ ਵੀ ਧਿਆਨ ਵਿੱਚ ਰਖਿਆ ਕਿ ਖੇਤੀ ਖੇਤਰ ਵਿੱਚ ਚਾਲੂ ਮਾਲੀ ਸਾਲ ਵਿੱਚ 4.1 ਪ੍ਰਤਿਸ਼ਤ ਦਾ ਵਿਕਾਸ ਹੋਵੇਗਾ। ਸਥਿਤੀ ਨੂੰ ਵਧੇਰੇ ਸੁਖਾਲਾ ਬਣਾਉਣਾ ਕੋਈ ਏਨਾ ਅਸਾਨ ਨਹੀਂ ਹੈ। ਇਥੇ ਇਹ ਵਰਨਣਯੋਗ ਹੈ ਕਿ ਖਰੀਫ ਅਤੇ ਰਬੀ ਫ਼ਸਲਾਂ ਦੀ ਬਿਜਾਈ ਜ਼ਿਆਦਾ ਹੋ ਰਹੀ ਹੈ।

ਇਕ ਹੋਰ ਸੰਕੇਤ ਇਹ ਹੈ ਕਿ ਸਰਕਾਰ ਕਿਸਾਨਾਂ ਦੀ ਮਦਦ ਲਈ ਉਸ ਵੇਲੇ ਗੰਭੀਰ ਹੁੰਦੀ ਹੈ ਕਿ ਉਹ ਮਾੜੀ ਹਾਲਤ ਵਿੱਚ ਹੋਣ। 2017-18 ਦੇ ਬਜਟ ਵਿੱਚ ਇਹ ਦੱਸਿਆ ਗਿਆ ਹੈ ਜਦੋਂ ਕਿ ਨਵੀਂ ਫ਼ਸਲ ਬੀਮਾ ਯੋਜਨਾ - 'ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ' ਜੋ ਕਿ ਪਿਛਲੇ ਸਾਲ ਸ਼ੁਰੂ ਕੀਤੀ ਗਈ ਸੀ, ਲਈ ਰਕਮ ਦਾ ਆਵੰਟਨ ਚਾਲੂ ਮਾਲੀ ਸਾਲ ਵਿੱਚ 13240 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜਦ ਕਿ ਬਜਟ ਵਿੱਚ 5500 ਕਰੋੜ ਰੁਪਏ ਰੱਖੇ ਗਏ ਸਨ। ਇਹ ਧਿਆਨ ਦੇਣ ਯੋਗ ਹੈ ਕਿ ਅਗਲੇ ਮਾਲੀ ਸਾਲ ਲਈ ਇਹ ਰਕਮ 9000 ਕਰੋੜ ਰੁਪਏ ਰੱਖੀ ਗਈ ਹੈ। ਵਿੱਤ ਮੰਤਰੀ ਨੇ ਐਲਾਨ ਕੀਤਾ ਕਿ "ਇਸ ਸਕੀਮ ਦੀ ਕਵਰੇਜ 2016-17 ਵਿੱਚ ਫ਼ਸਲੀ ਇਲਾਕੇ ਦੇ 30 ਪ੍ਰਤਿਸ਼ਤ ਤੋਂ ਵਧਾ ਕੇ 2017-18 ਵਿੱਚ 40 ਪ੍ਰਤਿਸ਼ਤ ਅਤੇ 2018-19 ਵਿੱਚ 50 ਪ੍ਰਤਿਸ਼ਤ ਕਰ ਦਿੱਤੀ ਜਾਵੇਗੀ।"

ਸਰਕਾਰ ਵਲੋਂ ਫ਼ਸਲ ਬੀਮਾ ਯੋਜਨਾ ਲਈ ਵਧੇਰੇ ਫੰਡ ਰੱਖਣ ਦੇ ਐਲਾਨ ਦੀ ਸਰਕਾਰ ਦੇ ਵਿਰੋਧੀਆਂ ਵਲੋਂ ਵੀ ਸੰਸਦ ਦੇ ਅੰਦਰ ਅਤੇ ਬਾਹਰ ਕਾਫੀ ਪ੍ਰਸ਼ੰਸਾ ਹੋਈ ਹੈ।

ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ, ਜੋ ਕਿ ਸਿੰਜਾਈ ਪ੍ਰੋਗਰਾਮ ਉਤੇ ਧਿਆਨ ਕੇਂਦਰਿਤ ਕਰਦੀ ਹੈ, ਉੱਤੇ ਵੀ ਇਸ ਸਾਲ ਦੇ ਬਜਟ ਵਿੱਚ ਜ਼ੋਰ ਦਿੱਤਾ ਗਿਆ ਹੈ।

ਜ਼ਮੀਨ ਸਿਹਤ ਕਾਰਡ ਦਾ ਹਵਾਲਾ ਦਿੰਦੇ ਹੋਏ ਮੰਤਰੀ ਨੇ ਆਪਣੇ ਬਜਟ ਪ੍ਰਸਤਾਵਾਂ ਵਿੱਚ ਹੋਰ ਕਿਹਾ ਕਿ ਇਹ ਮੌਜੂਦਾ ਸਰਕਾਰ ਦਾ ਇਕ ਨਵਾਂ ਅਨੋਖਾ ਵਿਚਾਰ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਹੀ ਲਾਭ ਉਸ ਵੇਲੇ ਹਾਸਲ ਹੋਵੇਗਾ ਜਦੋਂ ਮਿੱਟੀ ਦੇ ਨਮੂਨਿਆਂ ਦੀ ਤੇਜ਼ੀ ਨਾਲ ਜਾਂਚ ਹੋਵੇਗੀ ਅਤੇ ਉਨ੍ਹਾਂ ਵਿੱਚੋਂ ਪੋਸ਼ਕ ਪੱਧਰ ਦੀ ਜਾਣਕਾਰੀ ਮਿਲੇਗੀ।

ਇਸ ਲਈ ਸਰਕਾਰ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚ ਛੋਟੀਆਂ ਪ੍ਰਯੋਗਸ਼ਾਲਾਵਾਂ ਕਾਇਮ ਕਰੇਗੀ ਅਤੇ ਸਾਰੇ 648 ਕੇਂਦਰਾਂ ਵਿੱਚ 100 ਪ੍ਰਤਿਸ਼ਤ ਕਵਰੇਜ ਯਕੀਨੀ ਬਣਾਵੇਗੀ। "ਇਸ ਤੋਂ ਇਲਾਵਾ 1000 ਹੋਰ ਛੋਟੀਆਂ ਪ੍ਰਯੋਗਸ਼ਾਲਾਵਾਂ ਯੋਗ ਸਥਾਨਕ ਉੱਦਮੀਆਂ ਵਲੋਂ ਸਥਾਪਤ ਕੀਤੀਆਂ ਜਾਣਗੀਆਂ" ਉਨ੍ਹਾਂ ਕਿਹਾ ਕਿ ਲੰਬੀ ਮਿਆਦ ਦਾ ਸਿੰਜਾਈ ਫੰਡ ਨਾਬਾਰਡ ਵਿੱਚ ਸਥਾਪਤ ਕੀਤਾ ਜਾ ਚੁੱਕਾ ਹੈ।

ਖੇਤੀ ਮੰਤਰਾਲਾ ਦੇ ਅਧਿਕਾਰੀਆਂ ਨੇ ਕਿਹਾ ਕਿ ਦਿਹਾਤੀ ਖੇਤਰਾਂ ਅਤੇ ਖੇਤੀ ਮੈਦਾਨਾਂ ਵਿੱਚ ਢਾਂਚੇ ਦੇ ਵਿਕਾਸ ਦਾ ਮਤਲਬ ਤਲਾਬਾਂ ਵਿੱਚ ਮੀਂਹ ਦੇ ਪਾਣੀ ਨੂੰ ਇਕੱਠਾ ਕਰਨਾ ਅਤੇ ਫਿਰ ਇਸ ਦੀ ਵਰਤੋਂ ਘੱਟ ਵਰਖਾ ਵਾਲੇ ਖੇਤਰਾਂ ਸਮੇਤ ਹੋਰ ਨਾਜ਼ੁਕ ਖੇਤਰਾਂ ਵਿੱਚ ਸਿੰਜਾਈ ਲਈ ਕਰਨਾ ਹੋਵੇਗਾ। ਕਈ ਰਾਜਾਂ ਨੇ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਸਿੰਜਾਈ ਲਈ ਕਾਫੀ ਪਾਣੀ ਮੁਹੱਈਆ ਕਰਵਾਉਣ ਲਈ ਕਾਨੂੰਨ ਬਣਾ ਦਿੱਤੇ ਹਨ। ਪ੍ਰਧਾਨ ਮੰਤਰੀ ਕ੍ਰਿਸ਼ੀ ਸੰਜਾਈ ਯੋਜਨਾ 2014 ਵਿੱਚ ਮੌਜੂਦਾ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਸੀ ਅਤੇ ਇਸ ਨੂੰ ਮੌਜੂਦਾ ਸਰਕਾਰ ਦਾ ਇਕ ਨਵਾਂ ਕਦਮ ਮੰਨਿਆ ਜਾ ਰਿਹਾ ਹੈ।

ਇਥੇ ਇਹ ਵਰਨਣ ਯੋਗ ਹੈ ਕਿ 2016-17 ਦੇ ਕੇਂਦਰੀ ਬਜਟ ਵਿੱਚ ਫਾਰਮ ਅਤੇ ਨਾਨਫਾਰਮ ਖੇਤਰਾਂ ਵਿੱਚ ਦਖ਼ਲ ਦੇ ਕੇ ਇਸ ਨੂੰ ਨਵੀਂ ਦਿਸ਼ਾ ਦੇ ਕੇ 2022 ਤੱਕ ਇਸ ਦੀ

ਆਮਦਨ ਨੂੰ ਦੁੱਗਣਾ ਕਰਨ ਦਾ ਟੀਚਾ ਰੱਖਿਆ ਗਿਆ ਸੀ।

## ਪੇਂਡੂ ਖੇਤਰਾਂ ਉੱਤੇ ਵਧੇਰੇ ਖਰਚਾ

ਇਹ ਸਹੀ ਹੈ ਕਿ ਕਿਸੇ ਵਸਤੂ ਦਾ ਸੁਆਦ ਉਸ ਦੇ ਖਾਣ ਉੱਤੇ ਹੀ ਪਤਾ ਲਗਦਾ ਹੈ। ਇਸ ਲਈ ਪੇਂਡੂ ਭਾਰਤ ਵਿੱਚ ਕੀਤੇ ਗਏ ਸੁਧਾਰਾਂ ਦਾ ਤਦ ਤੱਕ ਕੋਈ ਅਰਥ ਨਹੀਂ ਰਹਿੰਦਾ ਜਦ ਤੱਕ ਕਿ ਪੇਂਡੂ ਖੇਤਰਾਂ ਲਈ ਫੰਡ ਨਹੀਂ ਵਧਾਏ ਜਾਂਦੇ। ਵਿੱਤ ਮੰਤਰੀ ਨੇ ਆਪਣੇ ਬਜਟ ਪ੍ਰਸਤਾਵਾਂ, ਜੋ ਕਿ 2014 ਤੋਂ ਬਾਅਦ ਚੌਥੀ ਵਾਰੀ ਪੇਸ਼ ਕੀਤੇ ਗਏ, ਵਿੱਚ ਪੇਂਡੂ ਖੇਤਰਾਂ ਉੱਤੇ ਵਧੇਰੇ ਖਰਚਾ ਕਰਨ ਦੇ ਯਤਨਾਂ ਉਤੇ ਜ਼ੋਰ ਦਿੱਤਾ ਹੈ। ਪਰ ਢਾਂਚਿਆਂ, ਪੇਂਡੂ ਸੜਕਾਂ, ਪੇਂਡੂ ਬਿਜਲੀਕਰਨ ਵਿੱਚ ਸੁਧਾਰ ਦੀ ਲੋੜ ਉਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਨੇ ਗਰੀਬੀ ਦੀ ਹਾਲਤ ਵਿੱਚ ਸੁਧਾਰ ਉਤੇ ਵੀ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਬਿਲਕੁਲ ਸਹੀ ਤੌਰ ਤੇ ਕਿਹਾ ਹੈ ਕਿ "ਮੈਂ ਆਰਥਿਕ ਸੁਧਾਰਾਂ, ਵਧੇਰੇ ਪੂੰਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਵਿਕਾਸ ਵਿੱਚ ਤੇਜ਼ੀ ਨੂੰ ਵੀ ਧਿਆਨ ਵਿੱਚ ਰੱਖਿਆ।"

**ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਹਰ ਸਾਲ ਪੇਂਡੂ ਖੇਤਰਾਂ ਉੱਤੇ 3 ਲੱਖ ਕਰੋੜ ਰੁਪਏ ਖਰਚ ਹੁੰਦੇ ਹਨ। ਅਜਿਹਾ ਕਹਿੰਦੇ ਹੋਏ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਜਵਾਬਦੇਹੀ, ਨਤੀਜਿਆਂ ਵਿੱਚ ਸੁਧਾਰ ਉੱਤੇ ਵਧੇਰੇ ਜ਼ੋਰ ਹੋਣਾ ਚਾਹੀਦਾ ਹੈ। ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਅੰਨਤੋਦਿਯਾ ਮਿਸ਼ਨ ਹੱਥ ਵਿੱਚ ਲੈ ਕੇ 1 ਕਰੋੜ ਪਰਿਵਾਰਾਂ ਦੀ ਗਰੀਬੀ 2019 ਤੱਕ ਖਤਮ ਕਰੇਗੀ ਅਤੇ ਨਾਲ ਹੀ 50,000 ਗ੍ਰਾਮ ਪੰਚਾਇਤਾਂ ਨੂੰ ਗਰੀਬੀ ਮੁਕਤ ਕਰੇਗੀ। ਇਸ ਸੰਬੰਧੀ ਐਲਾਨ ਮਹਾਤਮਾ ਗਾਂਧੀ ਦੇ 150ਵੇਂ ਜਨਮ ਦਿਨ ਦੇ ਮੌਕੇ ਉਤੇ ਕੀਤਾ ਗਿਆ ਅਤੇ ਇਹ ਤੱਥ ਵੀ ਸਪੱਸ਼ਟ ਕੀਤਾ ਗਿਆ ਕਿ ਪਿੰਡ 'ਗਾਂਧੀ ਦਰਸ਼ਨ' ਦਾ ਅਹਿਮ ਹਿੱਸਾ ਹਨ।**

ਸਰਕਾਰ ਨੇ ਇਹ ਵੀ ਪ੍ਰਸਤਾਵ ਰੱਖਿਆ ਹੈ ਕਿ ਸਾਲਾਨਾ ਵਾਧੇ ਦੇ ਨਾਲ ਮੌਜੂਦਾ ਸੋਮਿਆਂ ਦੀ ਪ੍ਰਭਾਵੀ ਵਰਤੋਂ ਕੀਤੀ ਜਾਵੇ। "ਇਹ ਮਿਸ਼ਨ ਇਕ ਸੋਧਤ ਮਾਈਕ੍ਰੋਪਲਾਨ ਨਾਲ ਕੰਮ ਕਰੇਗਾ ਤਾਂ ਕਿ ਹਰ ਵਾਂਝੇ ਪਰਿਵਾਰ ਦੇ ਗੁਜ਼ਾਰੇ ਦਾ ਪ੍ਰਬੰਧ ਕੀਤਾ ਜਾ ਸਕੇ। ਗਰੀਬੀ ਮੁਕਤ ਗ੍ਰਾਮ ਪੰਚਾਇਤਾਂ ਦਾ ਇਕ ਮਿਸ਼ਰਤ ਸੂਚਕ ਅੰਕ ਤਿਆਰ ਕੀਤਾ ਜਾਵੇ ਗਾ ਤਾਂ ਕਿ ਅਧਾਰ ਤੋਂ ਜੋ ਪ੍ਰਗਤੀ ਹੋ ਰਹੀ ਹੈ ਉਸ ਉਤੇ ਨਜ਼ਰ ਰੱਖੀ ਜਾ ਸਕੇ।" ਵਿੱਤ ਮੰਤਰੀ ਨੇ ਉਪਰੋਕਤ ਟਿੱਪਣੀ ਕੀਤੀ।

ਕਾਫੀ ਸਮੇਂ ਤੋਂ ਚਰਚਾ ਵਿੱਚ ਆ ਰਹੀ ਪੇਂਡੂ ਰੋਜ਼ਗਾਰ ਸਕੀਮ ਐੱਮ ਜੀ ਨਰੇਗਾ ਬਾਰੇ ਵਿੱਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਐੱਮ ਜੀ ਨਰੇਗਾ ਨੂੰ ਨਵੀਂ ਦਿਸ਼ਾ ਦੇਣ ਲਈ ਉਚੇਚੇ ਯਤਨ ਕੀਤੇ ਹਨ ਤਾਂ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਦੀ ਹਮਾਇਤ ਕੀਤੀ ਜਾ ਸਕੇ। ਇਸ ਨੇ ਬਿਲਕੁਲ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਹਰ ਪੇਂਡੂ ਪਰਿਵਾਰ ਨੂੰ ਘੱਟੋ- ਘੱਟ 100 ਦਿਨਾਂ ਦਾ ਰੋਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ ਅਤੇ ਐੱਮ ਜੀ ਨਰੇਗਾ ਨੂੰ ਕਿਸਾਨੀ ਉਪਜ ਅਤੇ ਆਮਦਨ ਵਧਾਉਣ ਲਈ ਉਤਪਾਦਕ ਜਾਇਦਾਦਾਂ ਤਿਆਰ ਕਰਨੀਆਂ ਚਾਹੀਦੀਆਂ ਹਨ।

ਪਿਛਲੇ ਬਜਟ ਵਿੱਚ ਐੱਮ ਜੀ ਨਰੇਗਾ ਫੰਡ ਵਿੱਚੋਂ 5 ਲੱਖ ਕਿਸਾਨੀ ਤਲਾਬ ਅਤੇ 10 ਲੱਖ ਖਾਦ ਦੀਆਂ ਖੱਡਾਂ ਪੁੱਟਣ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ। ਅਸਲ ਵਿੱਚ 5 ਲੱਖ ਕਿਸਾਨੀ ਤਲਾਬਾਂ ਦੇ ਮੁਕਾਬਲੇ ਸਰਕਾਰ ਮਾਰਚ 2017 ਤੱਕ 10 ਲੱਖ ਤਲਾਬ ਬਣਾਉਣ ਦਾ ਕੰਮ ਪੂਰਾ ਕਰਨਾ ਚਾਹੁੰਦੀ ਹੈ। 2017-18 ਵਿੱਚ 5 ਲੱਖ ਹੋਰ ਕਿਸਾਨੀ ਤਲਾਬ ਤਿਆਰ ਕਰਨ ਦਾ ਕੰਮ ਹੱਥ ਵਿੱਚ ਲਿਆ ਜਾਵੇਗਾ। ਸਿਰਫ ਅਜਿਹੇ ਇਕ ਕਦਮ ਨਾਲ ਹੀ ਗ੍ਰਾਮ ਪੰਚਾਇਤਾਂ ਨੂੰ ਸੋਕੇ ਨਾਲ ਨਜਿੱਠਣ ਵਿੱਚ ਭਾਰੀ ਮਦਦ ਮਿਲੇਗੀ।

ਇਹ ਵੇਖਣਾ ਅਹਿਮ ਹੈ ਕਿ ਐੱਮ ਜੀ ਨਰੇਗਾ ਵਿੱਚ ਔਰਤਾਂ ਦੀ ਭਾਈਵਾਲੀ ਪਿਛਲੇ ਸਾਲ ਦੇ 48 ਪ੍ਰਤਿਸ਼ਤ ਤੋਂ ਵੀ ਵਧ ਕੇ ਹੁਣ 55 ਪ੍ਰਤਿਸ਼ਤ ਹੋ ਗਈ ਹੈ।

ਆਪਣੇ ਬਜਟ ਦਸਤਾਵੇਜ਼ ਵਿੱਚ ਵਿੱਤ ਮੰਤਰੀ ਨੇ ਸਪੱਸ਼ਟ ਕੀਤਾ ਕਿ 2016-17 ਵਿੱਚ ਜਿਥੇ ਐਮ ਜੀ ਨਰੇਗਾ ਸਕੀਮ ਲਈ 38,500 ਕਰੋੜ ਰੁਪਏ ਦੇ ਬਜਟ ਦਾ ਪ੍ਰਬੰਧ ਕੀਤਾ ਗਿਆ ਸੀ, ਉਥੇ 2017-18 ਵਿੱਚ ਇਹ ਰਕਮ ਵਧਾ ਕੇ 48,000 ਕਰੋੜ ਰੁਪਏ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ "ਐਮ ਜੀ ਨਰੇਗਾ ਲਈ ਇਹ ਸਭ ਤੋਂ ਵੱਡੀ ਰਕਮ ਰੱਖੀ ਗਈ ਹੈ।

ਸਾਰੀਆਂ ਐਮ ਜੀ ਨਰੇਗਾ ਜਾਇਦਾਦਾਂ ਨੂੰ ਜੀਓ ਟੈਗ ਕਰਨ ਅਤੇ ਉਨ੍ਹਾਂ ਨੂੰ ਜਨਤਾ ਲਈ ਖੋਲ੍ਹੇ ਜਾਣ ਨਾਲ ਇਸ ਵਿੱਚ ਵਧੇਰੇ ਪਾਰਦਰਸ਼ਤਾ ਆਈ ਹੈ।

ਵਿੱਤ ਮੰਤਰੀ ਨੇ ਇਹ ਵੀ ਕਿਹਾ ਕਿ ਸਰਕਾਰ ਕਿਸਾਨਾਂ ਅਤੇ ਦਿਹਾਤੀ ਖੇਤਰ ਵਿੱਚ ਰਹਿੰਦੇ ਲੋਕਾਂ ਨਾਲ ਮਿਲ ਕੇ ਕੰਮ ਕਰੇਗੀ ਤਾਂ ਕਿ ਉਨ੍ਹਾਂ ਦੀ ਰਹਿਣੀ-ਬਹਿਣੀ ਅਤੇ ਆਲੇ-ਦੁਆਲੇ ਨੂੰ ਸੁਧਾਰਿਆ ਜਾ ਸਕੇ। "ਇਹ ਸਾਡੀ ਸਰਕਾਰ ਦਾ ਕੋਈ ਸਮਝੌਤਾ ਨਾ ਹੋਣ ਯੋਗ ਏਜੰਡਾ ਹੈ।" ਮੰਤਰੀ ਨੇ ਇਹ ਗੱਲ ਸਪੱਸ਼ਟ ਸ਼ਬਦਾਂ ਵਿੱਚ ਕਹੀ।

ਸਰਕਾਰ ਵਲੋਂ ਕਰਵਾਏ ਜਾ ਰਹੇ ਪੁਰਾਣੇ ਅਤੇ ਨਵੇਂ ਪ੍ਰੋਗਰਾਮਾਂ ਦੀ ਲੜੀ ਦੇ ਸੰਬੰਧ ਵਿੱਚ ਇਸ ਸਾਲ ਦੇ ਬਜਟ ਵਿੱਚ ਦਿਹਾਤੀ ਖੇਤਰਾਂ ਵਿੱਚ ਲੋਕਾਂ ਨੂੰ ਨਵੀਆਂ ਯੋਗਤਾਵਾਂ ਮੁਹੱਈਆ ਕਰਵਾਉਣ ਸੰਬੰਧੀ ਨੀਤੀਆਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ 5 ਲੱਖ ਲੋਕਾਂ ਨੂੰ 2022 ਤੱਕ ਮਿਸਤਰੀ ਦੀ ਸਿਖਲਾਈ ਮੁਹੱਈਆ ਕਰਵਾਈ ਜਾਵੇਗੀ ਅਤੇ 2017-18 ਵਿੱਚ ਘੱਟੋ ਘੱਟ 20,000 ਲੋਕਾਂ ਨੂੰ ਅਜਿਹੀ ਸਿਖਲਾਈ ਮੁਹੱਈਆ ਕਰਵਾਉਣ ਦਾ ਟੀਚਾ ਰੱਖਿਆ ਗਿਆ ਹੈ।

ਪੰਚਾਇਤ ਰਾਜ ਸੰਸਥਾਵਾਂ ਕੋਲ ਅਜੇ ਵੀ ਆਪਣੇ ਵਿਕਾਸ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਮਨੁੱਖੀ ਸਰੋਤਾਂ ਦੀ ਕਮੀ ਹੈ। ਉਨ੍ਹਾਂ ਕਿਹਾ ਕਿ ਇਸ ਉਦੇਸ਼ ਲਈ 2017-18 ਵਿੱਚ "ਨਤੀਜੇ ਹਾਸਲ ਕਰਨ ਲਈ ਮਨੁੱਖੀ ਸਰੋਤ ਸੁਧਾਰ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ।"

ਪੇਂਡੂ ਅਤੇ ਕਿਸਾਨ ਭਾਈਚਾਰੇ ਦੀ ਮਦਦ ਦੇ ਸੰਬੰਧ ਵਿੱਚ ਇਹ ਜ਼ਰੂਰੀ ਹੈ ਕਿ ਸਰਕਾਰ ਨਾਅਰੇ "ਸਭ ਕਾ ਸਾਥ ਸਭ ਕਾ ਵਿਕਾਸ' ਦਾ ਹਵਾਲਾ ਦਿੱਤਾ ਜਾਵੇ। ਇਸ ਬਾਰੇ ਵਿੱਤ ਮੰਤਰੀ ਦੇ ਬਜਟ ਵਿੱਚ ਲੜਕੀਆਂ ਅਤੇ ਮਹਿਲਾਵਾਂ ਦਾ ਜ਼ਿਕਰ ਵੀ ਹੈ।

14 ਲੱਖ ਆਈ ਸੀ ਡੀ ਐੱਸ ਆਂਗਨਵਾੜੀ ਕੇਂਦਰਾਂ ਵਿੱਚ 500 ਕਰੋੜ ਰੁਪਏ ਦੀ ਮਦਦ ਨਾਲ 'ਮਹਿਲਾ ਸ਼ਕਤੀ ਕੇਂਦਰ' ਕਾਇਮ ਕੀਤੇ ਜਾਣਗੇ। ਇਸ ਨਾਲ ਪੇਂਡੂ ਔਰਤਾਂ ਨੂੰ ਤਾਕਤਵਰ

## ਦਿਹਾਤੀ ਬਿਜਲੀਕਰਨ

**2017-18 ਦੇ ਬਜਟ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸਰਕਾਰ ਦਿਹਾਤੀ ਬਿਜਲੀਕਰਨ ਨੂੰ ਸਭ ਤੋਂ ਵੱਧ ਪਹਿਲ ਦੇ ਰਹੀ ਹੈ। ਰਾਜੀਵ ਗਾਂਧੀ ਗ੍ਰਾਮ ਵਿਦਯੁਤੀਕਰਨ ਯੋਜਨਾ (ਆਰ ਜੀ ਜੀ ਵੀ ਵਾਈ) ਦੇ ਬਾਵਜੂਦ ਦਿਹਾਤੀ ਭਾਰਤ ਦੇ ਬਹੁਤ ਸਾਰੇ ਪਿੰਡਾਂ ਵਿੱਚ ਬਿਜਲੀ ਨਹੀਂ ਪਹੁੰਚੀ ਸੀ। ਇਸ ਸੰਦਰਭ ਵਿੱਚ ਬਿਜਲੀ ਮੰਤਰੀ ਨੇ 9 ਫ਼ਰਵਰੀ 2017 ਨੂੰ ਲੋਕ ਸਭਾ ਵਿੱਚ ਇਕ ਸਵਾਲ ਦੇ ਜਵਾਬ ਵਿੱਚ ਦੱਸਿਆ ਸੀ, "29 ਰਾਜਾਂ ਵਿੱਚੋਂ 28 ਨੇ ਕੇਂਦਰੀ ਪ੍ਰਾਜੈਕਟ ਨਾਲ ਕੰਮ ਕਰਨ ਦੀ ਰਜ਼ਾਮੰਦੀ ਦੇ ਦਿੱਤੀ ਹੈ" ਤਾਂ ਕਿ 100 ਪ੍ਰਤਿਸ਼ਤ ਬਿਜਲੀਕਰਨ ਯਕੀਨੀ ਹੋ ਸਕੇ। ਦਿਹਾਤੀ ਬਿਜਲੀਕਰਨ ਵੱਡੇ ਪੱਧਰ ਉਤੇ ਮੌਜੂਦਾ ਸਰਕਾਰ ਅਧੀਨ ਪਹਿਲ ਹਾਸਲ ਕਰ ਰਿਹਾ ਹੈ। ਦਿਹਾਤੀ ਵਿਕਾਸ ਮੰਤਰਾਲਾ ਨੇ 2014-15 ਵਿੱਚ ਫਾਲਤੂ ਪਾਣੀ ਅਤੇ ਡ੍ਰੇਨਾਂ ਦੇ ਪਾਣੀ ਦੀ ਵਰਤੋਂ ਨਾਲ ਬਿਜਲੀ ਪੈਦਾ ਕਰਨ ਲਈ ਯੋਜਨਾ ਪੇਸ਼ ਕੀਤੀ ਸੀ। ਅਜਿਹੀ ਯੋਜਨਾ ਉਤੇ ਦਿੱਲੀ ਵਿੱਚ ਅਮਲ ਹੋ ਰਿਹਾ ਸੀ।**

**ਸਰਕਾਰ ਸੂਰਜੀ ਊਰਜਾ ਦੀ ਵਰਤੋਂ ਵਿੱਚ ਭਾਰੀ ਵਾਧਾ ਕਰਕੇ ਭਾਰਤ ਦੇ ਬਿਜਲੀ ਨਕਸ਼ੇ ਨੂੰ ਬਦਲ ਸਕਦੀ ਹੈ।**

## ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ

- ਕਿਸਾਨਾਂ ਦਾ ਕਰਜ਼ਾ 10 ਲੱਖ ਕਰੋੜ ਦੇ ਰਿਕਾਰਡ ਪੱਧਰ ਉਤੇ ਪੱਕਾ ਕੀਤਾ ਗਿਆ ਹੈ।
- ਜ਼ਮੀਨੀ ਸਿਹਤ ਕਾਰਡ ਦਾ ਅਧਾਰ - ਸਰਕਾਰ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚ ਛੋਟੀਆਂ ਪ੍ਰਯੋਗਸ਼ਾਲਾਵਾਂ ਕਾਇਮ ਕਰੇਗੀ।
- ਨਾਬਾਰਡ ਅਧੀਨ ਲੰਬੀ ਮਿਆਦ ਦੇ ਸਿੰਜਾਈ ਫੰਡ 40,000 ਕਰੋੜ ਰੱਖੇ ਗਏ।
- ਠੇਕੇ ਉਤੇ ਖੇਤੀ ਸੰਬੰਧੀ ਮਾਡਲ ਕਾਨੂੰਨ ਰਾਜਾਂ ਨੂੰ ਭੇਜਿਆ ਗਿਆ।
- 8000 ਕਰੋੜ ਰੁਪਏ ਨਾਲ ਇਕ ਡੇਅਰੀ ਪ੍ਰਾਸੈਸਿੰਗ ਇਨਫਰਾ ਫੰਡ ਕਾਇਮ ਕੀਤਾ ਗਿਆ।
- 1 ਕਰੋੜ ਗਰੀਬ ਪਰਿਵਾਰਾਂ ਨੂੰ ਮਿਸ਼ਨ ਅੰਨਤੋਦਿਯਾ ਅਧੀਨ ਲਿਆਂਦਾ ਜਾਵੇਗਾ।
- ਐੱਮ ਜੀ ਨਰੇਗਾ ਲਈ ਹੁਣ ਤੱਕ ਦੀ ਸਭ ਤੋਂ ਵੱਡੀ ਰਕਮ 48,000 ਕਰੋੜ ਰੁਪਏ ਨਿਰਧਾਰਤ ਕੀਤੇ ਗਏ।
- ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ - 19,000 ਕਰੋੜ ਰੁਪਏ ਨਿਰਧਾਰਤ ਕੀਤੇ ਗਏ, ਨਾਲ ਰਾਜ ਵੀ ਹਿੱਸਾ ਪਾਉਣਗੇ ਅਤੇ ਕੁੱਲ 27,000 ਕਰੋੜ ਰੁਪਏ ਖਰਚ ਕੀਤੇ ਜਾਣਗੇ।
- ਪ੍ਰਧਾਨ ਮੰਤਰੀ ਆਵਾਸ ਯੋਜਨਾ ਲਈ 23,000 ਕਰੋੜ ਰੁਪਏ ਨਿਰਧਾਰਤ ਕੀਤੇ ਗਏ।
- ਦਹਾਤੀ ਬਿਜਲੀਕਰਨ ਦਾ ਕੰਮ ਮਈ 2018 ਤੱਕ 100 ਪ੍ਰਤਿਸ਼ਤ ਪੂਰਾ ਕਰਨ ਦਾ ਟੀਚਾ।

ਬਣਾਉਣ ਲਈ ਸਹਾਇਕ ਸਭਾਵਾਂ ਮੁਹੱਈਆ ਕਰਵਾਉਣ ਦਾ ਕੰਮ ਕੀਤਾ ਜਾਵੇਗਾ ਅਤੇ ਇਨ੍ਹਾਂ ਕੇਂਦਰਾਂ ਵਿੱਚ ਔਰਤਾਂ ਨੂੰ ਮੁਹਾਰਤ ਵਿਕਾਸ, ਰੋਜ਼ਗਾਰ, ਡਿਜੀਟਲ ਪੜ੍ਹਾਈ, ਸਿਹਤ ਅਤੇ ਪੌਸ਼ਟਿਕਤਾ ਲਈ ਮੌਕੇ ਹਾਸਲ ਹੋਣਗੇ।

ਪ੍ਰਧਾਨ ਮੰਤਰੀ ਨੇ 31 ਦਸੰਬਰ 2016 ਨੂੰ ਗਰਭਵਤੀ ਔਰਤਾਂ ਦੀ ਮਦਦ ਲਈ ਇਕ ਦੇਸ਼ ਵਿਆਪੀ ਸਕੀਮ ਦਾ ਐਲਾਨ ਕੀਤਾ ਸੀ। ਇਸ ਸਕੀਮ ਅਧੀਨ ਗਰਭਵਤੀ ਔਰਤਾਂ ਦੇ ਖਾਤਿਆਂ ਵਿੱਚ ਸਿਧੇ 6000 ਰੁਪਏ ਪਾ ਦਿੱਤੇ ਜਾਣਗੇ। ਇਹ ਰਕਮ ਉਨ੍ਹਾਂ ਨੂੰ ਜਣੇਪਾ ਕਰਵਾਉਣ ਅਤੇ ਬੱਚਿਆਂ ਦੇ ਟੀਕਾਕਰਨ ਲਈ ਸਹਾਈ ਹੋਵੇਗੀ। ਇਸ ਨਾਲ ਦਿਹਾਤੀ ਖੇਤਰ ਦੇ ਲੋਕਾਂ ਨੂੰ ਵੀ ਲਾਭ ਮਿਲੇਗਾ।

ਇਨ੍ਹਾਂ ਤੋਂ ਇਲਾਵਾ ਇਹ ਵੀ ਵਰਨਣ ਯੋਗ ਹੈ ਕਿ ਸਰਕਾਰ ਨੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਜਾਂ ਪੀ ਐੱਮ ਜੀ ਐੱਸ ਵਾਈ ਲਈ 19,000 ਕਰੋੜ ਰੁਪਏ ਦਿੱਤੇ ਹਨ। ਇਸ ਦਾ ਉਦੇਸ਼ ਸਾਰੀਆਂ ਦਿਹਾਤੀ ਆਬਾਦੀਆਂ ਨੂੰ ਜੋੜਨਾ ਹੈ। ਸਮਝਿਆ ਜਾਂਦਾ ਹੈ ਕਿ ਇਹ ਰਾਜ ਸਰਕਾਰਾਂ ਵਲੋਂ ਕੀਤੇ ਜਾਣ ਵਾਲੇ ਖਰਚ ਨਾਲ ਪੀ ਐੱਮ ਜੀ ਐੱਸ ਵਾਈ ਲਈ ਕੁੱਲ ਪੂੰਜੀ ਖਰਚਾ 27,000 ਕਰੋੜ ਰੁਪਏ ਹੋ ਜਾਵੇਗਾ। ਵਿੱਤ ਮੰਤਰੀ ਨੇ ਕਿਹਾ ਕਿ 2016-17 ਵਿੱਚ ਪੀ ਐੱਮ ਜੀ ਐੱਸ ਵਾਈ ਅਧੀਨ ਸੜਕ ਉਸਾਰੀ ਦੀ ਗਤੀ ਪ੍ਰਤਿ ਦਿਨ 133 ਕਿਲੋਮੀਟਰ ਉਤੇ ਜਾ ਪਹੁੰਚੀ ਜੋ ਕਿ 2011-14 ਵਿੱਚ ਸਿਰਫ 73 ਕਿਲੋਮੀਟਰ ਪ੍ਰਤਿ ਦਿਨ ਸੀ। ਇਹ ਵੀ ਦੱਸਣ ਯੋਗ ਹੈ ਕਿ ਗਰੀਬਾਂ ਦੀ ਮਕਾਨ ਉਸਾਰੀ ਸਕੀਮ ਪ੍ਰਧਾਨਮੰਤਰੀ ਆਵਾਸ ਯੋਜਨਾ ਲਈ ਆਵੰਟਨ ਵਿੱਚ 44 ਪ੍ਰਤਿਸ਼ਤ ਵਾਧਾ ਕਰਕੇ ਇਸ ਨੂੰ 23,000 ਕਰੋੜ ਰੁਪਏ ਉਤੇ ਲਿਆਂਦਾ ਗਿਆ ਹੈ। ਇਸ ਨਾਲ 10 ਮਿਲੀਅਨ ਮਕਾਨ ਬਣਨ ਦੀ ਯੋਜਨਾ ਵੱਲ ਵਧਿਆ ਜਾ ਸਕੇਗਾ। ਇਸੇ ਤਰ੍ਹਾਂ ਦੀਨ ਦਿਆਲ ਉਪਾਧਿਆਏ ਗ੍ਰਾਮ ਜਯੋਤੀ ਯੋਜਨਾ, ਜੋ ਕਿ ਦਿਹਾਤੀ ਬਿਜਲੀਕਰਨ ਪ੍ਰੋਗਰਾਮ ਹੈ, ਲਈ ਆਵੰਟਨ ਵਿੱਚ 43 ਪ੍ਰਤਿਸ਼ਤ ਦਾ ਵਾਧਾ ਕਰਕੇ ਇਸ ਨੂੰ 2017-18 ਵਿੱਚ 4814 ਕਰੋੜ ਰੁਪਏ ਉਤੇ ਲਿਆਂਦਾ ਗਿਆ ਹੈ।

## ਸਮੇਟਣਾ

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਦਿਹਾਤੀ ਢਾਂਚੇ ਨੂੰ ਉੱਚਾ ਚੁੱਕਣ ਅਤੇ ਭਾਰਤੀ ਕਿਸਾਨਾਂ ਦੀ ਮਦਦ ਕਰਨਾ ਭਾਰਤ ਦੀ ਆਰਥਿਕਤਾ ਦੇ ਸਮੁੱਚੇ ਵਿਕਾਸ ਲਈ ਸਭ ਤੋਂ ਅਹਿਮ ਕਦਮ ਹਨ।

ਇਸ ਸੰਬੰਧੀ ਯੋਜਨਾਵਾਂ ਮੁਢਲੇ ਦਿਹਾਤੀ ਢਾਂਚੇ ਨਾਲ ਸੰਬੰਧਤ ਹਨ ਜਿਸ ਵਿੱਚ ਖੇਤੀ ਵਿਕਾਸ ਉਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ ਅਤੇ ਇਸ ਨਾਲ ਪਹਿਲਾਂ ਨਾਲੋਂ ਵਧੀਆ ਅਤੇ ਵਧੇਰੇ ਸਿੱਧੇ ਢੰਗ ਨਾਲ ਨਜਿੱਠਿਆ ਗਿਆ ਹੈ। ਇਸੇ ਹਿਸਾਬ ਨਾਲ ਪਿਛਲੇ ਢਾਈ ਸਾਲਾਂ ਵਿੱਚਕਦਮ ਚੁੱਕੇ ਗਏ ਹਨ ਅਤੇ ਯੋਜਨਾਵਾਂ ਘੜੀਆਂ ਗਈਆਂ ਹਨ ਤਾਂ ਕਿ ਪਿੰਡਾਂ ਅਤੇ ਛੋਟੇ ਕਸਬਿਆਂ ਵਿੱਚ ਲਾਹੇਵੰਦ ਰੋਜ਼ਗਾਰ ਪੈਦਾ ਹੋਣਾ ਯਕੀਨੀ ਬਣ ਸਕੇ, ਖੇਤੀ ਅਤੇ ਸੰਬੰਧਿਤ ਖੇਤਰਾਂ ਦੀ ਹਾਲਤ ਸੁਧਰ ਸਕੇ ਅਤੇ ਅੰਤ ਵਿੱਚ ਦਿਹਾਤੀ ਖ਼ੁਸ਼ੀ ਅਤੇ ਖ਼ੁਸ਼ਹਾਲੀ ਆ ਸਕੇ।

*(ਲੇਖਕ ਨਵੀਂ ਦਿੱਲੀ ਸਥਿਤ ਇਕ ਸੀਨੀਅਰ ਪੱਤਰਕਾਰ ਅਤੇ ਦਿਹਾਤੀ ਵਿਕਾਸ ਅਤੇ ਖੇਤੀ ਆਰਥਿਕਤਾ ਉਤੇ ਨੇੜਿਉਂ ਨਜ਼ਰ ਰੱਖਣ ਵਾਲੇ ਹਨ।)*

*e-mail :nirendev1@gmail.com*

# ਕੇਂਦਰੀ ਬਜਟ 2017–18 ਵਿੱਚ ਖੇਤੀਬਾੜੀ ਨੂੰ ਵੱਡਾ ਹੁਲਾਰਾ

ਲਕਸ਼ਮੀ ਜੋਸ਼ੀ ਅਤੇ ਵੀ.ਪੀ. ਅਹੂਜਾ

2017 ਦੇ ਬਜਟ ਵਿੱਚ ਖੇਤੀਬਾੜੀ ਖੇਤਰ ਲਈ ਕਈ ਐਲਾਨ ਕੀਤੇ ਗਏ। ਸਮੁੱਚੇ ਤੌਰ ਤੇ ਇਹ ਸਾਰੇ ਉਪਰਾਲੇ ਭਾਰਤੀ ਕਿਸਾਨਾਂ ਨੂੰ ਤਸੱਲੀ ਦੇਣ, ਖਪਤ ਵਿੱਚ ਵਾਧਾ ਕਰਨ ਅਤੇ ਖੇਤੀਬਾੜੀ ਅਤੇ ਸਹਾਇਕ ਖੇਤਰ ਵਿੱਚ ਵਾਧੇ ਨੂੰ ਹੋਰ ਹੁਲਾਰਾ ਮੁਹੱਈਆ ਕਰਵਾਉਣ ਦੇ ਸਮਰੱਥ ਹਨ।

ਮੌਜੂਦਾ ਬਜਟ ਆਪਸ ਵਿੱਚ ਜੁੜੇ ਖੇਤਰਾਂ ਜਿਵੇਂ ਕਿ ਬਾਗ਼ਬਾਨੀ ਅਤੇ ਡੇਅਰੀ ਖੇਤਰਾਂ ਵਿੱਚ ਮਹੱਤਵਪੂਰਨ ਆਵੰਟਨ ਵਾਧੇ ਨਾਲ ਪ੍ਰਮੁੱਖ ਵਾਧੇ ਨੂੰ ਦਰਸਾਉਂਦਾ ਹੈ ਜੋ ਕਿ ਭਵਿੱਖ ਵਿੱਚ ਚੰਗੇ ਨਤੀਜੇ ਦੇਵੇਗਾ। ਖੇਤੀਬਾੜੀ ਖੇਤਰ ਵਿੱਚ 2015–16 ਦੌਰਾਨ ਸੋਕੇ ਕਾਰਨ ਘਟੀ 2 ਪ੍ਰਤਿਸ਼ਤ ਵਿਕਾਸ ਦਰ ਨੂੰ ਤੰਦਰੁਸਤ 4.1 ਪ੍ਰਤਿਸ਼ਤ ਵਿਕਾਸ ਦਰ ਦਿਖਾਉਣ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਬਜਟ ਖੇਤੀਬਾੜੀ ਵਿੱਚ ਮੰਡੀਕਰਨ ਸੁਧਾਰਾਂ ਨੂੰ ਹੁਲਾਰਾ ਦਿੰਦਾ ਹੈ, ਫ਼ਸਲ ਬੀਮੇ ਲਈ ਫੰਡਾਂ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਖੇਤੀ ਕਰਜ਼ਿਆਂ ਲਈ ਉਚੇਰੇ ਟੀਚੇ ਸਥਾਪਤ ਕਰਦਾ ਹੈ। ਇਸ ਨੇ ਬੁਨਿਆਦੀ ਦਿਹਾਤੀ ਬੈਂਕ, ਖੇਤੀਬਾੜੀ ਅਤੇ ਦਿਹਾਤੀ ਵਿਕਾਸ ਬਾਰੇ ਰਾਸ਼ਟਰੀ ਬੈਂਕ (ਨਾਬਾਰਡ) ਨੂੰ ਹੋਰ ਉਤਸ਼ਾਹਿਤ ਕੀਤਾ ਹੈ ਅਤੇ ਉਨ੍ਹਾਂ ਨੂੰ ਖੇਤੀਬਾੜੀ ਤੱਕ ਪਹੁੰਚ ਵਿੱਚ ਸੁਧਾਰ ਅਤੇ ਡੇਅਰੀ ਖੇਤਰ ਦੇ ਵਿਕਾਸ ਲਈ ਸਕੀਮਾਂ ਲਾਗੂ ਕਰਨ ਦਾ ਕੰਮ ਦਿੱਤਾ ਹੈ।

ਖੇਤੀਬਾੜੀ ਵਿਕਾਸ ਵਿੱਚ ਹੋਰ ਵਾਧੇ ਲਈ 2017–18 ਦੇ ਬਜਟ ਵਿੱਚ ਕਰਜ਼ਾ ਖੇਤਰ ਨੂੰ ਸਰਵੋਤਮ ਤਰਜੀਹ ਦਿੱਤੀ ਗਈ ਹੈ। ਮਾਲੀ ਵਰ੍ਹੇ 2017–18 ਵਿੱਚ 10 ਲੱਖ ਕਰੋੜ ਰੁਪਏ ਦੇ ਨਿਰਧਾਰਨ ਦਾ ਟੀਚਾ ਰੱਖਿਆ ਗਿਆ ਹੈ ਜੋ ਕਿ 1 ਲੱਖ ਕਰੋੜ ਰੁਪਏ ਦਾ ਵਾਧਾ ਦਰਸਾਉਂਦਾ ਹੈ। ਇਹ ਇਕ ਸਵਾਗਤ ਯੋਗ ਵਿਵਸਥਾ ਹੈ ਕਿਉਂਕਿ ਇਸ ਨੂੰ ਖੇਤੀਬਾੜੀ ਖੇਤਰ ਵਿੱਚ ਉਧਾਰੀ ਨੂੰ ਵਧਾਉਣ ਲਈ ਉਲੀਕਿਆ ਗਿਆ ਹੈ।

ਸਰਕਾਰ ਨੇ ਪਿਛਲੇ ਦੋ ਸਾਲਾਂ ਦੌਰਾਨ ਖੇਤੀਬਾੜੀ ਲਈ ਕਈ ਉੱਦਮਾਂ, ਉਪਰਾਲਿਆਂ ਦਾ ਐਲਾਨ ਕੀਤਾ ਹੈ ਜਿਸ ਵਿੱਚ ਅਗਲੇ ਪੰਜ ਸਾਲਾਂ ਵਿੱਚ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨਾ ਵੀ ਸ਼ਾਮਲ ਹੈ। ਇਨ੍ਹਾਂ ਸਕੀਮਾਂ ਵਿੱਚ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨ ਅਤੇ ਇਕ ਇਲੈਕਟ੍ਰਾਨਿਕ ਪਲੇਟਫਾਰਮ (ਈ ਐੱਨ ਏ ਐੱਮ) ਰਾਹੀਂ ਖੇਤੀ ਉਤਪਾਦਾਂ ਲਈ ਰਾਸ਼ਟਰੀ ਖੇਤੀਬਾੜੀ ਮੰਡੀ ਤਿਆਰ ਕਰਨਾ ਸ਼ਾਮਲ ਹੈ। ਕੇਂਦਰੀ ਬਜਟ 2017–18 ਵਿੱਚ ਨਾਬਾਰਡ ਨਾਲ 5000 ਕਰੋੜ ਰੁਪਏ ਦਾ ਇਕ ਸਮਰਪਤ ਸੂਖਮ ਸਿੰਜਾਈ ਫੰਡ ਸਥਾਪਤ ਕਰਨ ਦੀ ਤਜਵੀਜ਼ ਹੈ, ਜੋ ਕਿ ਇਕ ਸਵਾਗਤਯੋਗ ਕਦਮ ਹੈ ਕਿਉਂਕਿ ਭਾਰਤ ਦੇ ਵਾਹੀ ਹੇਠਲੇ ਕੁੱਲ 141 ਮਿਲੀਅਨ ਹੈਕਟੇਅਰ ਖੇਤਰਫਲ ਵਿੱਚੋਂ 54 ਪ੍ਰਤਿਸ਼ਤ ਤੋਂ ਵਧ ਕੋਲ ਸਿੰਜਾਈ ਲਈ ਲੋੜੀਂਦਾ ਬੁਨਿਆਦੀ ਢਾਂਚਾ ਮੌਜੂਦ ਨਹੀਂ।

ਹਰੇਕ ਈ-ਨਾਮ ਮੰਡੀ ਨੂੰ ਸਫ਼ਾਈ, ਮਿਆਰੀ-ਕਰਨ ਅਤੇ ਡੱਬਾਬੰਦ ਦੀਆਂ ਸਹੂਲਤਾਂ ਸਥਾਪਤ ਕਰਨ ਲਈ 75 ਲੱਖ ਰੁਪਏ ਤੱਕ ਦੀ ਮਾਲੀ ਇਮਦਾਦ ਦੀ ਪੇਸ਼ਕਸ਼ ਨਾਲ ਰਾਸ਼ਟਰੀ ਖੇਤੀਬਾੜੀ ਮੰਡੀ (ਈ ਐੱਨ ਏ ਐੱਮ) ਦਾ ਦਾਇਰਾ ਮੌਜੂਦਾ 250 ਮੰਡੀਆਂ ਤੋਂ ਵਧਾ ਕੇ 585 ਖੇਤੀ ਉਤਪਾਦ ਮੰਡੀਕਰਨ ਕਮੇਟੀਆਂ (ਈ ਪੀ ਐੱਸ ਸੀ) ਤੱਕ ਕਰਨ ਦੀ ਵੀ ਤਜਵੀਜ਼ ਹੈ।

ਬਜਟ ਵਿੱਚ ਠੇਕੇ ਉਤੇ ਵਾਹੀ ਬਾਰੇ ਇਕ ਮਾਡਲ ਕਾਨੂੰਨ ਤਿਆਰ ਕਰਕੇ ਉਸ ਨੂੰ ਰਾਜਾਂ ਵਿੱਚ ਅਪਨਾਉਣ ਲਈ ਵਿਤਰਤ ਕਰਨ ਦਾ ਵਾਅਦਾ ਵੀ ਕੀਤਾ ਗਿਆ ਹੈ ਤਾਂ ਕਿ ਵਧੀਆ ਕੀਮਤ ਨਿਰਧਾਰਨ ਅਤੇ ਫ਼ਸਲ ਮਗਰਲੇ ਘਾਟਿਆਂ ਵਿੱਚ ਕਮੀ ਲਿਆਉਣ ਨੂੰ ਯਕੀਨੀ ਬਣਾਉਣ ਲਈ ਫਲਾਂ ਅਤੇ ਸਬਜ਼ੀਆਂ ਉਗਾਉਣ ਵਾਲੇ ਕਿਸਾਨਾਂ ਅਤੇ ਡੱਬਾਬੰਦ ਇਕਾਈਆਂ ਨੂੰ ਇਕਜੁਟ ਕੀਤਾ ਜਾ ਸਕੇ।

ਰਾਜਾਂ ਨੂੰ ਅਪੀਲ ਕੀਤੀ ਜਾਵੇਗੀ ਕਿ ਉਹ ਕਿਸਾਨਾਂ ਨੂੰ ਵਿਚੋਲਿਆਂ ਦੇ ਚੁੰਗਲ ਤੋਂ ਅਜ਼ਾਦ ਕਰਵਾਉਣ ਲਈ ਖਰਾਬ ਹੋ ਜਾਣ ਵਾਲੀਆਂ ਸਬਜ਼ੀਆਂ ਅਤੇ ਫਲਾਂ ਨੂੰ ਖੇਤੀਬਾੜੀ ਉਤਪਾਦ ਮੰਡੀਕਰਨ ਕਮੇਟੀਆਂ ਤੋਂ ਗ਼ੈਰ ਪੰਜੀਕ੍ਰਿਤ ਕਰਵਾਉਣ ਤਾਂ ਕਿ ਉਹ ਆਪਣੇ ਉਤਪਾਦਾਂ ਨੂੰ ਅਜ਼ਾਦਾਨਾ ਤੌਰ ਤੇ ਵੇਚ ਸਕਣ।

ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਨੂੰ ਦੇਸ਼ ਭਰ ਵਿੱਚ 2016 ਦੇ ਖਰੀਫ਼ ਦੇ ਫ਼ਸਲੀ ਮੌਸਮ ਵਿੱਚ ਲਾਗੂ ਕੀਤਾ ਗਿਆ ਜਿਸ ਨੇ ਕਿ ਪਹਿਲੇ ਫ਼ਸਲੀ ਮੌਸਮ ਤੋਂ ਹੀ ਪ੍ਰਭਾਵਸ਼ਾਲੀ ਵਾਧਾ ਦਰਜ ਕਰਵਾਉਣਾ ਸ਼ੁਰੂ ਕਰ ਦਿੱਤਾ। ਇਹ ਸਕੀਮ 366.64 ਲੱਖ ਕਿਸਾਨਾਂ ਨੂੰ ਆਪਣੇ ਦਾਇਰੇ ਹੇਠ ਲਿਆਉਂਦੀ ਹੈ (ਜੋ ਕਿ ਕੁੱਲ ਕਿਸਾਨਾਂ ਦਾ 26.50 ਪ੍ਰਤਿਸ਼ਤ ਬਣਦਾ ਹੈ) ਅਤੇ 2016–17 ਦੇ ਰਬੀ ਅਤੇ ਖਰੀਫ਼ ਦੋਹਾਂ ਫ਼ਸਲੀ ਮੌਸਮਾਂ ਵਿੱਚ ਇਸ ਦਾ ਟੀਚਾ 30 ਪ੍ਰਤਿਸ਼ਤ ਤੱਕ ਆਪਣਾ ਦਾਇਰਾ ਵਧਾਉਣ ਦਾ ਹੈ। ਬਜਟ ਵਿੱਚ ਇਸ ਫਲੈਗਸ਼ਿਪ ਫ਼ਸਲ ਬੀਮਾ ਯੋਜਨਾ ਯਾਨਿ ਕਿ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਲਈ ਬਜਟ ਪ੍ਰਾਵਧਾਨ ਨੂੰ 2016–17 ਦੇ 5500 ਕਰੋੜ ਰੁਪਏ ਤੋਂ ਵਧਾ ਕੇ 2017–18 ਵਿੱਚ 9000 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਅਧੀਨ ਮਾਲੀ ਵਰ੍ਹੇ 2017–18 ਵਿੱਚ ਦਾਇਰੇ ਦਾ ਟੀਚਾ 40 ਪ੍ਰਤਿਸ਼ਤ ਖੇਤੀ ਹੇਠਲੇ ਰਕਬੇ ਨੂੰ ਬੀਮਾ ਅਧੀਨ ਲਿਆਉਣ ਦਾ ਮਿੱਥਿਆ ਗਿਆ ਹੈ ਜਿਸ ਨੂੰ ਅੱਗੋ 2018–19

*ਬਾਕੀ ਸਫ਼ਾ 63 ਉੱਤੇ*

# ਨੌਜਵਾਨਾਂ ਲਈ ਬਜਟ

ਐੱਸ ਐੱਸ ਮੰਥਾ

2016 ਵਿੱਚ ਸੰਯੁਕਤ ਰਾਸ਼ਟਰ ਵਲੋਂ ਵਿਸ਼ਵ ਦੀ ਜਨਸੰਖਿਆ ਬਾਰੇ ਇਕ ਰਿਪੋਰਟ ਪ੍ਰਕਾਸ਼ਤ ਕੀਤੀ ਗਈ ਜਿਸ ਵਿੱਚ ਭਾਰਤ ਦੀ ਜਨਸੰਖਿਆ 1.3 ਬਿਲੀਅਨ ਦੱਸੀ ਗਈ। ਇਸ ਹਿਸਾਬ ਨਾਲ ਭਾਰਤ ਦੁਨੀਆਂ ਦਾ ਦੂਜਾ ਸਭ ਤੋਂ ਵੱਧ ਜਨਸੰਖਿਆ ਵਾਲਾ ਦੇਸ਼ ਬਣਦਾ ਹੈ। 1.2 ਪ੍ਰਤਿਸ਼ਤ ਦੀ ਅਨੁਮਾਨਿਤ ਵਿਕਾਸ ਦਰ ਨਾਲ 2022 ਤੱਕ ਭਾਰਤ ਚੀਨ ਨੂੰ ਪਿੱਛੇ ਛੱਡ ਕੇ 1.5 ਬਿਲੀਅਨ ਲੋਕਾਂ ਵਾਲਾ, ਇਤਿਹਾਸ ਵਿੱਚ ਸਭ ਤੋਂ ਵੱਡਾ ਲੋਕਤੰਤਰ ਬਣ ਸਕਦਾ ਹੈ। ਮੌਜੂਦਾ ਸਮੇਂ ਭਾਰਤ ਦੀ ਜਨਸੰਖਿਆ ਦਾ 60 ਪ੍ਰਤਿਸ਼ਤ ਤੋਂ ਵੱਧ ਹਿੱਸਾ 35 ਸਾਲ ਤੋਂ ਘੱਟ ਉਮਰ ਦਾ ਹੈ। 2020 ਤੱਕ ਚੀਨ ਦੀ 37 ਸਾਲ ਅਤੇ ਜਾਪਾਨ ਦੀ 48 ਸਾਲ ਦੀ ਤੁਲਨਾ ਵਿੱਚ ਇਕ ਭਾਰਤੀ ਦੀ ਔਸਤ ਉਮਰ 29 ਸਾਲ ਹੋਵੇਗੀ।

ਜਿਵੇਂ-ਜਿਵੇਂ ਅਸੀਂ 2020 ਦੇ ਨੇੜੇ ਪੁੱਜ ਰਹੇ ਹਾਂ, ਇਹ ਸੰਖਿਆ, ਤੱਥ ਅਤੇ ਅੰਕੜੇ ਸਾਡੇ ਸਾਹਮਣੇ ਬੜਾ ਤਿੱਖਾ ਸਵਾਲ ਖੜ੍ਹਾ ਕਰ ਰਹੇ ਹਨ - ਕੀ ਅਸੀਂ ਹਾਲਾਤ ਦੀ ਵਿਸ਼ਾਲਤਾ, ਗੰਭੀਰਤਾ ਦਾ ਸਾਹਮਣਾ ਕਰਨ ਲਈ ਤਿਆਰ ਹਾਂ? ਵਿਕਾਸ ਕਰ ਰਹੇ ਦੇਸ਼ ਨੂੰ ਸਿੱਖਿਆ, ਹੁਨਰ ਅਤੇ ਲਾਭਕਾਰੀ ਰੋਜ਼ਗਾਰ ਪ੍ਰਦਾਨ ਕਰਨ ਦੀ ਵੰਗਾਰ ਨਾਲ ਨਜਿੱਠਣ ਲਈ ਵਿਸਤ੍ਰਿਤ ਯੋਜਨਾਬੰਦੀ, ਸਹੀ ਪਹੁੰਚ ਅਤੇ ਬਦਲਵੀਂ ਪਹੁੰਚ ਦੀ ਲੋੜ ਪਵੇਗੀ। ਇਸ ਨਾਲ ਹਾਲ ਹੀ ਵਿੱਚ ਐਲਾਨੇ ਗਏ ਬਜਟ 2017 ਉਤੇ ਧਿਆਨ ਜਾਂਦਾ ਹੈ, ਜਿਸ ਨੂੰ ਠੀਕ ਹੀ 'ਬਦਲਾਅ, ਕ੍ਰਿਆਸ਼ੀਲ ਅਤੇ ਸਵੱਛ ਭਾਰਤ (ਟੀ ਈ ਸੀ ਇੰਡੀਆ) ਦਾ ਨਾਮ ਦਿੱਤਾ ਗਿਆ ਹੈ। ਇਸ ਵਿੱਚ ਸ਼ਾਸਨ ਦੀ ਗੁਣਵੱਤਾ ਅਤੇ ਜੀਵਨ ਪੱਧਰ ਵਿੱਚ ਬਦਲਾਅ ਲਿਆਉਣ ਦੀ ਗੱਲ ਕੀਤੀ ਗਈ ਹੈ। ਇਸ ਵਿਸ਼ਾਲ ਏਜੰਡੇ ਨੂੰ ਪੂਰਾ ਕਰਨ ਲਈ ਅਨੇਕ ਵਿਸ਼ਿਆਂ ਵਿੱਚੋਂ, ਇਹ ਬਹੁਤ ਸੰਤੁਸ਼ਟੀ ਵਾਲੀ ਗੱਲ ਨਜ਼ਰ ਆਉਂਦੀ ਹੈ ਕਿ ਪੇਂਡੂ ਜਨਸੰਖਿਆ, ਬੁਨਿਆਦੀ ਢਾਂਚੇ ਦੀ ਉਸਾਰੀ, ਰੋਜ਼ਗਾਰ ਯੋਜਨਾਵਾਂ, ਸੁਰੱਖਿਆ, ਸਸਤੇ ਘਰ ਤੇ ਰਫ਼ਤਾਰ, ਜਵਾਬਦੇਹੀ ਅਤੇ ਪਾਰਦਰਸ਼ਤਾ ਲਈ ਡਿਜੀਟਲ ਅਰਥਚਾਰੇ ਨੂੰ ਮਜਬੂਤ ਕਰਨ ਦੀ ਗੱਲ ਕਹੀ ਗਈ ਹੈ।

**ਉਰੂਗੁਵੇ ਦੇ ਨਾਵਲਕਾਰ ਐਡਵਰਡੋ ਗਲਿਆਨੋ ਨੇ ਇਕ ਵਾਰੀ ਕਿਹਾ ਸੀ, "ਮੈਂ ਦਾਨ ਵਿੱਚ ਯਕੀਨ ਨਹੀਂ ਰੱਖਦਾ, ਮੈਂ ਇਕਜੁੱਟਤਾ ਵਿੱਚ ਵਿਸ਼ਵਾਸ ਰੱਖਦਾ ਹਾਂ। ਦਾਨ ਉੱਤੋਂ ਹੇਠਾਂ ਨੂੰ ਜਾਂਦਾ ਹੈ। ਇਹ ਸ਼ਰਮਨਾਕ ਹੈ। ਇਕਜੁੱਟਤਾ ਬਰਾਬਰੀ ਦਾ ਪ੍ਰਤੀਕ ਹੈ। ਇਹ ਦੂਸਰਿਆਂ ਦਾ ਆਦਰ ਕਰਦੀ ਹੈ ਅਤੇ ਦੂਜਿਆਂ ਤੋਂ ਸਿੱਖਦੀ ਹੈ। ਮੈਂ ਦੂਸਰੇ ਲੋਕਾਂ ਕੋਲੋਂ ਬਹੁਤ ਕੁੱਝ ਸਿੱਖਣਾ ਹੈ।"**

ਪੇਂਡੂ ਭਾਰਤ ਦੇ ਅੱਜ ਤਿੰਨ ਪ੍ਰਮੁੱਖ ਤੌਖਲੇ ਹਨ - ਪਹੁੰਚ ਸੀਮਤ ਹੈ, ਸਰੋਤ ਬਹੁਤ ਘੱਟ ਅਤੇ ਦੂਰ ਨੇੜੇ ਖਿੰਡੇ ਹੋਏ ਹਨ, ਪਰ ਸਭ ਤੋਂ ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਧੱਸ ਚੁੱਕੇ ਵਿਚਾਰਾਂ ਦਾ ਬਦਲਣਾ ਔਖਾ ਹੈ। ਅਜਿਹੇ ਹਾਲਾਤਾਂ ਵਿੱਚ ਜੋ ਸਭ ਤੋਂ ਵੱਧ ਜ਼ਰੂਰੀ ਹੈ, ਉਹ ਹੈ ਸਿੱਖਿਆ। ਗਲਿਆਨੋ ਦੇ ਵਿਚਾਰਾਂ ਦੀ ਪ੍ਰੋੜਤਾ ਕਰਦਿਆਂ ਅਮਰੀਕੀ ਲੇਖਕ ਅਤੇ ਭਵਿੱਖਵੇਤਾ ਐਲਵਿਨ ਟੌਫਲਰ ਕਹਿੰਦਾ ਹੈ, "ਅੱਜ ਨੌਜਵਾਨਾਂ ਨੂੰ ਸਮਾਜ ਵਲੋਂ ਦਿੱਤਾ ਗਿਆ ਗੁਪਤ ਸੁਨੇਹਾ ਇਹ ਹੈ ਕਿ ਤੁਹਾਡੀ ਜ਼ਰੂਰਤ ਨਹੀਂ ਹੈ, ਕਿ ਸਮਾਜ ਉਦੋਂ ਤੱਕ ਆਪਣੇ ਆਪ ਨੂੰ ਵਧੀਆ ਢੰਗ ਨਾਲ ਚਲਾ ਲਵੇਗਾ ਜਦੋਂ ਤੱਕ ਉਹ ਭਵਿੱਖ ਵਿੱਚ ਕਿਸੇ ਸਮੇਂ ਦੀਆਂ ਵਾਂਗਾਂ ਆਪਣੇ ਹੱਥਾਂ ਵਿੱਚ ਨਾ ਲੈ ਲੈਣ। ਤਾਂ ਵੀ, ਇਹ ਇਕ ਸਚਾਈ ਹੈ ਕਿ ਸਮਾਜ ਆਪਣੇ ਆਪ ਨੂੰ ਵਧੀਆ ਢੰਗ ਨਾਲ ਨਹੀਂ ਚਲਾ ਪਾ ਰਿਹਾ, ਕਿਉਂਕਿ ਸਾਨੂੰ ਬਾਕੀ ਸਭ ਨੂੰ ਊਰਜਾ, ਦਿਮਾਗ, ਕਲਪਨਾ ਅਤੇ ਪ੍ਰਤਿਭਾ ਦੀ ਲੋੜ ਹੈ ਜੋ ਸਾਡੀਆਂ ਮੁਸ਼ਕਿਲਾਂ ਘੱਟ ਕਰਨ ਲਈ ਨੌਜਵਾਨ ਲਿਆ ਸਕਦੇ ਹਨ। ਸਮਾਜ ਵਲੋਂ ਬਹੁਤ ਨੌਜਵਾਨਾਂ ਦੀ ਭਾਗੀਦਾਰੀ ਤੋਂ ਬਿਨਾਂ ਆਪਣੀਆਂ ਹਤਾਸ਼ਾ ਭਰੀਆਂ ਮੁਸ਼ਕਿਲਾਂ ਦਾ ਹੱਲ ਕੱਢਣਾ ਮੂਰਖਤਾ ਵਾਲੀ ਗੱਲ ਹੈ।"

ਇਸ ਪ੍ਰਕਾਰ ਸਿੱਖਿਆ ਬਹੁਤ ਹੀ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਉਨ੍ਹਾਂ ਸੰਵੇਦਨਾਵਾਂ ਅਤੇ ਧਾਰਨਾਵਾਂ ਨੂੰ ਸ਼ੁੱਧ ਕਰਦੀ ਹੈ ਜੋ ਦਿਮਾਗ ਅਤੇ ਆਤਮਾ ਦੀ ਆਜ਼ਾਦੀ ਲਈ ਆਪਣਾ ਯੋਗਦਾਨ ਪਾਉਂਦੀਆਂ ਹਨ - ਜਿਨ੍ਹਾਂ ਵਿੱਚ ਸਮਾਜਵਾਦ, ਧਰਮ ਨਿਰਪੱਖਤਾ ਅਤੇ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਡੂੰਘੀਆਂ ਜੜ੍ਹਾਂ ਵਾਲੀਆਂ ਹੁੰਦੀਆਂ ਹਨ। ਇਹ ਆਰਥਿਕਤਾ ਦੇ ਵੱਖ-ਵੱਖ ਪੱਧਰਾਂ ਲਈ ਕਾਮਾਸ਼ਕਤੀ ਵਿਕਸਤ ਕਰਦੀ ਹੈ ਅਤੇ ਇਹ ਉਹ ਸੜ੍ਹਾ ਹੈ ਜਿਸ ਉਤੇ ਖੋਜ ਅਤੇ ਵਿਕਾਸ ਪੱਲ੍ਰਦੇ ਹਨ ਜੋ ਰਾਸ਼ਟਰੀ ਸਵੈ-ਨਿਰਭਰਤਾ ਦੀ ਆਖਰੀ ਜ਼ਾਮਨੀ ਹੈ। ਰਾਸ਼ਟਰੀ ਨੀਤੀ ਵਿੱਚ ਸਿੱਖਿਆ ਦੀ ਜ਼ਰੂਰਤ ਅਤੇ ਭੂਮਿਕਾ ਨੂੰ ਸਾਰਿਆਂ ਲਈ ਸਿੱਖਿਆ ਦੇ ਰੂਪ ਵਿੱਚ ਕਲਪਿਤ ਕੀਤਾ ਗਿਆ ਹੈ। 2010 ਵਿੱਚ ਲਾਗੂ ਕੀਤਾ ਗਿਆ ਸਿੱਖਿਆ ਦਾ ਅਧਿਕਾਰ ਇਸ ਦਿਸ਼ਾ ਵੱਲ ਮਹੱਤਵਪੂਰਨ ਕਦਮ ਹੈ।

ਪਰ ਕਈ ਅੜਿੱਕੇ ਵੀ ਹਨ ਜੋ ਵਿਕਾਸ ਦੇ ਰਾਹ ਵਿੱਚ ਰੁਕਾਵਟ ਬਣ ਸਕਦੇ ਹਨ। ਅਜਿਹਾ

ਹੀ ਇਕ ਤੌਖਲਾ ਅਵਿਕਸਤ ਬੁਨਿਆਦੀ ਢਾਂਚੇ ਦਾ ਹੈ। ਪਿੰਡ, ਜਿਨ੍ਹਾਂ ਦੀ ਚੰਗੇ ਅਧਿਆਪਕਾਂ, ਸਮੱਗਰੀ ਆਦਿ ਸਰੋਤਾਂ ਤੱਕ ਸੀਮਤ ਪਹੁੰਚ ਹੈ, ਵਧ ਰਹੀ ਗਰੀਬੀ, ਬਾਲ ਮਜ਼ਦੂਰੀ, ਸਕੂਲ ਛੇਤੀ ਛੱਡ ਦੇਣਾ ਅਤੇ ਅਨਪੜ੍ਹਤਾ ਆਦਿ ਕੁੱਝ ਸਭ ਤੋਂ ਬੁਨਿਆਦੀ ਪਰ ਵੱਡੇ ਮੁੱਦੇ ਹਨ। ਇਸ ਦਾ ਮੁਕਾਬਲਾ ਕਰਨ ਲਈ ਨਵੀਂ ਤਕਨਾਲੋਜੀ ਨੂੰ ਅਪਣਾਉਣਾ ਹੀ ਇਕੋ ਇਕ ਹੱਲ ਹੈ। ਡਿਜੀਟਲ ਤਕਨਾਲੋਜੀ, ਕੁੱਝ ਹੀ ਮਿੰਟਾਂ ਵਿੱਚ ਇਕ ਛੋਟੇ ਝੌਨੇ ਦੇ ਖੇਤ ਨੂੰ ਵੀ ਜਮਾਤ ਦੇ ਕਮਰੇ ਵਿੱਚ ਤਬਦੀਲ ਕਰ ਸਕਦੀ ਹੈ। ਪਹਿਲੇ ਸਮਿਆਂ ਵਿੱਚ ਬੱਚੇ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਕੇ ਗੁਰੂਕੁਲ ਵਿੱਚ ਸਿੱਖਿਆ ਪ੍ਰਾਪਤ ਕਰਦੇ ਸਨ, ਅੱਜ ਦੇ ਜ਼ਮਾਨੇ ਵਿੱਚ ਇਕ ਡਿਜੀਟਲ ਗੁਰੂਕੁਲ ਚਮਤਕਾਰਕ ਹੋ ਸਕਦਾ ਹੈ। ਇਸ ਨਵੇਂ ਵਾਤਾਵਰਨ ਵਿੱਚ ਬੱਚੇ ਆਪਣੇ ਪਰਿਵਾਰਾਂ ਦੀ ਸਹਾਇਤਾ ਕਰਨ ਦੇ ਨਾਲ-ਨਾਲ ਅਸਾਨੀ ਨਾਲ ਸਿੱਖਿਆ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਸ਼ੁਰੂਆਤੀ ਉਮਰ ਵਿੱਚ ਹੀ ਕੰਮ – ਜ਼ਿੰਦਗੀ ਦਾ ਇਕ ਚੰਗਾ ਸੰਤੁਲਨ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ। ਬਦਲਾਅ ਦੇ ਇਸ ਵਿਸ਼ਾਲ ਮਾਰਗ ਦੇ ਨਿਰਮਾਣ ਲਈ ਪਿੰਡਾਂ ਵਿੱਚ ਵਾਈ ਫਾਈ ਪੱਟੀਆਂ ਬਣਾਉਣੀਆਂ, ਟੈਲੀਵੀਜ਼ਨ, ਰੇਡੀਓ ਅਤੇ ਕੰਪਿਊਟਰ ਦਾ ਅਧਿਆਪਨ ਲਈ ਇਸਤੇਮਾਲ ਕਰਨਾ ਅਤੇ ਇਨ੍ਹਾਂ ਦੀ ਸਥਾਪਨਾ ਲਈ ਤਕਨੀਕੀ ਉਤਸ਼ਾਹੀਆਂ ਨੂੰ ਲਾਮਬੰਦ ਕਰਨਾ ਯਕੀਨਨ ਹੀ ਸਫਲਤਾ ਵੱਲ ਇਕ ਕਦਮ ਹੋਵੇਗਾ। ਹੋਰ, ਪ੍ਰਾਇਮਰੀ ਸਕੂਲ ਪੱਧਰ ਉਤੇ ਜੀ ਈ ਆਰ ਦੇ ਮਾਮਲੇ ਵਿੱਚ 95 ਤੋਂ ਵੱਧ, ਗੁਣਵੱਤਾ ਬਾਰੇ ਕਾਫੀ ਸੁਧਾਰ ਕਰਨ ਦੀ ਗੁੰਜਾਇਸ਼ ਹੈ। ਬਹੁਤ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀ ਅਣਹੋਂਦ, ਕਈ ਸਾਰੇ ਉੱਚ ਪਾਏ ਦੇ ਨਿੱਜੀ ਸਕੂਲਾਂ ਵਿੱਚ ਵੀ ਰੱਟਾ ਮਾਰਨ ਦੀ ਪ੍ਰਚੱਲਤ ਪ੍ਰਣਾਲੀ ਨੇ ਉਸ ਨਵੀਨਤਮ ਖੋਜ ਨੂੰ ਤਬਾਹ ਕਰ ਦਿੱਤਾ ਹੈ ਜੋ ਬੱਚਿਆਂ ਵਲੋਂ ਆ ਸਕਦੀ ਹੈ।

ਇਸ ਹਾਲਾਤ ਨੂੰ ਪਛਾਣ ਕੇ ਬਜਟ ਵਿੱਚ ਸਾਲਾਨਾ ਸਿੱਖਿਆ ਦੇ ਨਤੀਜਿਆਂ ਦੇ ਮੁਲਾਂਕਣ ਦੀ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਸੈਕੰਡਰੀ ਸਿੱਖਿਆ ਲਈ 'ਖੋਜ ਫੰਡ' ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਸਥਾਨਕ ਖੋਜ ਨੂੰ ਉਤਸ਼ਾਹਿਤ ਕਰਨ ਦਾ ਪ੍ਰਸਤਾਵ ਕੀਤਾ ਗਿਆ ਹੈ। ਇਸ ਨਾਲ ਇਕਸਾਰ ਪਹੁੰਚ, ਲਿੰਗ ਬਰਾਬਰੀ ਅਤੇ ਗੁਣਵੱਤਾ ਸੁਧਾਰ ਯਕੀਨੀ ਬਣਾਉਣ ਦੀ ਆਸ ਕੀਤੀ ਜਾ ਸਕਦੀ ਹੈ। ਨਾਲ ਹੀ 3479 ਸਿੱਖਿਆ ਪੱਖੋਂ ਪਛੜੇ ਜ਼ਿਲ੍ਹਿਆਂ ਵਿੱਚ ਇਸ ਨੂੰ ਲਾਗੂ ਕਰਨਾ ਅੱਗੇ ਵੱਲ ਇਕ ਸਹੀ ਕਦਮ ਹੈ – ਅਤੇ ਇਸ ਨੂੰ ਦੇਸ਼ ਦੇ ਸਾਰੇ ਜ਼ਿਲ੍ਹਿਆਂ ਤੱਕ ਫੈਲਾਉਣ ਦੀ ਜ਼ਰੂਰਤ ਹੈ।

ਬਰਟ੍ਰਾਂਡ ਰਸਲ ਨੇ ਕਿਹਾ ਸੀ, "ਅਜਿਹਾ ਇਸ ਲਈ ਕਿਉਂਕਿ ਆਧੁਨਿਕ ਸਿੱਖਿਆ ਇਸ ਆਸ ਤੋਂ ਏਨੀ ਘੱਟ ਪ੍ਰਭਾਵਿਤ ਹੈ ਕਿ ਇਹ ਕਦੇ ਹੀ ਵੱਡੇ ਨਤੀਜੇ ਹਾਸਲ ਕਰਦੀ ਹੈ। ਭੂਤ ਕਾਲ ਨੂੰ ਸਹੇਜ ਕੇ ਰੱਖਣ ਦੀ ਇੱਛਾ, ਬਜਾਇ ਕਿ ਭਵਿੱਖ ਦਾ ਨਿਰਮਾਣ ਕਰਨ ਦੇ, ਇਹ ਉਨ੍ਹਾਂ ਦਿਮਾਗਾਂ ਉਤੇ ਭਾਰੂ ਹੈ ਜੋ ਨੌਜਵਾਨਾਂ ਦੀ ਸਿੱਖਿਆ ਉਤੇ ਨਿਯੰਤ੍ਰਣ ਰੱਖਦੇ ਹਨ।" ਇਹ ਸਾਡੇ ਸਾਹਮਣੇ ਸਿੱਖਿਆ ਦਾ ਅਗਲਾ ਕਦਮ ਲਿਆਉਂਦੀ ਹੈ – ਵਿਸ਼ਵ ਵਿਦਿਆਲੇ।

ਉਚੇਰੀ ਸਿੱਖਿਆ ਲਈ ਵਿਸ਼ਵ ਵਿਦਿਆਲੇ ਗਿਆਨ ਦੇਣ ਅਤੇ ਡਿਗਰੀ ਅਤੇ ਡਿਪਲੋਮੇ ਦੇਣ ਲਈ ਸਥਾਪਤ ਕੀਤੇ ਗਏ ਸਨ। ਸਿੱਖਣ, ਸੰਵਾਦ ਅਤੇ 'ਜੇ' ਦੇ ਜਵਾਬ ਲੱਭਣ ਦੀ ਭਾਵਨਾ ਮੁੱਖ ਮੁੱਦੇ ਸਨ। ਸਿੱਖਣ ਦਾ ਵਾਤਾਵਰਨ ਕਠਿਨ ਮਿਹਨਤ ਨਾਲ ਬਣਾਉਣਾ, ਅਤੇ ਸੰਭਾਲਣਾ ਚਾਹੀਦਾ ਹੈ। ਕਿਉਂਕਿ ਬੇਹਤਰ ਸਿੱਖਿਆ ਵੱਖ-ਵੱਖ ਖੇਤਰਾਂ ਦੇ ਵਿਦਵਾਨਾਂ ਨਾਲ ਸੰਵਾਦ ਰਚਾ ਕੇ ਖੁੱਲ੍ਹੇ ਡੁੱਲ੍ਹੇ ਵਾਤਾਵਰਨ ਵਿੱਚ ਵਾਪਰਦਾ ਹੈ, ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਕੁੱਝ ਵੱਡੇ ਵਿਸ਼ਵ ਵਿਦਿਆਲਿਆਂ ਵਿੱਚ ਸਾਰੇ ਵਿਸ਼ੇ ਪੜ੍ਹਾਏ ਜਾਂਦੇ ਹਨ ਅਤੇ ਉਦਾਰਵਾਦੀ ਕਲਾਵਾਂ ਤੋਂ ਲੈ ਕੇ ਸਮਾਜਕ ਵਿਗਿਆਨ, ਮੁਢਲੇ ਵਿਗਿਆਨ, ਅਪਲਾਈਡ ਸਾਇੰਸ ਅਤੇ ਹੋਰ ਬਹੁਤ ਸਾਰੇ ਵਿਭਾਗ ਹੁੰਦੇ ਹਨ ਪਰ ਭਾਰਤ ਵਿੱਚ ਵਿਆਪਕ ਪਸਾਰ ਲਈ ਵਿਸ਼ਵ ਵਿਦਿਆਲੇ ਸਥਾਪਤ ਕਰਨ ਲਈ ਹੱਦ ਦੀਆਂ ਸ਼ਰਤਾਂ ਬਦਲ ਗਈਆਂ ਹਨ। ਗੁਣਵੱਤਾ ਮਿਆਰਾਂ ਦੀ ਗਿਰਾਵਟ ਅਤੇ ਢੁੱਕਵੇਂ ਫੰਡਾਂ ਦੀ ਘਾਟ ਨੇ ਮਾਨਤਾ ਪ੍ਰਣਾਲੀ ਥੋਪ ਦਿੱਤੀ ਹੈ ਜੋ ਸਾਲਾਂ ਤੋਂ ਲਾਗੂ ਹੈ। ਅਤੇ ਜਦੋਂ ਮਾਨਤਾ ਪ੍ਰਣਾਲੀ ਪ੍ਰਬੰਧ ਨਾ ਕਰ ਸਕਣ ਦੇ ਅਨੁਪਾਤ ਤੱਕ ਵਧ ਗਈ ਤਾਂ ਵਿਸ਼ਵ ਵਿਦਿਆਲੇ ਦਾ ਧਿਆਨ ਸਿੱਖਣ ਅਤੇ ਗਿਆਨ ਪ੍ਰਦਾਨ ਕਰਨ ਤੋਂ ਭਟਕ ਕੇ ਮੁੱਖ ਤੌਰ ਤੇ ਪ੍ਰਸ਼ਾਸਨਿਕ ਹੋ ਗਿਆ। ਇਮਤਿਹਾਨ ਅਤੇ ਨਤੀਜਿਆਂ ਦੇ ਐਲਾਨ ਨੇ ਕੇਂਦਰੀ ਸਥਾਨ ਮੱਲ ਲਿਆ ਅਤੇ ਵਿਸ਼ਵ ਵਿਦਿਆਲੇ ਦੇ ਵਿਭਾਗਾਂ ਨੇ ਸੰਵਾਦ ਰਚਾਉਣਾ ਬੰਦ ਕਰ ਦਿੱਤਾ ਜਿਸ ਦਾ ਕਾਰਨ ਵਿਅਕਤੀਆਂ ਅਤੇ ਸਮੱਗਰੀ ਰੂਪੀ ਸਰੋਤਾਂ ਦਾ ਅਸੰਤੁਲਨ ਹੈ। ਅੰਦਰੂਨੀ ਢਾਂਚੇ, ਜਿਵੇਂ ਮੈਨੇਜਮੈਂਟ ਕੌਂਸਲ, ਸਿੰਡੀਕੇਟ, ਅਕਾਦਮਿਕ ਕੌਂਸਲ ਆਦਿ ਰਾਜਸੀ ਸਮੂਹਾਂ ਦੀ ਸਨਕ ਦੀ ਭੇਟ ਚੜ੍ਹ ਗਏ ਹਨ, ਜਿਸ ਕਰਕੇ ਪੜ੍ਹਾਈ ਲਈ ਸਮਾਂ ਹੀ ਨਹੀਂ ਬਚਦਾ – ਅਜਿਹੀ ਚੀਜ਼ ਜਿਸ ਉਤੇ ਕੋਈ ਵੀ ਵਿਸ਼ਵ ਵਿਦਿਆਲਾ ਅਧਾਰਤ ਹੁੰਦਾ ਹੈ।

**ਸੰਸਥਾਨਾਂ ਲਈ ਖੁਦਮੁਖਤਿਆਰੀ ਇਸ ਖੜੋਤ ਵਿੱਚੋਂ ਨਿਕਲਣ ਦਾ ਇਕ ਤਰੀਕਾ ਹੈ। ਜਿਨ੍ਹਾਂ ਨੇਤਾਵਾਂ ਦਾ ਲੋਕਾਂ ਵਿੱਚ ਸਤਿਕਾਰ ਹੈ, ਉਨ੍ਹਾਂ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਉਹ ਅਕਾਦਮਿਕ ਵਾਤਾਵਰਨ ਮੁੜ ਤੋਂ ਬਹਾਲ ਕਰਕੇ ਵਿਸ਼ਵਵਿਦਿਆਲੇ ਵਿੱਚ ਵਿਸ਼ਵਾਸ ਪੈਦਾ ਕਰਨ, ਅਤੇ ਅਕਾਦਮਿਕ ਮਸਲਿਆਂ ਨੂੰ ਪ੍ਰਸ਼ਾਸਨਿਕ ਝਮੇਲਿਆਂ ਤੋਂ ਨਿਖੇੜਨ ਵਿੱਚ ਮਦਦ ਦੇਣ। ਬੇਸ਼ੱਕ, ਇਕ ਵਿਸ਼ਵਵਿਦਿਆਲਾ ਚਲਾਉਣ ਲਈ ਕਾਨੂੰਨੀ ਪ੍ਰਾਵਧਾਨਾਂ ਵਿੱਚ ਵੀ ਵੱਡੇ ਬਦਲਾਵਾਂ ਦੀ ਲੋੜ ਪਵੇਗੀ। ਸਰਕਾਰ ਵਲੋਂ ਉਪਰੋਕਤ ਬਿੰਦੂਆਂ ਦੀ ਸਹੀ ਪਛਾਣ ਕਰਕੇ ਚੰਗੀ ਗੁਣਵੱਤਾ ਵਾਲੇ ਉੱਚ ਸਿੱਖਿਆ ਸੰਸਥਾਨਾਂ ਦੀ ਪਿੱਠ ਥਾਪੜੀ ਗਈ ਹੈ ਤਾਂ ਜੋ ਉਹ ਵਧੇਰੇ ਪ੍ਰਸ਼ਾਸਨਿਕ ਅਤੇ ਅਕਾਦਮਿਕ ਖੁਦਮੁਖਤਿਆਰੀ ਹਾਸਲ ਕਰ ਸਕਣ।**

ਜੀਵਨ ਭਰ ਸਿੱਖਿਆ, ਹਕੀਕੀ ਸਿੱਖਿਆ ਜਾਂ ਮਿਸ਼ਰਤ/ਦੋਗਲੀ ਸਿੱਖਿਆ ਅੱਜ ਕਈਆਂ ਦੇ ਜੀਵਨ ਵਿੱਚ ਬਦਲਾਅ ਲਿਆ ਰਹੀ ਹੈ। ਵਧੀਆ ਵਿਸ਼ਵਵਿਦਿਆਲਿਆਂ ਵਿੱਚ ਉਪਲਬਧ ਪਾਠਕ੍ਰਮ ਨੂੰ ਆਨਲਾਈਨ ਅਤੇ ਆਫ ਲਾਈਨ ਦੋਵਾਂ ਤਰੀਕਿਆਂ ਨਾਲ ਵਾਚਿਆ ਜਾ ਸਕਦਾ ਹੈ। ਸਰਕਾਰ ਵਲੋਂ 'ਸਵੈਮ' (ਐੱਸ ਡਬਲਿਊ ਏ ਵਾਈ ਏ ਐੱਮ) ਮੰਚ ਨੂੰ ਵਿਕਸਤ ਕਰਨ ਲਈ

ਪ੍ਰਣਾਲੀਆਂ ਸਥਾਪਤ ਕੀਤੀਆਂ ਗਈਆਂ ਹਨ ਜਿਸ ਲਈ ਸੂਚਨਾ ਤਕਨੀਕ ਦਾ ਸਹਾਰਾ ਲਿਆ ਗਿਆ ਹੈ। ਇਸ ਵਿੱਚ 350 ਆਨਲਾਈਨ ਕੋਰਸਾਂ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਨਾਲ ਹਰ ਕੋਈ ਹਕੀਕਤ ਵਿੱਚ ਕੋਰਸ ਵਿੱਚ ਹਾਜ਼ਰੀ ਦੇਣ ਅਤੇ ਜੀਵਨ ਭਰ ਸਿੱਖਿਆ ਲੈਣ ਦੇ ਯੋਗ ਹੋ ਜਾਵੇਗਾ।

**ਬਦਲਵੇਂ ਕਦਮ ਵਜੋਂ, ਬਜਟ ਵਿੱਚ, ਖੁਦਮੁਖਤਿਆਰ ਅਤੇ ਸਵੈ-ਨਿਰਭਰ ਪ੍ਰਮੁੱਖ ਪ੍ਰੀਖਣ ਸੰਸਥਾ ਦੇ ਤੌਰ ਤੇ ਰਾਸ਼ਟਰੀ ਪ੍ਰੀਰਖਣ ਏਜੰਸੀ ਦੀ ਸਥਾਪਨਾ ਕਰਨ ਦਾ ਵੀ ਪ੍ਰਸਤਾਵ ਪੇਸ਼ ਕੀਤਾ ਗਿਆ ਹੈ ਜੋ ਉੱਚ ਸਿੱਖਿਆ ਸੰਸਥਾਨਾਂ ਲਈ ਸਾਰੀਆਂ ਦਾਖਲਾ ਪ੍ਰੀਖਿਆਵਾਂ ਲਵੇਗੀ। ਇਹ ਬੱਚਿਆਂ ਤੇ ਮਾਪਿਆਂ ਦੇ ਸਿਰ ਤੋਂ ਦਬਾਅ ਅਤੇ ਤਣਾਅ ਦਾ ਖਾਤਮਾ ਕਰ ਦੇਵੇਗੀ ਜੋ ਉਹ ਵੱਖ-ਵੱਖ ਅਰਜ਼ੀਆਂ ਕਰਨ, ਬਹੁ-ਪ੍ਰੀਖਿਆਵਾਂ ਦੀ ਥਾਹ ਰੱਖਣ ਅਤੇ ਘੱਟੋ-ਘੱਟ ਇਕ ਪ੍ਰੀਖਿਆ ਵਿੱਚ ਚੰਗਾ ਕਰਨ ਲਈ ਭੁਗਤਦੇ ਹਨ। ਇਸ ਵਿੱਚ ਉਹ ਸਰੋਤ ਸ਼ਾਮਲ ਨਹੀਂ ਹਨ ਜੋ ਇਨ੍ਹਾਂ ਸਗਰਮੀਆਂ ਲਈ ਵਿੱਤੀ ਤੌਰ ਤੇ ਲੋੜੀਂਦੇ ਹੁੰਦੇ ਹਨ।**

ਇਸ ਮੁਕਾਮ ਉਤੇ ਯਕੀਨਨ ਹੀ ਮੈਂ ਅਜਿਹੀਆਂ ਯੋਜਨਾਵਾਂ ਵੇਖਣੀਆਂ ਚਾਹਵਾਂਗਾ ਜਿਸ ਨਾਲ ਫਰਾਨਹੋਫਰ ਮਾਡਲ ਉਤੇ ਅਧਾਰਤ ਸੰਸਥਾਨ ਸਥਾਪਤ ਕੀਤੇ ਜਾ ਸਕਣ – ਜਿਸ ਵਿੱਚ ਸਮਾਜ (ਸਾਡੇ ਮਾਮਲੇ ਵਿੱਚ ਨਿੱਜੀ-ਜਨਤਕ ਢਾਂਚਾ ਸਮਾਜ) ਆਪਣੀ 70 ਪ੍ਰਤਿਸ਼ਤ ਆਮਦਨੀ ਸੱਨਅਤਾਂ ਜਾਂ ਖਾਸ ਸਰਕਾਰੀ ਯੋਜਨਾਵਾਂ ਤੋਂ ਕਮਾਉਂਦਾ ਹੈ ਅਤੇ ਬਾਕੀ 30 ਪ੍ਰਤਿਸ਼ਤ ਬਜਟ 9:1 ਦੇ ਅਨੁਪਾਤ ਵਿੱਚ ਸੰਘੀ ਅਤੇ ਰਾਜ (ਭੂਮੀ) ਸਰਕਾਰੀ ਗਰਾਂਟਾਂ ਤੋਂ ਹਾਸਲ ਕੀਤਾ ਜਾਂਦਾ ਹੈ ਜਿਸ ਨੂੰ ਸ਼ੁਰੂਆਤੀ ਖੋਜ ਵਾਸਤੇ ਵਰਤਿਆ ਜਾਂਦਾ ਹੈ। ਇਸ ਪ੍ਰਕਾਰ ਸਮਾਜ ਦੇ ਬਜਟ ਦਾ ਅਕਾਰ ਜ਼ਿਆਦਾਤਰ ਇਸ ਵਲੋਂ ਦਲਾਲੀ ਤੋਂ ਵੱਧ ਤੋਂ ਵੱਧ ਆਮਦਨ ਪ੍ਰਾਪਤ ਕਰਨ ਦੀ ਸਫਲਤਾ ਉਤੇ ਨਿਰਭਰ ਕਰਦਾ ਹੈ। ਫੰਡਿੰਗ ਦਾ ਇਹ ਮਾਡਲ ਨਾ ਸਿਰਫ ਕੇਂਦਰੀ ਸਮਾਜ ਉਤੇ ਲਾਗੂ ਹੁੰਦਾ ਹੈ ਸਗੋਂ ਵਿਅਕਤੀਗਤ ਸੰਸਥਾਨਾਂ ਉਤੇ ਵੀ ਲਾਗੂ ਹੁੰਦਾ ਹੈ। ਇਸ ਨਾਲ ਫਰਾਨਹੋਫਰ ਸਮਾਜ ਦੀ ਪ੍ਰਯੋਗਾਤਮਕ ਖੋਜ ਵਾਸਤੇ ਆਗੂ ਬਣਨ ਲਈ ਰਣਨੀਤਕ ਸੇਧ ਅਤੇ ਨਾਲ ਹੀ ਲਚਕੀਲੀ, ਖੁਦਮੁਖਤਿਆਰ ਅਤੇ ਉੱਦਮੀ ਪਹੁੰਚ ਦਾ ਸੁਪਨਾ ਪੂਰਾ ਕਰਨ ਵਿੱਚ ਮਦਦ ਮਿਲਦੀ ਹੈ ਜੋ ਸਮਾਜ ਦੀਆਂ ਖੋਜ ਤਰਜੀਹਾਂ ਹਨ। ਇਸ ਤੋਂ ਇਲਾਵਾ, ਭਾਰਤ ਵਿੱਚ ਮੈਕਸ ਪਲੈਨਕ ਸੰਸਥਾਵਾਂ ਵਰਗੀ ਬੁਨਿਆਦੀ ਸ਼ੁਰੂਆਤ ਵੀ ਚੰਗੇ ਨਤੀਜੇ ਦੇਵੇਗੀ। ਇਸ ਦੇ ਮੁਢਲੇ ਟੀਚੇ ਮੁਤਾਬਕ, ਮੈਕਸ ਪਲੈਨਕ ਸੋਸਾਇਟੀ ਕੁਦਰਤੀ, ਜੀਵਨ ਅਤੇ ਸਮਾਜਕ ਵਿਗਿਆਨ ਦੇ ਖੇਤਰਾਂ, ਕਲਾਵਾਂ ਅਤੇ ਮਨੁੱਖਤਾ ਬਾਰੇ ਆਪਣੇ 83 ਮੈਕਸ ਪਲੈਨਕ ਸੰਸਥਾਨਾਂ ਵਿੱਚ ਬੁਨਿਆਦੀ ਖੋਜ ਨੂੰ ਉਤਸ਼ਾਹਿਤ ਕਰਦੀ ਹੈ ਜਿਸ ਦਾ ਕੇਂਦਰ ਬਿੰਦੂ ਖੋਜ ਦੇ ਖੇਤਰ ਵਿੱਚ ਉੱਤਮਤਾ ਹੈ। ਜਦ ਕਿ ਇਹ ਸੰਸਥਾਨ ਆਜ਼ਾਦਾਨਾ ਤੌਰ ਤੇ ਕੰਮ ਕਰਦੇ ਹਨ, ਪਰ ਤਾਂ ਵੀ ਇਨ੍ਹਾਂ ਦਾ ਵਿਸ਼ਵ ਵਿਦਿਆਲਿਆਂ ਨਾਲ ਨਜ਼ਦੀਕੀ ਸਹਿਯੋਗ ਰਹਿੰਦਾ ਹੈ। ਉਹ ਨਵੀਨਤਮ ਖੋਜ ਉਤੇ ਧਿਆਨ ਕੇਂਦਰਿਤ ਕਰਦੇ ਹਨ ਜੋ ਅੰਤਰ-ਵਿਸ਼ੇ ਜਾਂ ਬਹੁ-ਵਿਸ਼ਿਆਂ ਦੀ ਕਿਸਮ ਕਾਰਨ ਵਿਸ਼ਵਵਿਦਿਆਲੇ ਦੇ ਢਾਂਚੇ ਵਿੱਚ ਸੂਤ ਨਹੀਂ ਬੈਠਦਾ ਜਾਂ ਜਿਨ੍ਹਾਂ ਲਈ ਸਰੋਤਾਂ ਦੀ ਲੋੜ ਹੁੰਦੀ ਹੈ, ਜੋ ਰਾਜਾਂ ਦੇ ਵਿਸ਼ਵਵਿਦਿਆਲਿਆਂ ਵਲੋਂ ਮੁਹੱਈਆ ਕਰਵਾਉਣੇ ਔਖੇ ਹਨ।

ਸਾਨੂੰ ਇਕ ਸਥਾਈ ਵਾਤਾਵਰਨ ਪ੍ਰਣਾਲੀ ਦੀ ਵੀ ਲੋੜ ਹੈ ਜੋ ਭਾਰਤ ਦੀ ਨੌਜਵਾਨ ਪੀੜ੍ਹੀ ਅਤੇ ਸਾਰੇ ਖੇਤਰਾਂ ਨੂੰ ਸੱਨਅਤ ਨੂੰ ਅੰਤਰਰਾਸ਼ਟਰੀ ਮਿਆਰਾਂ ਦਾ ਹੁਨਰ ਵਿਕਸਤ ਕਰਨ ਵਿੱਚ ਮਦਦ ਕਰੇਗੀ। ਸਾਨੂੰ ਦੇਸ਼ ਭਰ ਵਿੱਚ ਹੁਨਰ ਅਧਾਰਤ ਸਿਖਲਾਈ ਦੇਣ ਲਈ ਨੈੱਟਵਰਕ ਦੀ ਲੋੜ ਹੈ ਜੋ ਵੱਖ-ਵੱਖ ਪੱਧਰ ਦੀ ਕਾਮਾ-ਸ਼ਕਤੀ ਵਿਕਸਤ ਕਰਨ ਵਿੱਚ ਸਹਾਈ ਹੋਵੇਗੀ (ਜੰਗਾਲ, ਨੀਲੀ, ਸਲੇਟੀ ਅਤੇ ਚਿੱਟੀ) ਜਿਸ ਨਾਲ ਕਾਮਿਆਂ ਨੂੰ ਉਪਰ ਵਧਣ ਵਿੱਚ ਮਦਦ ਮਿਲੇਗੀ। ਇਹ ਸਾਨੂੰ ਚਰਚਾ ਦੇ ਅਗਲੇ ਭਾਗ ਵੱਲ ਲੈ ਕੇ ਜਾਂਦਾ ਹੈ – ਕਿੱਤਾ-ਮੁਖੀ ਸਿੱਖਿਆ ਅਤੇ ਹੁਨਰ ਵਿਕਾਸ ਸੰਸਥਾਵਾਂ ਦੀ ਜ਼ਿਆਦਾ ਲੋੜ ਦਾ ਹੱਲ ਕਰਨਾ। ਕਿੱਤਾ-ਮੁਖੀ ਸਿੱਖਿਆ ਅਤੇ ਸਿਖਲਾਈ (ਵੀ ਈ ਟੀ) ਦੇਸ਼ ਦੀ ਸਿੱਖਿਆ ਪਹਿਲਕਦਮੀ ਦਾ ਇਕ ਮਹੱਤਵਪੂਰਨ ਅੰਗ ਹੈ। ਬਦਲਦੇ ਰਾਸ਼ਟਰੀ ਸੰਦਰਭ ਵਿੱਚ ਕਿੱਤਾ ਮੁਖੀ ਸਿੱਖਿਆ ਵਲੋਂ ਪ੍ਰਭਾਵੀ ਭੂਮਿਕਾ ਨਿਭਾਉਣ ਅਤੇ ਭਾਰਤ ਵਲੋਂ ਜਨਸੰਖਿਅਕ ਲਾਭ ਦਾ ਫਲ ਚੱਖਣ ਲਈ ਸਰਕਾਰ ਵਲੋਂ ਕਿੱਤਾ-ਮੁਖੀ ਸਿੱਖਿਆ ਅਤੇ ਸਿਖਲਾਈ ਦੇਣ ਲਈ ਇਸ ਦੇ ਅਹਿਮ ਅੰਗਾਂ ਨੂੰ ਹੁਨਰ-ਪਰਿਭਾਸ਼ਿਤ ਕਰਨ ਦੀ ਫੌਰੀ ਲੋੜ ਮਹਿਸੂਸ ਕੀਤੀ ਗਈ ਹੈ ਤਾਂ ਕਿ ਇਸ ਨੂੰ ਲਚਕੀਲੀ, ਸਮਕਾਲੀ, ਪ੍ਰਸੰਗਿਕ, ਸਮਾਵੇਸ਼ੀ ਅਤੇ ਰਚਨਾਤਮਕ ਬਣਾਇਆ ਜਾ ਸਕੇ।

ਇਹ ਬਜਟ ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਚਾਰਾਂ ਨੂੰ ਅਮਲ ਵਿੱਚ ਲਿਆਉਣ ਲਈ ਮੁੜ ਤੋਂ ਮਜ਼ਬੂਤੀ ਦਿੰਦਾ ਹੈ। ਇਸ ਲਈ ਪ੍ਰਧਾਨ ਮੰਤਰੀ ਕੌਸ਼ਲ ਕੇਂਦਰਾਂ ਨੂੰ ਦੇਸ਼ ਭਰ ਦੇ 600 ਹੋਰ ਜ਼ਿਲ੍ਹਿਆਂ ਤੱਕ ਵਧਾਇਆ ਗਿਆ ਹੈ। ਇਸ ਵਿੱਚ ਅੱਗੇ ਦੇਸ਼ ਭਰ ਵਿੱਚ 100 ਇੰਡੀਆ ਇੰਟਰਨੈਸ਼ਨਲ ਸਕਿੱਲ ਸੈਂਟਰ ਸਥਾਪਤ ਕਰਨ ਦਾ ਪ੍ਰਸਤਾਵ ਹੈ ਜਿਸ ਤਹਿਤ 'ਸੰਕਲਪ' (ਐੱਸ ਏ ਐੱਨ ਕੇ ਏ ਐੱਲ ਪੀ) – ਹੁਨਰ ਪ੍ਰਾਪਤੀ ਅਤੇ ਰੋਜ਼ੀ-ਰੋਟੀ ਪ੍ਰੋਤਸਾਹਨ ਪ੍ਰੋਗਰਾਮ ਲਈ ਗਿਆਨ ਦੀ ਜਾਗਰੂਕਤਾ ਪ੍ਰੋਗਰਾਮ 4000 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਜਾਵੇਗਾ। ਇਸ ਦੇ ਲਈ 3.5 ਕਰੋੜ ਨੌਜਵਾਨਾਂ ਨੂੰ ਬਾਜ਼ਾਰ ਪ੍ਰਸੰਗਿਕ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ। ਆਓ, ਕੁੱਝ ਅੰਕੜਿਆਂ ਉਤੇ ਨਜ਼ਰ ਮਾਰੀਏ :

- 2012 ਵਿੱਚ ਕਾਮਿਆਂ ਦੀ ਗਿਣਤੀ 474.1 ਮਿਲੀਅਨ ਸੀ ਜੋ ਚੀਨ ਤੋਂ ਬਾਅਦ ਸਭ ਤੋਂ ਵੱਧ ਸੀ।
- 94 ਪ੍ਰਤਿਸ਼ਤ ਤੋਂ ਜ਼ਿਆਦਾ ਕਾਮੇ ਅਨਿਗਮਤ, ਅਸੰਗਠਿਤ ਉੱਦਮਾਂ ਵਿੱਚ ਕੰਮ ਕਰਦੇ ਹਨ ਜਿਨ੍ਹਾਂ ਵਿੱਚ ਠੇਲਾ ਚਲਾਉਣ ਵਾਲੇ, ਘਰ ਤੋਂ ਕੰਮ ਕਰਨ ਵਾਲੇ ਹੀਰੇ ਅਤੇ ਜਵਾਹਰਾਂ ਦੀ ਪਾਲਿਸ਼ ਕਰਨ ਵਾਲੇ ਖੇਤਰ ਸ਼ਾਮਲ ਹਨ ਜੋ ਸਮਾਜਕ ਸੁਰੱਖਿਆ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਰੋਜ਼ਗਾਰ ਲਾਭ ਪ੍ਰਦਾਨ ਨਹੀਂ ਕਰਦੇ।
- ਸੰਗਠਿਤ ਖੇਤਰ ਵਿੱਚ ਸਰਕਾਰ, ਰਾਜਾਂ ਦੀ ਮਾਲਕੀ ਵਾਲੇ ਉੱਦਮ ਅਤੇ ਨਿੱਜੀ ਖੇਤਰ ਦੇ ਉੱਦਮਾਂ ਵਿੱਚ ਕੰਮ ਕਰਦੇ ਕਾਮੇ ਸ਼ਾਮਲ ਹਨ।
- ਭਾਰਤ ਦੀ 60 ਪ੍ਰਤਿਸ਼ਤ ਕਾਮਾਸ਼ਕਤੀ ਸਵੈ-ਰੋਜ਼ਗਾਰ ਵਾਲੀ ਹੈ, ਜਿਨ੍ਹਾਂ ਵਿੱਚੋਂ ਬਹੁਤੇ ਕਾਫੀ ਗਰੀਬ ਰਹਿ ਜਾਂਦੇ ਹਨ।
- ਲਗਭਗ 30 ਪ੍ਰਤਿਸ਼ਤ ਆਰਜ਼ੀ ਕਾਮੇ ਹਨ ਜਦ ਕਿ ਸਿਰਫ 10 ਪ੍ਰਤਿਸ਼ਤ ਕਾਮੇ ਹੀ

ਨਿਯਮਤ ਹਨ, ਜਿਨ੍ਹਾਂ ਵਿੱਚੋਂ ਪੰਜ ਵਿੱਚੋਂ ਦੋ ਜਨਤਕ ਖੇਤਰ ਵਿੱਚ ਕਾਰਜਰਤ ਹਨ।

- ਭਾਰਤ ਦੀ ਪ੍ਰਤਿ ਵਿਅਕਤੀ ਆਮਦਨ ਅਤੇ ਉਤਪਾਦਕਤਾ ਸਭ ਤੋਂ ਹੇਠਲੇ ਪੱਧਰਾਂ ਵਿੱਚੋਂ ਇਕ ਹੈ। ਜਾਪਾਨ ਦੀ ਪ੍ਰਤਿ ਵਿਅਕਤੀ ਆਮਦਨ 30,000 ਡਾਲਰ ਹੈ, ਸ੍ਰੀਲੰਕਾ ਦੀ 879 ਡਾਲਰ ਜਦ ਕਿ ਭਾਰਤ ਦੀ ਸਿਰਫ 433 ਡਾਲਰ ਹੈ। ਮੌਜੂਦਾ ਸਮੇਂ ਭਾਰਤ ਦੀ ਪ੍ਰਤਿ ਵਿਅਕਤੀ ਆਮਦਨ ਵਿਕਸਤ ਦੇਸ਼ਾਂ ਦੀ ਪ੍ਰਤਿ ਵਿਅਕਤੀ ਆਮਦਨ ਦਾ 7.5 ਪ੍ਰਤਿਸ਼ਤ ਹੈ। ਮਾਹਰਾਂ ਦੇ ਮੁਤਾਬਕ ਇਸ ਨੂੰ ਅੱਧੀ ਸਦੀ ਵਿੱਚ 80 ਪ੍ਰਤਿਸ਼ਤ ਤੱਕ ਲਿਜਾਉਣ ਦੀ ਲੋੜ ਹੈ।

- ਸਾਡੀ 55 ਪ੍ਰਤਿਸ਼ਤ ਤੋਂ ਵੱਧ ਜਨਸੰਖਿਆ ਖੇਤੀ ਖੇਤਰ ਉਤੇ ਨਿਰਭਰ ਹੈ ਅਤੇ ਇਸ ਖੇਤਰ ਦਾ ਕੁੱਲ ਘਰੇਲੂ ਉਤਪਾਦ ਵਿੱਚ ਯੋਗਦਾਨ ਲਗਾਤਾਰ ਘਟ ਰਿਹਾ ਹੈ, ਅਸੀਂ ਵੇਖ ਰਹੇ ਹਾਂ ਕਿ ਪਿੰਡਾਂ ਤੋਂ ਸ਼ਹਿਰਾਂ ਵੱਲ ਪ੍ਰਵਾਸ ਬਹੁਤ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ।

ਇਸ ਮੁਕਾਮ ਉਤੇ 'ਸੰਕਲਪ' ਦੀ ਬੇਹਤਰ ਯੋਜਨਾਬੰਦੀ ਅਤੇ ਅਮਲ ਦੀ ਲੋੜ ਹੈ ਤਾਂ ਕਿ ਇਨ੍ਹਾਂ ਚਿੰਤਾਵਾਂ ਦਾ ਪ੍ਰਭਾਵੀ ਹੱਲ ਕੱਢਿਆ ਜਾ ਸਕੇ। ਇਸ ਤੋਂ ਬਿਨਾਂ, ਇੰਡਸਟ੍ਰੀਅਲ ਵੈਲਿਊ ਐਨਹੈਂਸਮੈਂਟ ਲਈ ਹੁਨਰ ਦੀ ਮਜਬੂਤੀ (ਐੱਸ ਟੀ ਆਰ ਆਈ ਵੀ ਈ) ਵਾਸਤੇ 2017-18 ਲਈ, 2200 ਕਰੋੜ ਦੀ ਲਾਗਤ ਵਾਲੇ ਐਲਾਨ ਨੂੰ ਐੱਮ ਐੱਸ ਐੱਮ ਈ ਖੇਤਰ ਨਾਲ ਬੇਰੋਕ ਏਕੀਕ੍ਰਿਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਇਸ ਤੋਂ ਵੱਧ ਤੋਂ ਵੱਧ ਲਾਹਾ ਲਿਆ ਜਾ ਸਕੇ। ਕੁੱਝ ਵਰਣਨਯੋਗ ਵਾਧਿਆਂ ਵਿੱਚ ਚਮੜਾ ਅਤੇ ਜੁੱਤੀਆਂ ਦੀ ਸੱਨਅਤਾਂ ਵਿੱਚ, ਕੱਪੜਾ ਖੇਤਰ ਦੀ ਤਰਜ਼ ਉਤੇ ਰੋਜ਼ਗਾਰ ਪੈਦਾ ਕਰਨ ਵਾਲੀਆਂ ਯੋਜਨਾਵਾਂ ਦਾ ਐਲਾਨ ਸ਼ਾਮਲ ਹੈ। ਅਤੁੱਲ ਭਾਰਤ ਮੁਹਿੰਮ 2.0 ਪੂਰੇ ਵਿਸ਼ਵ ਵਿੱਚ ਸ਼ੁਰੂ ਕੀਤੀ ਜਾਵੇਗੀ ਤਾਂ ਕਿ ਸੈਰ-ਸਪਾਟਾ ਅਤੇ ਸਥਾਨਕ ਰੋਜ਼ਗਾਰ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਵਿਕਾਸਸ਼ੀਲ ਅਰਥਚਾਰਿਆਂ ਦੀ ਵਸੋਂ ਦਾ ਵੱਡਾ ਭਾਵ ਉਮਰ ਦਰਾਜ ਹੋ ਗਿਆ ਹੈ ਜਿਸਨਾਲ ਮੌਕਿਆਂ ਦਾ ਇਕ ਵੱਡਾ ਪਾੜਾ ਪੈਦਾ ਹੋ ਰਿਹਾ ਹੈ ਕਿਉਂਕਿ ਉਹ ਕਾਮਾ ਸ਼ਕਤੀ ਵਿੱਚੋਂ ਮਨਫ਼ੀ ਹੋ ਰਹੇ ਹਨ। ਇਸ ਪਾੜੇ ਨੂੰ ਭਰਨ ਲਈ ਭਾਰਤ ਦੌੜ ਵਿੱਚ ਸਭ ਤੋਂ ਅੱਗੇ ਹੋਣਾ ਚਾਹੀਦਾ ਹੈ। ਇਕ ਹਾਲੀਆ ਅਖ਼ਬਾਰੀ ਰਿਪੋਰਟ ਅਨੁਸਾਰ ਆਉਣ ਵਾਲੇ ਸਾਲਾਂ ਵਿੱਚ ਇਹ ਸੰਖਿਆ ਜਾਪਾਨ ਵਿੱਚ 8 ਮਿਲੀਅਨ, ਅਮਰੀਕਾ ਵਿੱਚ 17 ਮਿਲੀਅਨ ਅਤੇ ਕੁੱਲ ਯੂਰਪੀ ਜਨਸੰਖਿਆ ਦਾ ਲਗਭਗ 4 ਪ੍ਰਤਿਸ਼ਤ ਹੋਣ ਵਾਲੀ ਹੈ। ਜੇ ਭਾਰਤ ਨੇ ਇਸ ਨੂੰ ਨਜ਼ਰਅੰਦਾਜ਼ ਕੀਤਾ ਤਾਂ ਅਸੀਂ ਇਹ ਮੌਕੇ ਚੀਨ, ਸ੍ਰੀਲੰਕਾ ਅਤੇ ਏਸ਼ੀਆ ਦੇ ਦੂਜੇ ਵਿਕਸਤ ਹੋ ਰਹੇ ਅਰਥਚਾਰਿਆਂ ਨੂੰ ਗੁਆ ਦਿਆਂਗੇ।

## ਅੰਤਮ ਟਿੱਪਣੀਆਂ

ਪ੍ਰਧਾਨ ਮੰਤਰੀ ਮੋਦੀ ਵਲੋਂ ਡਿਜੀਟਲਕਰਨ ਉਤੇ ਜ਼ੋਰ ਦੇਣ ਦਾ ਨੌਜਵਾਨਾਂ ਉਤੇ ਵਿਆਪਕ ਪ੍ਰਭਾਵ ਪਵੇਗਾ, ਭਾਰਤ ਵਿੱਚ ਕਾਰੋਬਾਰ ਕਿਵੇਂ ਕੀਤਾ ਜਾਂਦਾ ਹੈ ਅਤੇ ਮੁੱਲ ਪ੍ਰਣਾਲੀਆਂ ਉਤੇ ਵੀ ਇਸ ਦਾ ਅਸਰ ਹੋਵੇਗਾ। ਕੁੱਝ ਹਾਂ-ਪੱਖੀ ਪਹਿਲਕਦਮੀਆਂ ਵਿੱਚ ਬਜਟ ਅੰਦਰ ਡਿਜੀਟਲ ਆਰਥਿਕਤਾ ਲਈ ਕੀਤੇ ਪ੍ਰਾਵਧਾਨ ਹਨ, ਜਿਵੇਂ ਕਿ ਭੀਮ ਐਪ ਜਾਂ ਵਿਅਕਤੀਆਂ ਲਈ ਰੈਫਰਲ ਬੋਨਸ ਸਕੀਮ ਅਤੇ ਵਪਾਰੀਆਂ ਲਈ ਕੈਸ਼ਬੈਕ ਸਕੀਮ। ਅਧਾਰ ਦੁਆਰਾ ਭੁਗਤਾਨ ਵੀ ਇਸ ਵਿੱਚ ਸ਼ਾਮਲ ਹੈ। ਇਥੋਂ ਤੱਕ ਕਿ 2017-18 ਲਈ ਯੂ ਪੀ ਆਈ, ਯੂ ਐੱਸ ਐੱਸ ਡੀ, ਅਧਾਰ ਭੁਗਤਾਨ, ਆਈ ਐੱਮ ਪੀ ਐੱਸ ਅਤੇ ਡੈਬਿਟ ਕਾਰਡਾਂ ਰਾਹੀਂ 2500 ਕਰੋੜ ਡਿਜੀਟਲ ਲੈਣ ਦੇਣ ਦਾ ਟੀਚਾ ਹਾਸਲ ਕਰਨ ਲਈ ਪ੍ਰਸਤਾਵਿਤ ਮੁਹਿੰਮ ਅਤੇ ਸਾਰੀਆਂ ਸਰਕਾਰੀ ਲੈਣਦਾਰੀਆਂ ਡਿਜੀਟਲ ਤਰੀਕੇ ਨਾਲ ਕਰਨ ਦਾ ਪ੍ਰਸਤਾਵ ਨਾ ਕੇਵਲ ਸਰਕਾਰ ਸਗੋਂ ਨਿੱਜੀ ਖੇਤਰ ਵਿੱਚ ਵੀ ਪਾਰਦਰਸ਼ਤਾ ਤੇ ਜਵਾਬਦੇਹੀ ਯਕੀਨੀ ਬਣਾਏਗਾ। ਇਸ ਦੇ ਨਾਲ ਹੀ ਨਵੀਆਂ ਨੌਕਰੀਆਂ ਅਤੇ ਹੁਨਰਮੰਦੀ ਦੇ ਮੌਕੇ ਵੀ ਪੈਦਾ ਹੋਣਗੇ।

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਮੈਕਸ ਪਲੈਨਕ ਜਾਂ ਫਰਾਨਹੋਫਰ ਸੰਸਥਾਵਾਂ ਵਰਗੇ ਮੌਕੇ ਏਕੀਕ੍ਰਿਤ ਖੋਜ ਅਤੇ ਮੇਕ ਇਨ ਇੰਡੀਆ, ਸਟਾਰਟ ਅੱਪ ਇੰਡੀਆ ਪਹਿਲਕਦਮੀਆਂ ਦਾ ਰਾਹ ਪੱਧਰਾ ਕਰਨਗੇ। ਉਤਪਾਦੀਕਰਨ ਲਈ ਮੇਕ ਇਨ ਇੰਡੀਆ ਕੇਂਦਰ ਜੋ ਰੱਖਿਆ, ਰੇਲ ਅਤੇ ਬੁਨਿਆਦੀ ਢਾਂਚੇ ਆਦਿ ਵੱਖ-ਵੱਖ ਖੇਤਰਾਂ ਵਿੱਚ ਨਵੇਂ ਉਤਪਾਦਾਂ ਨੂੰ ਬਹੁਤ ਉਤਸ਼ਾਹਿਤ ਕਰ ਸਕਦਾ ਸੀ, ਉਹ ਇਸ ਬਜਟ ਦਾ ਮੁੱਖ ਆਕਰਸ਼ਣ ਹੋ ਸਕਦਾ ਸੀ।

ਮੈਂ ਨਿੱਜੀ ਤੌਰ ਤੇ ਸਾਡੇ ਸਕੂਲਾਂ ਅਤੇ ਕਾਲਜਾਂ ਵਿੱਚ ਹੁਨਰ ਅਤੇ ਸਿੱਖਿਆ ਨੂੰ ਏਕੀਕ੍ਰਿਤ ਕਰਨ ਲਈ ਹੋਰ ਯੋਜਨਾਵਾਂ ਵੇਖਣ ਦਾ ਇਛੁੱਕ ਸੀ, ਜਿਸ ਨਾਲ ਰਸਮੀ ਸਿੱਖਿਆ ਪ੍ਰਣਾਲੀ ਤੋਂ ਕਿੱਤਾਮੁਖੀ ਸਿੱਖਿਆ ਪ੍ਰਣਾਲੀ ਅਤੇ ਨੌਕਰੀ ਬਾਜ਼ਾਰਾਂ ਵੱਲ ਜਾਣ ਲਈ ਬਹੁ-ਬਿੰਦੂ ਦਾਖਲਾ ਅਤੇ ਨਿਕਾਸ ਪ੍ਰਦਾਨ ਕੀਤਾ ਜਾ ਸਕਦਾ ਸੀ। ਹੋਰ, ਸਰਕਾਰ ਦੀਆਂ ਸਾਰੇ ਹੁਨਰ ਅਧਾਰਤ ਪਹਿਲਕਦਮੀਆਂ ਨੂੰ ਏਕੀਕ੍ਰਿਤ ਕਰਨ ਲਈ ਇਕ ਨੈਸ਼ਨਲ ਸਕਿਲ ਯੂਨੀਵਰਸਿਟੀ ਦੀ ਸਥਾਪਨਾ ਕਰਨਾ ਤਾਂ ਕਿ ਨਿਵੇਸ਼ ਉਤੇ ਮਿਲਣ ਵਾਲੇ ਲਾਭਾਂ ਨੂੰ ਵੱਧ ਤੋਂ ਵੱਧ ਕੀਤਾ ਜਾ ਸਕੇ, ਇਕ ਮਹੱਤਵਪੂਰਨ ਪਹਿਲਕਦਮੀ ਹੋ ਸਕਦੀ ਸੀ।

ਨੌਜਵਾਨਾਂ ਦੇ ਸ਼ਕਤੀਕਰਨ ਲਈ ਵੱਖ-ਵੱਖ ਪਹਿਲਕਦਮੀਆਂ ਵਿੱਚ, ਚਿੰਤਾ ਦਾ ਵਿਸ਼ਾ ਇਹ ਵੇਖਣਾ ਹੋਵੇਗਾ ਕਿ 2012 ਤੋਂ, ਕੁੱਲ ਘਰੇਲੂ ਉਤਪਾਦ ਦੇ ਪੈਮਾਨੈ ਉਤੇ ਸਿੱਖਿਆ ਲਈ ਖਰਚਾ ਲਾਗਾਤਾਰ ਹੇਠਾਂ ਜਾ ਰਿਹਾ ਹੈ ਜਦ ਕਿ ਨੌਜਵਾਨਾਂ ਦੀ ਵਸੋਂ ਲਗਾਤਾਰ ਵਧ ਰਹੀ ਹੈ।

**ਮੇਰਾ ਮੰਨਣਾ ਹੈ ਕਿ ਸਰਕਾਰ ਨੂੰ ਭਾਰਤ ਦੇ ਵਿਕਾਸ ਅਤੇ ਭਵਿੱਖ ਲਈ ਨਾਗਰਿਕਾਂ ਵਾਸਤੇ ਮਨਜ਼ੂਰਸ਼ੁਦਾ ਐਲਾਨਨਾਮੇ ਦਾ ਨਿਰਮਾਣ ਕਰਨ ਲਈ ਇਕ ਨਵਾਂ ਅਧਿਆਏ ਲਿਖਣਾ ਹੋਵੇਗਾ ਜਿਸ ਵਿੱਚ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਨਾਲ ਉਨ੍ਹਾਂ ਦੇ ਫਰਜ਼ਾਂ ਬਾਰੇ ਵੀ ਬਿਆਨ ਕੀਤਾ ਜਾਵੇ। ਇਸ ਗਤੀਸ਼ੀਲਤਾ ਨੂੰ ਬਣਾਈ ਰੱਖਣ ਲਈ ਨਾਗਰਿਕਾਂ ਨੂੰ ਵੀ ਜਾਇਜ਼ ਦੌਲਤ ਦੇ ਨਿਰਮਾਣ ਅਤੇ ਆਪਣੀਆਂ ਨੈਤਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਤਨ ਮਨ ਨਾਲ ਸ਼ਮੂਲੀਅਤ ਕਰਨੀ ਪਵੇਗੀ। ਕਿਉਂਕਿ ਜ਼ਿੰਮੇਵਾਰੀ ਦਾ ਭਾਰ ਅਗਲੀ ਪੀੜ੍ਹੀ ਨੂੰ ਸੌਂਪ ਦਿੱਤਾ ਗਿਆ ਹੈ, ਇਹ ਨੋਟ ਕਰਨਾ ਮਹੱਤਵਪੂਰਨ ਹਵੇਗਾ ਕਿ ਜ਼ਿਆਦਾ ਤਾਕਤ ਦੇ ਨਾਲ ਵਧੇਰੇ ਜ਼ਿੰਮੇਵਾਰੀ ਵੀ ਆਉਂਦੀ ਹੈ।**

*(ਲੇਖਕ ਉੱਘੇ ਵਿਦਵਾਨ ਹਨ। ਉਹ 2009 ਤੋਂ 2015 ਤੱਕ ਕੇਂਦਰੀ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰਾਲੇ ਦੇ ਤਕਨੀਕੀ ਸਿੱਖਿਆ ਬਾਰੇ ਸਰਬ ਭਾਰਤੀ ਕੌਂਸਲ ਵਿੱਚ ਚੇਅਰਮੈਨ ਰਹੇ)*

*e-mail :ssmantha@vjti.org.in*

# ਕੇਂਦਰੀ ਬਜਟ 2017-18 : ਉਤਪਾਦਕਤਾ ਅਤੇ ਰੋਜ਼ਗਾਰ ਵਾਧੇ ਦੀ ਮਜ਼ਬੂਤੀ ਲਈ

ਅਰੂਪ ਮਿੱਤਰਾ

ਉਦਯੋਗਿਕ ਵਿਕਾਸ ਅਤੇ ਰੋਜ਼ਗਾਰ ਨਿਰਮਾਣ ਇਸ ਸਰਕਾਰ ਦੇ ਪ੍ਰਮੁੱਖ ਉਦੇਸ਼ਾਂ ਵਿੱਚ ਆਉਂਦੇ ਹਨ। ਭਾਰਤ, ਜਾਂ ਕਿਸੇ ਵੀ ਵਿਕਾਸਸ਼ੀਲ ਦੇਸ਼ ਲਈ, ਆਪਣੇ ਉਦਯੋਗਿਕ ਖੇਤਰ ਨੂੰ ਪੁਨਰ ਜੀਵਤ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਕੱਲਾ ਸੇਵਾਵਾਂ ਦਾ ਖੇਤਰ ਅਸਿੱਖਿਅਤ ਅਤੇ ਅਰਧ-ਸਿੱਖਿਅਤ ਕਾਮਾ ਸ਼ਕਤੀ ਨੂੰ ਜਜ਼ਬ ਨਹੀਂ ਕਰ ਸਕਦਾ। ਦੂਸਰੇ ਪਾਸੇ ਖੇਤੀਬਾੜੀ ਖੇਤਰ ਵਿੱਚ ਰੋਜ਼ਗਾਰ ਦੀ ਵੱਡੀ ਕਮੀ ਹੈ, ਉਦਯੋਗਿਕ ਖੇਤਰ ਵਿੱਚ ਕੁੱਲ ਉਤਪਾਦਕਤਾ ਵਿਕਾਸ ਤਕਨਾਲੋਜੀ ਦੀ ਤਰੱਕੀ ਨਾਲ ਕਾਫੀ ਵਧਾਇਆ ਜਾ ਸਕਦਾ ਹੈ ਜੋ ਗ਼ੈਰ-ਨਿਵੇਸ਼ ਮੁਖੀ ਵਿਕਾਸ ਵਿੱਚ ਯੋਗਦਾਨ ਪਾਵੇਗਾ। ਜੇ ਤਕਨਾਲੋਜੀ ਨਵੀਨਤਾ ਨੂੰ ਪੂੰਜੀ ਮੁਖੀ ਵੀ ਮੰਨ ਲਿਆ ਜਾਵੇ, ਹਾਲੀਆ ਖੋਜ (ਵਿਵਾਰੈਲੀ, 2013) ਅਜਿਹੇ ਬਹੁਤ ਸਾਰੇ ਚੈਨਲ ਦਿਖਾਉਂਦੀ ਹੈ ਜਿਨ੍ਹਾਂ ਰਾਹੀ ਰੋਜ਼ਗਾਰ ਵਿੱਚ ਪ੍ਰਾਪਤੀਆਂ ਕਰਨੀਆਂ ਅਸਲ ਵਿੱਚ ਸੰਭਵ ਹਨ। ਉਤਪਾਦ ਭਿੰਨਤਾ, ਨਵੇਂ ਉਤਪਾਦਾਂ ਅਤੇ ਉਤਪਾਦਾਂ ਦਾ ਨਿਰਮਾਣ ਜੋ ਪੂੰਜੀ ਅਤੇ ਸਮੱਗਰੀ ਵਿੱਚ ਅਨੁਪਾਤ ਵਾਧੇ ਤੋਂ ਬਿਨਾਂ ਅਤੇ ਹੋਰ ਮਹੱਤਵਪੂਰਨ ਨਵੀਂ ਤਕਨਾਲੋਜੀ ਨੂੰ ਵੱਡੇ ਪੱਧਰ ਉਤੇ ਅਪਣਾਉਣ ਨਾਲ ਰੋਜ਼ਗਾਰ ਵਿੱਚ ਵਾਧਾ ਹੋ ਸਕਦਾ ਹੈ। ਇਸ ਲਈ ਉਤਪਾਦਕਤਾ ਵਾਧਾ ਅਤੇ ਰੋਜ਼ਗਾਰ ਵਾਧਾ ਨਾਲੋ-ਨਾਲ ਹਾਸਲ ਕੀਤਾ ਜਾ ਸਕਦਾ ਹੈ ਅਤੇ ਜ਼ਰੂਰੀ ਨਹੀਂ ਇਨ੍ਹਾਂ ਵਿੱਚ ਸਮਝੌਤਾ ਕਰਨਾ ਪਵੇ। ਇਸ ਪਿੱਠਭੂਮੀ ਵਿੱਚ 2017-18 ਦੇ ਬਜਟ ਉਤੇ ਫੌਰੀ ਨਜ਼ਰ ਮਾਰਨਾ ਦਿਲਚਸਪ ਹੋਵੇਗਾ ਤਾਂ ਕਿ ਛੋਟੀ ਮਿਆਦ ਦੇ ਪ੍ਰਭਾਵ ਅਤੇ ਉਨ੍ਹਾਂ ਦੇ ਲੰਮੀ ਮਿਆਦ ਦੇ ਟੀਚਿਆਂ ਉਤੇ ਪੈਣ ਵਾਲੇ ਅਸਰ ਨੂੰ ਸਮਝਿਆ ਜਾ ਸਕੇ।

ਕੁੱਝ ਹੀ ਸਮਾਂ ਪਹਿਲਾਂ ਨੋਟਬੰਦੀ ਦੀ ਇਤਿਹਾਸਕ ਘਟਨਾ ਵਾਪਰੀ। ਘੱਟ ਸਮੇਂ ਦੌਰਾਨ ਇਸ ਦਾ ਵਿਕਾਸ ਉਤੇ ਮਾੜਾ ਅਸਰ ਪੈਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਜਿਸ ਨਾਲ ਬੇਰੋਜ਼ਗਾਰੀ ਵਿੱਚ ਵਾਧਾ ਹੋਵੇਗਾ। ਗ਼ੈਰ-ਖੇਤੀ ਨਿਵੇਸ਼ ਤੇ ਸ਼ਹਿਰੀ ਖੇਤਰਾਂ ਵਿੱਚ ਹੋਣ ਵਾਲੇ ਵਿਕਾਸ ਉਤੇ ਇਸ ਦਾ ਸਭ ਤੋਂ ਵੱਧ ਅਸਰ ਪਵੇਗਾ ਜਿਸ ਨਾਲ ਸ਼ਹਿਰੀ ਬੇਰੋਜ਼ਗਾਰੀ ਦਰ ਅਤੇ ਨੌਕਰੀਆਂ ਨਾ ਮਿਲਣ ਵਿੱਚ ਵਾਧਾ ਹੋਵੇਗਾ। ਨਿਵੇਸ਼, ਵਿਕਾਸ ਅਤੇ ਰੋਜ਼ਗਾਰ ਦੇ ਸੰਦਰਭ ਵਿੱਚ ਸਭ ਤੋਂ ਜ਼ਿਆਦਾ ਮਾਰ, ਨਿਰਮਾਣ ਅਤੇ ਸੇਵਾਵਾਂ ਦੇ ਖੇਤਰ ਵਿੱਚ, ਦਰਮਿਅਨੇ ਅਤੇ ਛੋਟੇ ਉੱਦਮਾਂ ਉਤੇ ਪਵੇਗੀ। ਪਰ ਵੱਡੇ ਉੱਦਮ ਵੀ ਪੂਰੀ ਤਰ੍ਹਾਂ ਜੋਖ਼ਮ ਤੋਂ ਬਾਹਰ ਨਹੀਂ ਹਨ। ਕਿਉਂਕਿ ਬਹੁਤ ਸਾਰੀਆਂ ਇਕਾਈਆਂ ਨਿਯਮਾਂ ਤੋਂ ਲਾਂਭੇ ਜਾਣ ਅਤੇ ਵਪਾਰ ਕਰਨ ਲਈ ਰਿਸ਼ਵਤ ਦਾ ਸਹਾਰਾ ਲੈਂਦੀਆਂ ਹਨ। ਨਿਵੇਸ਼ ਵਿੱਚ ਕਟੌਤੀ ਦਾ ਪਹਿਲਾ ਨਾਂਹਮੁਖੀ ਅਸਰ ਹਮੇਸ਼ਾ ਮਜ਼ਦੂਰਾਂ ਦੀ ਮੰਗ ਵਿੱਚ ਕਮੀ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਅਜਿਹਾ ਇਸ ਲਈ, ਕਿਉਂਕਿ ਠੇਕਾ ਪ੍ਰਥਾ ਦੇ ਯੁਗ ਵਿੱਚ ਸਿਰਫ ਮਜ਼ਦੂਰੀ ਹੀ ਇਕ ਅਜਿਹਾ ਨਿਵੇਸ਼ ਹੈ ਜੋ ਬਾਕੀ ਨਿਵੇਸ਼ ਦੇ ਮੁਕਾਬਲੇ ਅਤਿਅੰਤ ਸੰਗੀਨ ਹਾਲਤ ਦਾ ਸ਼ਿਕਾਰ ਹੁੰਦੀ ਹੈ। ਇਸ ਲਈ ਹੇਠਾਂ ਵੱਲ ਜਾ ਰਹੇ ਬਾਜ਼ਾਰੀ ਰੁਝਾਨ ਨਾਲ ਨਜਿੱਠਣ ਲਈ ਮਜ਼ਦੂਰੀ ਲਾਗਤ ਵਿੱਚ ਕਟੌਤੀ ਕਰਨਾ ਉੱਦਮੀਆਂ ਲਈ ਸਭ ਤੋਂ ਸੌਖਾ ਰਾਹ ਹੈ (ਜਿਸ ਨੂੰ ਅਮਲ ਵਿੱਚ ਲਿਆਉਣਾ ਵੀ ਸੰਭਵ ਹੈ)। ਦਿਹਾਤੀ ਖੇਤਰਾਂ ਵਿੱਚ ਬੇਰੋਜ਼ਗਾਰੀ ਵਧਣ ਦਾ ਵੀ ਡਰ ਪ੍ਰਗਟਾਇਆ ਜਾ ਰਿਹਾ ਹੈ ਕਿਉਂਕਿ ਖੇਤੀ ਖੇਤਰ ਜ਼ਿਆਦਾ ਮਜ਼ਦੂਰਾਂ ਨੂੰ ਜਜ਼ਬ ਕਰਨ ਦੀ ਹਾਲਤ ਵਿੱਚ ਨਹੀ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਪਿੰਡਾਂ ਵਿੱਚ ਗ਼ੈਰ-ਖੇਤੀ ਖੇਤਰ ਵੱਲ ਰੁਖ ਕਰਦੇ ਹਨ, ਜਿਥੇ ਕਾਰੋਬਾਰ ਕਰਨ ਲਈ ਪ੍ਰਤਿ ਦਿਨ ਨਕਦੀ ਦੀ ਜ਼ਰੂਰਤ ਪੈਂਦੀ ਹੈ। ਇਸ ਕਰਕੇ ਦਿਹਾਤੀ ਗ਼ੈਰ-ਖੇਤੀ ਖੇਤਰ ਦਾ ਵਿਕਾਸ ਅਤੇ ਰੋਜ਼ਗਾਰ ਨੋਟਬੰਦੀ ਦੇ ਅਸਰ ਤੋਂ ਬਚ ਨਹੀਂ ਸਕਦੇ। ਪਰ ਇਹ ਜ਼ਿਆਦਾ ਵਧਾ-ਚੜ੍ਹਾਅ ਕੇ ਕੀਤੀ ਗੱਲ ਵੀ ਹੋ ਸਕਦਾ ਹੈ ਕਿਉਂਕਿ ਆਖਰ ਨੂੰ ਕਾਰੋਬਾਰ ਵਿੱਚ ਵੱਡੀ ਪੱਧਰ ਉਤੇ ਲੈਣ ਦੇਣ ਕੀਤਾ ਜਾਂਦਾ ਹੈ ਜੋ ਕਾਲਪਨਿਕ ਹੁੰਦਾ ਹੈ ਅਤੇ ਜਿਸ ਵਿੱਚ ਸਮੇਂ ਦਾ ਕਾਫੀ ਅੰਤਰਾਲ ਵੀ ਸ਼ਾਮਲ ਹੁੰਦਾ ਹੈ। ਇਸ ਲਈ, ਵਿਵਸਥਾ ਤੰਤਰ ਨੋਟਬੰਦੀ ਕਰਕੇ ਵਿਕਾਸ ਦੀ ਰਫ਼ਤਾਰ ਮੱਠੀ ਕਰਨ ਦੇ ਪੱਖ ਨੂੰ ਬੇਅਸਰ ਕਰ ਸਕਦੇ ਹਨ। ਸੱਤਰਵਿਆਂ ਵਿੱਚ ਵਾਪਰੇ ਬੈਂਕਾਂ ਦੇ ਰਾਸ਼ਟਰੀਕਰਨ ਵਾਂਗ ਨੋਟਬੰਦੀ ਵੀ ਜ਼ਰੂਰੀ ਸੀ ਜਿਸ ਨੂੰ ਕਰਨ ਵਿੱਚ ਕਾਫੀ ਦੇਰ ਹੋ ਗਈ। ਇਹ ਅਚਾਨਕ ਹੀ ਕੀਤਾ ਜਾਣਾ ਸੀ, ਨਹੀਂ ਤਾਂ ਇਸ ਦਾ ਉਦੇਸ਼ ਹੀ ਖਤਮ ਹੋ ਜਾਣਾ ਸੀ। ਅਲਪ-ਕਾਲੀ ਸੰਭਵ ਨੁਕਸਾਨਾਂ ਨੂੰ ਧਿਆਨ ਵਿੱਚ ਰੱਖਦਿਆਂ ਕੇਂਦਰੀ ਬਜਟ ਵਿੱਚ ਮਗਨਰੇਗਾ ਲਈ ਸਭ ਤੋਂ ਵੱਧ ਆਵੰਟਨ ਕੀਤਾ ਗਿਆ ਹੈ ਤਾਂ ਕਿ ਫੌਰੀ ਕਦਮ ਦੇ ਤੌਰ ਤੇ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ। ਇਸ ਰੋਜ਼ਗਾਰ ਜ਼ਾਮਨੀ ਯੋਜਨਾ ਦੀ ਇਕ ਘੜੀ-ਘੜਾਈ ਆਲੋਚਨਾ ਇਹ ਸੀ ਕਿ ਇਹ ਬਹੁਤ ਅਸਾਸੇ ਪੈਦਾ ਨਹੀਂ ਕਰਦੀ ਜੋ ਭਵਿੱਖੀ ਵਿਕਾਸ ਵਿੱਚ ਯੋਗਦਾਨ ਪਾ ਸਕਣ। ਪਰ, ਕੇਂਦਰੀ ਬਜਟ ਮਗਨਰੇਗਾ ਕੰਮਾਂ ਦੀ ਯੋਜਨਾਬੰਦੀ ਲਈ ਪੁਲਾੜੀ ਤਕਨੀਕ ਦਾ ਇਕ ਨਵਾਂ ਪੱਖ ਲੈ ਕੇ ਆਇਆ ਹੈ ਤਾਂ ਕਿ ਵਿੱਤੀ ਵਰ੍ਹੇ ਦੇ ਆਖਰ ਵਿੱਚ ਆ ਕੇ ਕੰਮ ਦਾ ਆਵੰਟਨ ਨਾ ਕੀਤਾ ਜਾਵੇ ਜਦੋਂ ਕਾਹਲੀ ਵਿੱਚ ਖਰਚਾ ਕਰਨਾ ਹੁੰਦਾ ਹੈ, ਤਾਂ ਕਿ ਆਵੰਟਨ ਵਾਪਸ ਨਾ ਚਲੇ ਜਾਣ। 2017-18 ਦੌਰਾਨ ਇਹ ਪ੍ਰਸਤਾਵਿਤ ਕੀਤਾ ਗਿਆ ਕਿ ਸੋਕੇ ਦੇ ਹਾਲਾਤ ਉਤੇ ਕਾਬੂ ਪਾਉਣ ਲਈ ਹੋਰ ਪੰਜ ਲੱਖ ਤਾਲਾਬਾਂ ਦਾ ਨਿਰਮਾਣ ਕੀਤਾ ਜਾਵੇਗਾ ਜੋ ਇਸ ਸਿੰਜਾਈ

ਯੋਜਨਾ ਨੂੰ ਮਗਨਰੇਗਾ ਯੋਜਨਾ ਨਾਲ ਜੋੜ ਦਿੱਤਾ ਜਾਂਦਾ ਹੈ ਤਾਂ ਇਹ ਖੇਤੀਬਾੜੀ ਵਿਕਾਸ ਦੇ ਨੁਕਤੇ ਤੋਂ ਲਾਭਕਾਰੀ ਹੋਣ ਦੇ ਨਾਲ-ਨਾਲ ਬਹੁਤ ਹੀ ਪ੍ਰਭਾਵੀ ਰਣਨੀਤੀ ਹੋਵੇਗੀ। ਦਿਹਾਤੀ, ਖੇਤੀ ਅਤੇ ਸਹਾਇਕ ਖੇਤਰਾਂ ਲਈ 2017-18 ਵਾਸਤੇ ਕੁੱਲ ਆਵੰਟਨ ਪਿਛਲੇ ਸਾਲ ਦੇ ਅੰਕੜਿਆਂ ਨਾਲੋਂ 24 ਪ੍ਰਤਿਸ਼ਤ ਜ਼ਿਆਦਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਦਿਹਾਤੀ ਬੇਰੋਜ਼ਗਾਰੀ, ਘੱਟ ਰੋਜ਼ਗਾਰ ਅਤੇ ਗਰੀਬੀ ਵਰਗੇ ਮੁੱਦਿਆਂ ਨਾਲ ਸਰਕਾਰ ਪਹਿਲ ਦੇ ਆਧਾਰ ਉਤੇ ਸਿੱਝਣ ਲਈ ਵਚਨਬੱਧ ਹੈ।

ਪ੍ਰਧਾਨ ਮੰਤਰੀ ਰੋਜ਼ਗਾਰ ਨਿਰਮਾਣ ਅਤੇ ਰਿਣ ਸਹਾਇਤਾ ਯੋਜਨਾਵਾਂ ਲਈ ਆਵੰਟਨ ਵਿੱਚ ਤਿੰਨ ਗੁਣਾ ਵਾਧਾ ਕੀਤਾ ਗਿਆ ਹੈ। ਪੀ ਐੱਮ ਈ ਜੀ ਪੀ ਮੁੱਖ ਤੌਰ ਤੇ ਰਿਣ ਨਾਲ ਜੁੜੀ ਸਬਸਿਡੀ ਯੋਜਨਾ ਹੈ ਜਿਸ ਵਿੱਚ ਦਿਹਾਤੀ ਰੋਜ਼ਗਾਰ ਨਿਰਮਾਣ ਯੋਜਨਾ (ਆਰ ਈ ਜੀ ਪੀ) ਅਤੇ ਪ੍ਰਧਾਨ ਮੰਤਰੀ ਰੋਜ਼ਗਾਰ ਯੋਜਨਾ (ਪੀ ਐੱਮ ਆਰ ਵਾਈ) ਦੋਵੇਂ ਸ਼ਾਮਲ ਹਨ। ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਬਾਰੇ ਮੰਤਰਾਲਾ ਇਸ ਯੋਜਨਾ ਦਾ ਪ੍ਰਬੰਧਨ ਕਰਦਾ ਹੈ ਜਿਸ ਨੂੰ ਖਾਦੀ ਅਤੇ ਪਿੰਡ ਉਦਯੋਗ ਆਯੋਗ (ਕੇ ਵੀ ਆਈ ਸੀ) ਵਲੋਂ ਅਮਲ ਵਿੱਚ ਲਿਆਇਆ ਜਾਂਦਾ ਹੈ। ਰਾਜ ਪੱਧਰ ਉਤੇ ਖਾਦੀ ਅਤੇ ਪਿੰਡ ਉਦਯੋਗ ਆਯੋਗ ਡਾਇਰੈਕਟੋਰੇਟ ਇਸ ਯੋਜਨਾ ਨੂੰ ਚਲਾਉਂਦੇ ਹਨ। ਇਸ ਯੋਜਨਾ ਦਾ ਮੁੱਖ ਉਦੇਸ਼ ਸਵੈ-ਰੋਜ਼ਗਾਰ ਉੱਦਮਾਂ, ਸੂਖਮ ਉੱਦਮਾਂ ਅਤੇ ਦੂਜੇ ਪ੍ਰਾਜੈਕਟਾਂ ਰਾਹੀਂ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਨੌਕਰੀਆਂ ਪੈਦਾ ਕਰਨਾ ਹੈ। ਦੋਹਰਾ ਉਦੇਸ਼ ਪੇਂਡੂ ਕਾਰੀਗਰੀ ਦੀ ਰਵਾਇਤ ਨੂੰ ਵਾਪਸ ਲਿਆਉਣਾ ਅਤੇ ਸ਼ਹਿਰੀ ਨੌਜਵਾਨਾਂ ਦੀ ਸਹਾਇਤਾ ਕਰਨਾ ਹੈ ਜੋ ਆਮ ਕਰਕੇ ਨੌਕਰੀਆਂ ਲੱਭਣ ਦੇ ਕਾਬਲ ਨਹੀਂ ਹੁੰਦੇ। ਇਸ ਯੋਜਨਾ ਦਾ ਟੀਚਾ ਨਿਰੰਤਰ ਅਤੇ ਸਥਾਈ ਤਰੀਕੇ ਨਾਲ ਰੋਜ਼ਗਾਰ ਪ੍ਰਦਾਨ ਕਰਨਾ ਅਤੇ ਲਾਭਪਾਤਰੀਆਂ ਦੀ ਕਮਾਈ ਕਰਨ ਦੀ ਸਮਰੱਥਾ ਵਿੱਚ ਵਾਧਾ ਕਰਨਾ ਹੈ।

ਰਾਸ਼ਟਰੀ ਪੱਧਰ ਉਤੇ ਡਿਜੀਟਲ ਹੋਣ ਦੇ ਪ੍ਰੋਗਰਾਮ ਦੇ ਕਦਮ ਨਾਲ ਕਦਮ ਮਿਲਾਉਂਦਿਆਂ ਬਜਟ ਵਿੱਚ ਬਲ ਦਿੱਤਾ ਗਿਆ ਹੈ ਕਿ ਡਿਜੀਟਲ ਲੈਣ-ਦੇਣ ਛੋਟੇ ਅਤੇ ਲਘੂ ਉੱਦਮਾਂ ਨੂੰ ਰਸਮੀ ਰਿਣ ਹਾਸਲ ਕਰਨ ਵਿੱਚ ਮਦਦ ਕਰੇਗਾ। ਇਸ ਨਾਲ ਇਨ੍ਹਾਂ ਇਕਾਈਆਂ ਦੀ ਉਤਪਾਦਕਤਾ ਵਿੱਚ ਵਾਧਾ ਹੋਵੇਗਾ ਅਤੇ ਇਹ ਰਾਸ਼ਟਰੀ ਕੁੱਲ ਘਰੇਲੂ ਉਤਪਾਦ ਵਿੱਚ ਅਰਥਪੂਰਨ ਹਿੱਸਾ ਪਾ ਸਕਣਗੇ। ਇਹ ਅਨੁਮਾਨਿਤ ਨਤੀਜੇ ਹਨ ਜਿਸ ਨਾਲ ਇਹ ਉੱਦਮ ਨੋਟਬੰਦੀ ਦੇ ਮਾੜੇ ਅਸਰ ਤੋਂ ਬਾਹਰ ਆ ਸਕਣਗੇ। ਛੋਟੇ ਅਤੇ ਲਘੂ ਉੱਦਮਾਂ ਦੀ ਸੰਖਿਆ ਬਹੁਤ ਜ਼ਿਆਦਾ ਹੈ ਜਦ ਕਿ ਉਨ੍ਹਾਂ ਦਾ ਯੋਗਦਾਨ ਬਹੁਤ ਨਿਗੂਣਾ ਜਿਹਾ ਹੈ। ਗ਼ੈਰ-ਪੰਜੀਕ੍ਰਿਤ ਨਿਰਮਾਣ ਇਕਾਈਆਂ ਦੀ ਮਿਸਾਲ ਲੈ ਲਈਏ - ਕੁੱਲ ਨਿਰਮਾਣ ਵਿੱਚ ਉਨ੍ਹਾਂ ਦੀ ਹਿੱਸੇਦਾਰੀ ਇਕ ਤਿਹਾਈ ਦੇ ਲਗਭਗ ਹੈ। ਦੇਸ਼ ਨੂੰ ਡਿਜੀਟਲ ਕਰਨ ਦੇ ਸੰਦਰਭ ਤੋਂ ਉਨ੍ਹਾਂ ਨੂੰ ਪੁਨਰ ਜੀਵਤ ਕਰਨ ਦਾ ਕਦਮ ਦਿਲਚਸਪੀ ਵਾਲਾ ਹੈ ਖ਼ਾਸ ਕਰਕੇ ਜੇ ਅਸੀਂ ਇਹ ਗੱਲ ਦਿਮਾਗ ਵਿੱਚ ਰੱਖੀਏ ਕਿ ਇਕੱਲਾ ਸੰਗਠਿਤ ਨਿਰਮਾਣ ਮਜ਼ਦੂਰਾਂ ਦੀ ਮੰਗ ਅਤੇ ਪੂਰਤੀ ਦੇ ਅਸਾਵੇਂਪਨ ਨੂੰ, ਵੱਡੇ ਤਰੀਕੇ ਨਾਲ ਹੱਲ ਨਹੀਂ ਕਰ ਸਕਦਾ। ਕਰਾਂ ਤੋਂ ਬਚਣ ਲਈ ਬਹੁਤ ਸਾਰੇ ਉੱਦਮ, ਆਪਣੀਆਂ ਸਰਗਰਮੀਆਂ ਨੂੰ ਇਕ ਤੋਂ ਵੱਧ ਇਕਾਈਆਂ ਵਿੱਚ ਵੰਡ ਕੇ, ਗ਼ੈਰ-ਪੰਜੀਕ੍ਰਿਤ/ਗ਼ੈਰ-ਰਸਮੀ ਖੇਤਰ ਵਿੱਚ ਹੀ ਬਣੇ ਰਹਿਣਾ ਚਾਹੁੰਦੇ ਹਨ। ਡਿਜੀਟਲ ਹੋਣ ਨਾਲ ਸੁਦ੍ਰਿੜ੍ਹੀਕਰਨ ਹੋਵੇਗਾ ਜਿਸ ਨਾਲ ਕਰਾਂ ਦੀ ਵਸੂਲੀ ਵਧੇਗੀ ਜਦ ਕਿ ਹਾਸ਼ੀਏ ਉਤੇ ਜਾ ਚੁੱਕੀਆਂ ਇਕਾਈਆਂ ਆਪਣੀ ਵਿੱਤੀ ਵਿਹਾਰਕਤਾ ਅਤੇ ਕਾਰਗੁਜ਼ਾਰੀ ਵਿੱਚ ਸੁਧਾਰ ਕਰ ਸਕਦੀਆਂ ਹਨ। ਜਿਨ੍ਹਾਂ ਕੋਲ ਡੈਬਿਟ ਕਾਰਡ ਜਾਂ ਮੋਬਾਈਲ ਫ਼ੋਨ ਨਹੀਂ ਹਨ, ਉਨ੍ਹਾਂ ਲਈ ਵਪਾਰੀ ਵਲੋਂ ਦਿੱਤੀ ਜਾਣ ਵਾਲੀ ਅਧਾਰ ਅਧਾਰਤ ਭੁਗਤਾਨ ਪ੍ਰਣਾਲੀ ਜਾਰੀ ਕਰਨ ਦਾ ਪ੍ਰਸਤਾਵ ਹੈ।

ਛੋਟੀਆਂ ਕੰਪਨੀਆਂ ਜਿਨ੍ਹਾਂ ਦਾ ਕਾਰੋਬਾਰ 50 ਕਰੋੜ ਜਾਂ ਇਸ ਤੋਂ ਘੱਟ ਹੈ, ਨੂੰ ਘੱਟ ਟੈਕਸ (25 ਪ੍ਰਤਿਸ਼ਤ) ਦੇਣਾ ਪਵੇਗਾ। ਇਸ ਕਰਕੇ ਆਧੁਨਿਕ ਛੋਟੇ ਪੱਧਰ ਦੇ ਉਦਯੋਗਾਂ ਵਲੋਂ ਜ਼ਿਆਦਾ ਨਿਵੇਸ਼ ਕੀਤੇ ਜਾਣ ਦੀ ਉਮੀਦ ਹੈ। ਇਸ ਪ੍ਰਕਿਰਿਆ ਦੌਰਾਨ ਉਦਯੋਗਿਕ ਵਿਕਾਸ ਅਤੇ ਰੋਜ਼ਗਾਰ ਵਿੱਚ ਵਾਧਾ ਹੋਣ ਦੀ ਵੀ ਆਸ ਹੈ। ਦੂਜੇ ਪਾਸੇ, ਵਿਦੇਸ਼ੀ ਨਿਵੇਸ਼ ਜੋ ਆਧੁਨਿਕ ਤਕਨਾਲੋਜੀ ਆਪਣੇ ਨਾਲ ਲੈ ਕੇ ਆਉਂਦਾ ਹੈ, ਨੂੰ ਬਜਟ ਵਿੱਚ ਕਾਫੀ ਧਿਆਨ ਵਿੱਚ ਰੱਖਿਆ ਗਿਆ ਹੈ। ਇਸ ਤੱਥ ਦੇ ਚੱਲਦਿਆਂ ਕਿ 90 ਪ੍ਰਤਿਸ਼ਤ ਸਿੱਧਾ ਵਿਦੇਸ਼ੀ ਨਿਵੇਸ਼ ਸਵੈਚਾਲਿਤ ਤਰੀਕੇ ਨਾਲ ਪ੍ਰਸਤਾਵਿਤ ਹੁੰਦਾ ਹੈ ਅਤੇ ਵਿਦੇਸ਼ੀ ਨਿਵੇਸ਼ ਪ੍ਰੋਤਸਾਹਨ ਬੋਰਡ ਨੂੰ ਖਤਮ ਕਰ ਦਿੱਤਾ ਗਿਆ ਹੈ, ਇਸ ਨਾਲ ਆਰਥਿਕ ਸਰਗਰਮੀਆਂ ਨੂੰ ਕਾਫੀ ਹੁਲਾਰਾ ਮਿਲਣ ਦੀ ਆਸ ਹੈ ਜਿਸ ਵਿੱਚ ਨੌਕਰਸ਼ਾਹੀ ਵਲੋਂ ਕੀਤੀ ਜਾਣ ਵਾਲੀ ਦੇਰੀ ਦੀ ਮਜ਼ਬੂਰੀ ਸ਼ਾਮਲ ਨਹੀਂ ਹੋਵੇਗੀ। ਸਿੱਧੇ ਵਿਦੇਸ਼ੀ ਨਿਵੇਸ਼ ਵਿੱਚ 36 ਪ੍ਰਤਿਸ਼ਤ ਵਾਧਾ ਹੋਣ ਨਾਲ ਨਿਵੇਸ਼ ਨੂੰ ਹੁਲਾਰਾ ਮਿਲੇਗਾ ਅਤੇ ਵੱਡੇ ਪੱਧਰ ਉਤੇ ਰੋਜ਼ਗਾਰ ਪੈਦਾ ਹੋਵੇਗਾ।

ਟੀ ਐੱਫ ਪੀ ਜੀ ਬਾਰੇ ਸਾਡੀ ਖੋਜ ਦੇ ਸੰਦਰਭ ਵਿੱਚ, ਉਦਯੋਗਿਕ ਖੇਤਰ ਵਿੱਚ ਉਤਪਾਦਕਤਾ ਵਿਕਾਸ ਲਈ ਬਹੁਤ ਸਾਰੇ ਪੱਖਾਂ ਦੀ ਨਿਰਧਾਰਕ ਵਜੋਂ ਪਛਾਣ ਕੀਤੀ ਗਈ ਹੈ। ਇਨ੍ਹਾਂ ਵਿੱਚ ਵਪਾਰਕ ਖੁੱਲ੍ਹਾਪਨ, ਢੇਰ ਸਾਰੀਆਂ ਆਰਥਿਕਤਾਵਾਂ, ਬੁਨਿਆਦੀ ਢਾਂਚਾ ਅਤੇ ਆਈ ਸੀ ਟੀ ਅਤੇ ਨਵੀਨਤਾ ਚਾਰ ਪ੍ਰਮੁੱਖ ਜੋੜ ਹਨ। ਨਵੀਨਤਾ ਇਕ ਹੋਰ ਪਰਿਵਰਤਨ ਹੈ ਜੋ ਉਤਪਾਦਕਤਾ ਨੂੰ ਵਧਾ ਸਕਦਾ ਹੈ। ਨਵੀਨਤਾ ਨਾਲ ਤਕਨਾਲੋਜੀ ਦਾ ਉੱਚਾ ਪੱਧਰ ਹਾਸਲ ਕੀਤਾ ਜਾਂਦਾ ਹੈ ਜੋ ਅੱਗੇ ਵਿਕਾਸ ਦੇ ਗ਼ੈਰ-ਨਿਵੇਸ਼ ਮੁਖੀ ਅੰਗ ਵਿੱਚ ਵਾਧਾ ਕਰਦਾ ਹੈ। ਸਾਹਿਤ ਵਿੱਚ ਬੁਨਿਆਦੀ ਢਾਂਚੇ ਨੂੰ ਵੱਡਾ ਮਹੱਤਵ ਦਿੱਤਾ ਜਾਂਦਾ ਹੈ। ਮਿਸਾਲ ਦੇ ਤੌਰ ਤੇ, ਜਨਤਕ ਬੁਨਿਆਦੀ ਢਾਂਚੇ ਨੂੰ ਇਕ ਅਹਿਮ ਅੰਗ ਮੰਨਿਆ ਜਾਂਦਾ ਹੈ, ਜਿਸ ਨਾਲ ਉਤਪਾਦਨ ਤੇ ਬਾਹਰੀ ਆਰਥਿਕਤਾਵਾਂ ਦੀ ਮਾਤਰਾ ਦੇ ਅੰਗਾਂ ਨਾਲ ਪੂਰਕ ਸੰਬੰਧਾਂ ਦੇ ਚਲਦਿਆਂ ਉਤਪਾਦਕਤਾ ਅਤੇ ਤਕਨੀਕੀ ਕਾਰਜ ਕੁਸ਼ਲਤਾ ਵਿੱਚ ਵਾਧਾ ਹੁੰਦਾ ਹੈ। ਕਾਮਾ ਸ਼ਕਤੀ ਦੀ ਮਾੜੀ ਰੋਜ਼ਗਾਰ ਯੋਗਤਾ ਨੂੰ ਨਿਵੇਸ਼ ਅਤੇ ਰੋਜ਼ਗਾਰ ਵਾਧੇ ਵਿੱਚ ਵੱਡਾ ਅੜਿੱਕੇ ਵਜੋਂ ਵੇਖਿਆ ਜਾਂਦਾ ਹੈ। ਸਮੇਂ ਨਾਲ ਇਸ ਅਸਾਵੇਂਪਨ ਵਿੱਚ ਵਾਧਾ ਹੋਇਆ ਹੈ, ਖ਼ਾਸ ਕਰਕੇ ਨਿਰਮਾਣ ਖੇਤਰ ਵਿੱਚ (ਮਿੱਤਰਾ 2013)। ਕੇਂਦਰੀ ਬਜਟ ਵਿਧੀ ਪੂਰਵਕ ਇਨ੍ਹਾਂ ਮੁਸ਼ਕਲਾਂ ਦਾ ਹੱਲ ਕਰਦਾ ਹੈ। ਬਜਟ ਮੁਤਾਬਕ ਸਰਕਾਰ ਆਉਣ ਵਾਲੇ 2017-18 ਦੇ ਮਾਲੀ ਸਾਲ ਅੰਦਰ ਸੰਕਲਪ ਨਾਮਕ ਯੋਜਨਾ ਸ਼ੁਰੂ ਕਰੇਗੀ (ਰੋਜ਼ੀ ਕਮਾਉਣ ਨੂੰ ਉਤਸ਼ਾਹਿਤ ਕਰਨ ਦੇ ਪ੍ਰੋਗਰਾਮ ਲਈ ਹੁਨਰ ਪ੍ਰਾਪਤੀਆਂ ਅਤੇ ਗਿਆਨ ਜਾਗਰੂਕਤਾ)। ਇਸ ਦੀ ਲਾਗਤ 4000 ਕਰੋੜ ਰੁਪਏ ਆਵੇਗੀ। ਸਰਕਾਰ ਵਲੋਂ ਸ਼ੁਰੂ ਕੀਤੇ ਗਏ 'ਸੰਕਲਪ' ਪ੍ਰੋਗਰਾਮ ਤਹਿਤ ਲਗਭਗ 3.5 ਕਰੋੜ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾਵੇਗੀ। 'ਸੰਕਲਪ' ਯੋਜਨਾ ਵਿੱਚ ਨੌਜਵਾਨਾਂ ਨੂੰ ਬਾਜ਼ਾਰ ਨਾਲ ਪ੍ਰਸੰਗਿਕ

ਸਿਖਲਾਈ ਪ੍ਰਦਾਨ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਕੌਸ਼ਲ ਕੇਂਦਰਾਂ ਨੂੰ 600 ਜ਼ਿਲ੍ਹਿਆਂ ਤੱਕ ਵਧਾਇਆ ਜਾਵੇਗਾ, ਲੋਕਾਂ ਦੀ ਸਹਾਇਤਾ ਲਈ 1000 ਅੰਤਰਰਾਸ਼ਟਰੀ ਹੁਨਰ ਕੇਂਦਰ ਖੋਲ੍ਹੇ ਜਾਣਗੇ। ਕੌਸ਼ਲ ਕੇਂਦਰ ਸਮਾਜਕ, ਭਾਈਚਾਰਕ ਹੁਨਰ ਕੇਂਦਰਾਂ ਵਜੋਂ ਸਥਾਪਤ ਕੀਤੇ ਜਾ ਰਹੇ ਹਨ ਜੋ ਪੇਂਡੂ ਵਸੋਂ ਨੂੰ ਧਿਆਨ ਵਿੱਚ ਰੱਖ ਕੇ ਖੋਲ੍ਹੇ ਜਾ ਰਹੇ ਹਨ। ਇਨ੍ਹਾਂ ਵਿੱਚ ਪ੍ਰਯੋਗਸ਼ਾਲਾ, ਡਿਜੀਟਲ ਪੁਸਤਕਾਲਾ, ਸਮੀਖਿਆ ਅਤੇ ਕਰੀਅਰ ਮਾਰਗ-ਦਰਸ਼ਨ ਹੁਨਰ ਕਮਰੇ ਦੀਆਂ ਸਹੂਲਤਾਂ ਮੌਜੂਦ ਹੋਣਗੀਆਂ। ਇਸ ਸਾਰੇ ਕੁੱਝ ਨਾਲ ਰੋਜ਼ਗਾਰ ਯੋਗਤਾ ਵਿੱਚ ਸੁਧਾਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ।

ਦੇਸ਼ ਭਰ ਵਿੱਚ ਸਥਾਪਤ ਕੀਤੇ ਜਾਣ ਵਾਲੇ ਭਾਰਤ ਅੰਤਰਰਾਸ਼ਟਰੀ ਹੁਨਰ ਕੇਂਦਰਾਂ (ਆਈ ਆਈ ਐੱਸ ਸੀ) ਦਾ ਸੰਕਲਪ ਸਚਮੁਚ ਦਿਲਚਸਪੀ ਵਾਲਾ ਹੈ ਕਿਉਂਕਿ ਇਹ ਕੇਂਦਰ ਵਿਦੇਸ਼ੀ ਭਾਸ਼ਾਵਾਂ ਵਿੱਚ ਆਧੁਨਿਕ ਸਿਖਲਾਈ ਅਤੇ ਪਾਠਕ੍ਰਮ ਪੇਸ਼ ਕਰਨਗੇ। ਇਸ ਨਾਲ ਉਨ੍ਹਾਂ ਲੋਕਾਂ ਨੂੰ ਮਦਦ ਮਿਲੇਗੀ ਜੋ ਦੇਸ਼ ਤੋਂ ਬਾਹਰ ਨੌਕਰੀ ਦੇ ਮੌਕਿਆਂ ਦੀ ਭਾਲ ਵਿੱਚ ਹਨ। ਉਦਯੋਗਿਕ ਸਿਖਲਾਈ ਕੇਂਦਰਾਂ (ਆਈ ਟੀ ਆਈ) ਵਿੱਚ ਸਿਖਿਆਰਥੀਆਂ ਨੂੰ ਦਿੱਤੀ ਜਾਂਦੀ ਸਿਖਲਾਈ ਦੀ ਗੁਣਵੱਤਾ ਦੀ ਕਾਫੀ ਆਲੋਚਨਾ ਕੀਤੀ ਜਾਂਦੀ ਹੈ। 'ਮੱਧ ਪੂਰਬ ਦੇ ਕਿਸੇ ਦੇਸ਼ ਵਿੱਚ ਪਲੰਬਰ ਨੂੰ ਕੰਮ ਲਈ ਭੇਜਣ ਤੋਂ ਪਹਿਲਾਂ ਭਰਤੀ ਕਰਨ ਵਾਲੀ ਏਜੰਸੀ ਨੂੰ ਦੁਬਾਰਾ ਸਿਖਲਾਈ ਦੇਣੀ ਪੈਂਦੀ ਹੈ। ਇਸ ਪੱਖੋਂ ਹਾਲੀਆ ਕਦਮ ਬਹੁਤ ਹੀ ਉਤਸ਼ਾਹ ਵਧਾਉਣ ਵਾਲਾ ਹੈ; ਇਸ ਨਾਲ ਵੱਖ-ਵੱਖ ਦੇਸ਼ਾਂ ਅੰਦਰ ਮਜ਼ਦੂਰ ਆ ਜਾ ਸਕਣਗੇ ਜਿਸ ਨਾਲ ਘਰੇਲੂ ਬਾਜ਼ਾਰ ਵਿੱਚ ਵਾਧੂ ਪੂਰਤੀ ਘੱਟ ਹੋਵੇਗੀ ਅਤੇ ਦੂਜੇ ਪਾਸੇ ਭੁਗਤਾਨ ਰਾਹੀਂ ਦੇਸ਼ ਅੰਦਰ ਵਿਦੇਸ਼ੀ ਸਿੱਕੇ ਦੀ ਕਮਾਈ ਦੀ ਆਮਦ ਵਿੱਚ ਕਾਫੀ ਵਾਧਾ ਹੋਵੇਗਾ। ਬਾਹਰੋਂ ਆਉਣ ਵਾਲਾ ਪੈਸਾ ਪਿੱਛੇ ਦੇਸ਼ ਵਿੱਚ ਰਹਿਣ ਵਾਲੇ ਰਿਸ਼ਤੇਦਾਰਾਂ ਦੀ ਭਲਾਈ ਲਈ ਵਰਤੇ ਜਾਣ ਵਿੱਚ ਯੋਗਦਾਨ ਪਾਉਂਦਾ ਹੈ। ਬਾਹਰੋਂ ਭੇਜੇ ਜਾਣ ਵਾਲੇ ਪੈਸੇ ਨੂੰ, ਪ੍ਰਕਿਰਿਆ ਨੂੰ ਹੁਲਾਰਾ ਦੇਣ ਵਾਲੇ ਤੰਤਰ ਰਾਹੀਂ, ਉਤਪਾਦਕ ਅਸਾਮੀਆਂ ਦਾ ਨਿਰਮਾਣ ਕਰਨ ਲਈ ਕਿਵੇਂ ਵਰਤਿਆ ਜਾ ਸਕਦਾ ਹੈ, ਇਹ ਭਵਿੱਖ ਵਿੱਚ ਨੀਤੀ ਖਰੜੇ ਦਾ ਹਿੱਸਾ ਹੋ ਸਕਦਾ ਹੈ। ਪਹਿਲੇ ਕਦਮ ਵਜੋਂ, ਸਰਕਾਰ ਵਲੋਂ ਚੁੱਕਿਆ ਜਾਣ ਵਾਲਾ ਇਹ ਸਪੱਸ਼ਟ ਕਦਮ ਰੋਜ਼ਗਾਰ ਯੋਗ ਕਾਮਾ ਸ਼ਕਤੀ ਦਾ ਨਿਰਮਾਣ ਕਰੇਗਾ ਜੋ ਵਿਸ਼ਵੀ ਮਿਆਰਾਂ ਦੇ ਹਾਣ ਦੀ ਹੋਵੇਗੀ ਜੋ ਸਥਾਨਕ ਅਤੇ ਅਗਾਂਹਵਧੂ ਗਤੀਸ਼ੀਲਤਾ ਵਿੱਚ ਯੋਗਦਾਨ ਪਾਵੇਗਾ। ਇਹ ਸਰਕਾਰ ਦੀ ਦੀਰਘਕਾਲੀ ਅਗਾਂਹਵਧੂ ਸੋਚ ਦਾ ਲਖਾਇਕ ਹੈ। ਬੁਨਿਆਦੀ ਢਾਂਚੇ ਲਈ ਵੱਡੇ ਆਵੰਟਨ ਕੀਤੇ ਗਏ ਹਨ। ਇਸ ਨਾਲ ਰੋਜ਼ਗਾਰ ਵੀ ਪੈਦਾ ਹੋਵੇਗਾ ਕਿਉਂਕਿ ਵਿਆਪਕ ਬੁਨਿਆਦੀ ਢਾਂਚੇ ਦੀ ਉਸਾਰੀ ਦੀ ਰਣਨੀਤੀ ਦੇ ਨਾਲ-ਨਾਲ ਖੇਤਰੀ ਪਹਿਲੂਆਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ ਤਾਂ ਜ਼ਿਆਦਾ ਵਧੀਆ ਨਤੀਜਿਆਂ ਦੀ ਆਸ ਕੀਤੀ ਜਾ ਸਕਦੀ ਹੈ। ਸਮੇਂ ਦੇ ਨਾਲ ਖੇਤਰੀ ਗ਼ੈਰ-ਬਰਾਬਰੀਆਂ ਵਿੱਚ ਵਾਧਾ ਹੋਇਆ ਹੈ। ਸਾਰੇ ਰਾਜਾਂ ਵਿੱਚ ਆਰਥਿਕ ਵਿਕਾਸ ਦੇ ਮਾਮਲੇ ਵਿੱਚ ਸ਼ਮੂਲੀਅਤ ਦੀ ਬਜਾਇ ਵਿਖੇਪਤਾ ਵਧ ਰਹੀ ਹੈ। ਖੇਤਰੀ ਗ਼ੈਰ-ਬਰਾਬਰੀ ਉਤੇ ਕਾਬੂ ਪਾਉਣ ਵਾਲਾ ਸਭ ਤੋਂ ਪ੍ਰਭਾਵੀ ਤਰੀਕਾ ਪਛੜੇ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਹੁਲਾਰਾ ਦੇਣਾ ਹੈ। ਬੇਸ਼ਕ, ਅਸੀਂ ਸਮਝਦੇ ਹਾਂ ਕਿ ਕੇਂਦਰੀਕਰਨ ਨਾਲ ਢੇਰ ਸਾਰੀਆਂ ਆਰਥਿਕਤਾਵਾਂ ਪੈਦਾ ਹੁੰਦੀਆਂ ਹਨ ਅਤੇ ਢੇਰ ਸਾਰੀਆਂ ਆਰਥਿਕਤਾ ਦੇ ਮਾਮਲੇ ਵਿੱਚ ਲਾਭ ਲੈਣ ਲਈ ਉਨ੍ਹਾਂ ਖੇਤਰਾਂ ਵਿੱਚ ਜ਼ਿਆਦਾ ਨਿਵੇਸ਼ ਕਰਨਾ ਹੋਵੇਗਾ ਜੋ ਪੂਰੀ ਤਰ੍ਹਾਂ ਨਾਲ ਨਜ਼ਰ ਅੰਦਾਜ਼ ਕੀਤੇ ਜਾਂਦੇ ਹਨ ਅਤੇ ਮਿਸਾਲ ਦੇ ਤੌਰ ਤੇ ਸੱਨਅਤੀਕਰਨ ਬਹੁਤ ਜ਼ਿਆਦਾ ਖੇਤਰ ਮੁਖੀ ਹੋਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਨਾਲ ਖੇਤਰੀ ਤਣਾਅ ਪੈਦਾ ਹੁੰਦੇ ਹਨ। ਇਨ੍ਹਾਂ ਸਮੱਸਿਆਵਾਂ ਉਤੇ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਬੁਨਿਆਦੀ ਢਾਂਚੇ ਦੀ ਉਸਾਰੀ ਕਰਨ ਵੇਲੇ ਜ਼ਿਆਦਾ ਖੇਤਰੀ ਪਹੁੰਚ ਅਪਣਾਈ ਜਾਵੇ। ਉੱਤਰ-ਪੂਰਬ ਵਿੱਚ ਸੱਨਅਤੀ ਕਰਨ ਦੀ ਰਫ਼ਤਾਰ ਨਾਮਾਤਰ ਹੀ ਹੈ।

ਇਸ ਦੇ ਨਾਲ ਹੀ, ਇਕ ਨਵੀਂ ਮੈਟਰੋ ਰੇਲ ਨੀਤੀ ਦੇ ਐਲਾਨ ਦੀ ਵੀ ਆਸ ਹੈ ਜੋ ਨੌਜਵਾਨਾਂ ਲਈ ਨੌਕਰੀਆਂ ਦੇ ਨਵੇਂ ਮੌਕੇ ਪੈਦਾ ਕਰੇਗੀ। ਇਹ ਸ਼ਹਿਰਾਂ ਵਿਚਲੇ ਸਿੱਖਿਅਤ ਨੌਜਵਾਨਾਂ ਲਈ ਬਹੁਤ ਖ਼ੁਸ਼ੀ ਵਾਲੀ ਗੱਲ ਹੈ। ਮੈਟਰੋ ਰੇਲ ਯੋਜਨਾ ਬੁਨਿਆਦੀ ਢਾਂਚਾ ਨੈੱਟਵਰਕ, ਸਫਰ ਦੀ ਕੁਸ਼ਲਤਾ ਅਤੇ ਕੰਮ ਦੀ ਕਾਰਗੁਜ਼ਾਰੀ ਵਿੱਚ ਵੀ ਵੱਡਾ ਵਾਧਾ ਕਰੇਗੀ। ਪਿੰਡਾਂ ਤੋਂ ਸ਼ਹਿਰਾਂ ਵੱਲ ਪ੍ਰਵਾਸ ਕਾਰਨ ਸ਼ਹਿਰਾਂ ਦੀ ਵਧਦੀ ਹੋਈ ਵਸੋਂ ਦੇ ਮੱਦੇਨਜ਼ਰ 'ਸ਼ਹਿਰ ਪੱਖੀ' ਅਜਿਹੀਆਂ ਹੋਰ ਰੋਜ਼ਗਾਰ ਮੁਖੀ ਯੋਜਨਾਵਾਂ ਲੋੜੀਂਦੀਆਂ ਹਨ।

ਪਰ, ਨਿਰਮਾਣ ਖੇਤਰ ਲਈ ਹੋਰ ਜ਼ਿਆਦਾ ਕੀਤਾ ਜਾਣਾ ਚਾਹੀਦਾ ਸੀ ਜੋ ਸੱਨਅਤ ਮੁਖੀ ਵਿਕਾਸ ਨੂੰ ਜਨਾਦੇਸ਼ ਬਣਾਉਣਾ ਹੈ। ਸਰਕਾਰ ਨੂੰ ਮਜ਼ਦੂਰ ਮੁਖੀ ਉਦਯੋਗਾਂ ਲਈ ਕਰ ਰਿਆਇਤਾਂ ਦਾ ਐਲਾਨ ਕਰਨਾ ਚਾਹੀਦਾ ਸੀ, ਜਿਸ ਵਿੱਚ ਚਮੜਾ, ਹੀਰੇ ਅਤੇ ਗਹਿਣੇ ਸ਼ਾਮਲ ਹਨ। ਇਸ ਨਾਲ 'ਮੇਕ ਇਨ ਇੰਡੀਆ' ਪਹਿਲਕਦਮੀ ਤਹਿਤ ਨਿਰਮਾਣ, ਨੌਕਰੀਆਂ ਦੇ ਨਿਰਮਾਣ ਅਤੇ ਨਿਰਯਾਤ ਨੂੰ ਪੁਨਰ ਜੀਵਤ ਕਰਨ ਲਈ ਵੱਡਾ ਹੁਲਾਰਾ ਮਿਲਣਾ ਸੀ। ਸਮਾਰਟ ਸਿਟੀ ਯੋਜਨਾ ਤਹਿਤ, ਪੂਰੇ ਦੇਸ਼ ਵਿੱਚ ਚੀਨ ਦੀ ਤਰਜ਼ ਉਤੇ ਵੱਡੇ ਸੱਨਅਤੀ ਸ਼ਹਿਰਾਂ ਦੇ ਨਿਰਮਾਣ ਦਾ ਐਲਾਨ ਬਹੁਤ ਜ਼ਰੂਰੀ ਸੀ ਜਿਥੇ ਉਤਪਾਦਨ ਇਕਾਈਆਂ, ਜਨਤਕ ਸਹੂਲਤਾਂ, ਰਿਹਾਇਸ਼ੀ ਖੇਤਰ, ਸਕੂਲ ਅਤੇ ਹਸਪਤਾਲ ਹੋਣ ਪਰ 2017 ਦੇ ਬਜਟ ਵਿੱਚ ਅਜਿਹੇ ਵਿਕਾਸ ਕੇਂਦਰਾਂ ਲਈ ਕਿਸੇ ਵਿੱਤੀ ਹੁਲਾਰੇ ਦਾ ਜ਼ਿਕਰ ਨਹੀਂ ਆਉਂਦਾ। ਮਜ਼ਦੂਰ ਮੁਖੀ, ਵਸਤਾਂ ਅਧਾਰਤ ਸੱਨਅਤੀਕਰਨ ਇਸ ਬਜਟ ਦਾ ਕੇਂਦਰ ਬਿੰਦੂ ਨਹੀਂ ਜਾਪਦਾ। ਬਜਾਇ ਇਸ ਦੇ, ਬਜਟ ਜ਼ਿਆਦਾ ਖੇਤੀ ਅਤੇ ਦਿਹਾਤੀ ਕੇਂਦਰਿਤ ਹੈ, ਜੋ ਇਕ ਤਰ੍ਹਾਂ ਨਾਲ ਠੀਕ ਵੀ ਹੈ ਕਿਉਂਕਿ ਵਸੋਂ ਦਾ ਇਕ ਵੱਡਾ ਹਿੱਸਾ ਹਾਲੇ ਵੀ ਪੇਂਡੂ ਖੇਤਰਾਂ ਵਿੱਚ ਵਸਦਾ ਹੈ ਅਤੇ ਲਗਭਗ ਅੱਧੀ ਕਾਮਾ ਸ਼ਕਤੀ ਖੇਤੀ ਖੇਤਰ ਵਿੱਚ ਕੰਮ ਕਰ ਰਹੀ ਹੈ। ਪਰ, ਮਜ਼ਦੂਰ ਮੁਖੀ ਵਸਤੂ ਉਦਯੋਗਾਂ ਦੇ ਆਧੁਨਿਕੀਕਰਨ ਵਿੱਚ ਸਹਾਇਤਾ ਲਈ, ਇਕਾਈਆਂ ਨੂੰ ਗੁਣਵੱਤਾ ਵਾਲੇ ਉਤਪਾਦਾਂ ਦਾ ਨਿਰਮਾਣ ਕਰਨ ਦੇ ਯੋਗ ਬਣਾਉਣ, ਜੋ ਨਿਰਯਾਤ ਮੰਗ ਪੈਦਾ ਕਰਨ ਅਤੇ ਇਨ੍ਹਾਂ ਦੇ ਪਸਾਰ ਵਿੱਚ ਸਹਾਇਤਾ ਕਰਨਗੇ ਤਾਂ ਕਿ ਵਿਕਾਸ ਅਤੇ ਰੋਜ਼ਗਾਰ ਨਿਰਮਾਣ ਵਿੱਚ ਇਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਹੋ ਸਕੇ, ਇਹ ਹਾਲੇ ਵੀ ਉਡੀਕ ਸੂਚੀ ਵਿੱਚ ਹੀ ਸ਼ਾਮਲ ਹਨ। ਬਜਾਇ ਕਿ ਤਕਨਾਲੋਜੀ ਦਾ ਆਯਾਤ ਕੀਤਾ ਜਾਵੇ, ਨਵੀਨਤਮ ਖੋਜ ਕਿਵੇਂ ਕੀਤੀ ਜਾਵੇ ਜਿਸ ਨਾਲ ਉਤਪਾਦਕਤਾ ਅਤੇ ਰੋਜ਼ਗਾਰ ਵਿੱਚ ਯੋਗਦਾਨ ਪਵੇਗਾ, ਸੋ ਇਹ ਦੋਵੇਂ ਭਵਿੱਖੀ ਚਰਚਾਵਾਂ ਦਾ ਅਹਿਮ ਹਿੱਸਾ ਹੋਣੇ ਚਾਹੀਦੇ ਹਨ।

*(ਲੇਖਕ ਲੇਖਕ ਆਰਥਿਕ ਵਿਕਾਸ ਬਾਰੇ ਨਵੀਂ ਦਿੱਲੀ ਸਥਿਤ ਸੰਸਥਾ ਵਿੱਚ ਪ੍ਰੋਫੈਸਰ ਹਨ)*

*e-mail :arup@iegindia.org*

# ਬਜਟ 2017 : ਅਚੱਲ ਜਾਇਦਾਦ ਖੇਤਰ ਲਈ ਸੰਭਾਵੀ ਕਾਇਆਕਲਪ

ਰਣਜੀਤ ਮਹਿਤਾ

ਬਜਟ 2017 ਇਕ ਤੋਂ ਵੱਧ ਤਰੀਕਿਆਂ ਨਾਲ ਅਨੋਖਾ ਹੈ। ਪਹਿਲਾ ਸਰਕਾਰ ਨੇ ਯੋਜਨਾ ਅਤੇ ਗ਼ੈਰ ਯੋਜਨਾ ਟੈਕਸਾਂ ਤੋਂ ਨਿਜਾਤ ਪਾ ਲਈ ਹੈ। ਹੁਣ ਇਨ੍ਹਾਂ ਨੂੰ ਆਮਦਨ ਅਤੇ ਪੂੰਜੀਗਤ ਖਰਚਿਆਂ ਦਾ ਨਾਂ ਦਿੱਤਾ ਜਾਵੇਗਾ। ਦੂਸਰਾ ਕੇਂਦਰੀ ਬਜਟ ਵਿੱਚ ਰੇਲਵੇ ਬਜਟ ਨੂੰ ਵੀ ਸ਼ਾਮਲ ਕਰਕੇ 92 ਸਾਲ ਪੁਰਾਣੀ ਰਵਾਇਤ ਨੂੰ ਤੋੜ ਦਿੱਤਾ ਗਿਆ ਹੈ। ਇਹ ਦੋਵੇਂ ਕਦਮ ਸਹੀ ਦਿਸ਼ਾ ਵਿੱਚ ਚੁੱਕੇ ਗਏ ਹਨ ਅਤੇ ਇਨ੍ਹਾਂ ਦੇ ਚੰਗੇ ਨਤੀਜੇ ਸਾਹਮਣੇ ਆਉਣਗੇ।

ਆਮ ਤੌਰ ਤੇ ਜਦੋਂ ਵਿੱਤ ਮੰਤਰੀ ਮੰਦੀ ਵਾਲੇ ਸਮੇਂ ਵਿੱਚ ਸਾਲਾਨਾ ਬਜਟ ਤਿਆਰ ਕਰਦੇ ਹਨ, ਉਨ੍ਹਾਂ ਕੋਲ ਆਰਥਿਕ ਵਿਕਾਸ ਨਾਲ ਨਜਿੱਠਣ ਦੇ ਦੋ ਹੀ ਢੰਗ ਹੁੰਦੇ ਹਨ, ਮੰਗ ਵਾਲਾ ਪੱਖ ਅਤੇ ਪੂਰਤੀ ਵਾਲਾ ਪੱਖ ਜਾਂ ਦੋਹਾਂ ਦਾ ਇਕੱਠ। ਮੰਗ ਅਧਾਰਤ ਵਾਧੇ ਦਾ ਮਤਲਬ ਲਾਜ਼ਮੀ ਤੌਰ ਤੇ ਖਪਤ ਆਧਾਰਤ ਵਾਧਾ ਹੁੰਦਾ ਹੈ ਜੋ ਕਿ ਆਮ ਤੌਰ ਤੇ ਘੱਟ ਸਿੱਧੀਆਂ ਅਤੇ ਅਸਿੱਧੀਆਂ ਟੈਕਸ ਦਰਾਂ ਤੋਂ ਪੈਦਾ ਹੁੰਦਾ ਹੈ ਅਤੇ ਖਪਤਕਾਰਾਂ ਦੇ ਹੱਥ ਵਿੱਚ ਘੱਟ ਹੀ ਹਿੱਸਾ ਛੱਡਦਾ ਹੈ, ਅਤੇ ਕਈ ਛੋਟਾਂ ਇਥੋਂ ਤੱਕ ਕਿ ਸਬਸਿਡੀਆਂ ਵੀ ਨਹੀਂ ਛੱਡਦਾ। ਇਸ ਨਾਲ ਉਤਪਾਦਾਂ ਅਤੇ ਸੇਵਾਵਾਂ ਦੀ ਮੰਗ ਪੈਦਾ ਹੁੰਦੀ ਹੈ ਅਤੇ ਆਰਥਿਕਤਾ ਵਿੱਚ ਤੇਜ਼ੀ ਆਉਂਦੀ ਹੈ। ਵਿੱਤ ਮੰਤਰੀ ਇਕ ਦੇ ਮੁਕਾਬਲੇ ਦੂਜੇ ਨੂੰ ਘੱਟ-ਵੱਧ ਹੀ ਚੁਣਦੇ ਹਨ। ਉਹ ਤਾਂ ਆਮ ਤੌਰ ਤੇ ਮਿਸ਼ਰਤ ਤੌਰ ਤੇ ਲਾਭ ਪ੍ਰਦਾਨ ਕਰਦੇ ਹਨ ਜਿਸ ਨਾਲ ਮੰਗ ਅਤੇ ਪੂਰਤੀ ਵਾਲੇ ਪਾਸਿਓਂ ਆਰਥਿਕ ਸਰਗਰਮੀ ਸ਼ੁਰੂ ਹੁੰਦੀ ਹੈ।

ਬਜਟ 2017 ਵਿੱਚ ਵਿੱਤ ਮੰਤਰੀ ਸ਼੍ਰੀ ਜੇਤਲੀ ਨੇ ਮੁੱਖਤੌਰ ਤੇ ਮੰਗ ਅਧਾਰਤ ਵਿਕਾਸ ਦੀ ਥਾਂ ਉਤੇ ਨਿਵੇਸ਼ ਅਧਾਰਤ ਵਿਕਾਸ ਨੂੰ ਭਾਰਤੀ ਆਰਥਿਕਤਾ ਲਈ ਚੁਣਿਆ ਹੈ। ਇਸ ਨੂੰ ਵੇਖਦੇ ਹੋਏ ਭਾਰਤ ਬਹੁਤ ਨੀਵੀਂ ਖਪਤਕਾਰ ਅਤੇ ਸੱਨਅਤ ਦੀ ਭਾਵਨਾ ਨਾਲ ਜੂਝ ਰਿਹਾ ਹੈ, ਇਸ ਲਈ ਟੈਕਸਾਂ ਵਿੱਚ ਕਮੀ ਕਰਕੇ ਖਪਤ ਦੀ ਮੰਗ ਵਿੱਚ ਤੇਜ਼ੀ ਲਿਆਉਣ ਦੀ ਸੰਭਾਵਨਾ ਕਾਫੀ ਘੱਟ ਹੈ। ਇਸ ਲਈ ਟੈਕਸਾਂ ਵਿੱਚ ਕਮੀ ਕਰਕੇ ਮੰਗ ਵਿੱਚ ਵਾਧਾ ਲਿਆਉਣ ਦੀ ਕੋਸ਼ਿਸ਼ ਕਾਫੀ ਜੋਖਮ ਭਰੀ ਲੱਗਦੀ ਹੈ। ਚੰਗਾ ਇਹੋ ਸੀ ਕਿ ਲੰਬੇ ਸਮੇਂ ਦੇ ਪੱਕੇ ਵਿਕਾਸ ਲਈ ਸਰਕਾਰ ਨਿਵੇਸ਼ ਵਧਾ ਕੇ ਸਥਿਤੀ ਉੱਤੇ ਕਾਬੂ ਪਾਉਂਦੀ ਹੈ।

ਵਿੱਤ ਮੰਤਰੀ ਨੇ ਆਰਥਿਕਤਾ ਵਿੱਚ ਨਿਵੇਸ਼/ ਪੂਰਤੀ ਵਧਾ ਕੇ ਆਪਣੇ ਕੋਲ ਮੌਜੂਦ ਲਗਭਗ ਸਾਰੇ ਸਰੋਤਾਂ ਦੀ ਵਰਤੋਂ ਕੀਤੀ ਹੈ। ਕੁੱਲ 3.96 ਲੱਖ ਕਰੋੜ ਦੇ ਢਾਂਚੇ ਸੰਬੰਧੀ ਪ੍ਰਾਜੈਕਟ, 2.44 ਲੱਖ ਕਰੋੜ ਦੇ ਉੱਦਮੀਆਂ ਲਈ ਉਦਯ ਸਕੀਮ ਅਧੀਨ ਕਰਜ਼ੇ, 1.85 ਲੱਖ ਕਰੋੜ ਦੇ ਦਿਹਾਤੀ, ਖੇਤੀ ਅਤੇ ਸੰਬੰਧਿਤ ਖੇਤਰ ਲਈ, 48,000 ਕਰੋੜ ਮਨਰੇਗਾ ਲਈ ਤਾਂ ਕਿ ਦਿਹਾਤੀ ਖੇਤਰਾਂ ਵਿੱਚ ਉਤਪਾਦਕ ਪੂੰਜੀਆਂ ਤਿਆਰ ਕੀਤੀਆਂ ਜਾ ਸਕਣ, 1.84 ਲੱਖ ਕਰੋੜ ਰੁਪਏ ਔਰਤਾਂ ਅਤੇ ਬੱਚਿਆਂ ਦੀਆਂ ਸਕੀਮਾਂ ਲਈ ਰੱਖੇ ਹਨ। ਇਹ ਵਿਸ਼ਵਾਸ ਹੈ ਕਿ ਇਹ ਪ੍ਰਾਜੈਕਟ ਸੰਬੰਧਿਤ ਖੇਤਰਾਂ ਲਈ ਕਾਫੀ ਜ਼ਿਆਦਾ ਮੰਗ ਪੈਦਾ ਕਰਨਗੇ , ਜਿਸ ਨਾਲ ਉੱਚ ਆਰਥਿਕ ਸਰਗਰਮੀਆਂ ਦਾ ਇਕ ਨਿਰੰਤਰ ਚੱਕਰ ਚੱਲ ਪਵੇਗਾ।

ਪਰ ਮੰਗ ਅਤੇ ਪੂਰਤੀ ਆਧਾਰਤ ਆਰਥਿਕਤਾਵਾਂ ਦਾ ਮੁੱਖ ਉਦੇਸ਼ ਆਰਥਿਕਤਾ ਨੂੰ ਸਰਗਰਮ ਕਰਨਾ ਹੈ। ਮੰਗ ਉਤੇ ਆਧਾਰਤ ਵਾਧੇ ਨਾਲ ਖਪਤ ਵਾਧੇ ਵਿੱਚ ਤੁਰੰਤ ਵਾਧਾ ਹੋਵੇਗਾ ਅਤੇ ਇਹ ਇਕ ਚੌਥਾਈ ਵੀ ਹੋ ਸਕਦਾ ਹੈ। ਇਸ ਦੇ ਮੁਕਾਬਲੇ ਨਿਵੇਸ਼ ਉਤੇ ਆਧਾਰਿਤ ਵਾਧੇ ਵਿੱਚ ਵਧੇਰੇ ਕੁੱਲ ਘਰੇਲੂ ਉਤਪਾਦ ਹਾਸਲ ਹੋਵੇਗਾ ਅਤੇ ਇਹ ਤਿੰਨ ਚੌਥਾਈ ਵੀ ਹੋ ਸਕਦਾ ਹੈ। ਇਸੇ ਸਥਿਤੀ ਵਿੱਚ ਭਾਰਤੀ ਅਚੱਲ ਜਾਇਦਾਦ ਖੇਤਰ ਜੋ ਕਿ ਲਗਭਗ 265 ਸਹਾਇਕ ਸੱਨਅਤਾਂ ਨਾਲ ਪਿਛਾਂਹ ਵਾਲੇ ਅਤੇ ਅਗਾਂਹ ਵਾਲੇ ਸੰਪਰਕ ਰੱਖਦਾ ਹੈ, ਨੂੰ ਤੁਰੰਤ ਧੱਕਾ ਲਗਾਉਣ ਦੀ ਲੋੜ ਹੋਵੇਗੀ।

ਅਚੱਲ ਜਾਇਦਾਦ ਖੇਤਰ ਬੀਤੇ ਸਮੇਂ ਵਿੱਚ ਤੇਜ਼ੀ ਨਾਲ ਤਰੱਕੀ ਕਰ ਰਿਹਾ ਸੀ ਅਤੇ ਭਾਰਤੀ ਆਰਥਿਕਤਾ ਵਿੱਚ ਹਿੱਸਾ ਪਾਉਣ ਵਾਲਾ ਇਕ ਕਾਫੀ ਅਹਿਮ ਖੇਤਰ ਬਣਿਆ ਹੋਇਆ ਹੈ। ਨੋਟਬੰਦੀ ਤੋਂ ਬਾਅਦ ਅਸੀ ਇਸ ਦੇ ਵਿਕਾਸ ਦੀ ਗਤੀ ਕਾਫੀ ਘਟੀ ਦੇਖੀ ਹੈ। ਇਹ ਖੇਤਰ ਖਿੰਡਰਿਆ ਪੁੰਡਰਿਆ ਅਤੇ ਗ਼ੈਰ ਸੰਗਠਤ ਹੋਣ ਦੀ ਥਾਂ 'ਤੇ ਹੁਣ ਦੁਨੀਆਂ ਭਰ ਵਿੱਚ ਇਕ ਸੰਗਠਤ ਅਤੇ ਸਹੀ ਢੰਗ ਨਾਲ ਵਿਕਸਤ ਹੋ ਗਿਆ ਹੈ। ਵਿਸ਼ਵ ਭਰ ਦੀ ਸਥਿਤੀ ਵਿੱਚ ਭਾਰਤ ਦੀ ਵਧ ਰਹੀ ਅਹਿਮੀਅਤ ਦਾ ਹਾਂ-ਪੱਖੀ ਪ੍ਰਭਾਵ ਪਿਆ ਹੈ ਜਿਸ ਨਾਲ ਇਸ ਖੇਤਰ ਉੱਤੇ ਉਮੀਦਾਂ ਅਤੇ ਇਸ ਦੀਆਂ ਜ਼ਿੰਮੇਵਾਰੀਆਂ ਵਧੀਆਂ ਹਨ।

ਜਦ ਕਿ ਅਚੱਲ ਜਾਇਦਾਦਾਂ ਦੇ ਖੇਤਰ ਨੇ 2017-18 ਦੇ ਕੇਂਦਰੀ ਬਜਟ ਉਤੇ ਵਾਧੇ ਦੀਆਂ ਭਾਰੀਆਂ ਉਮੀਦਾਂ ਲਗਾਈਆਂ ਹੋਈਆਂ ਹਨ ਉਥੇ ਪਹੁੰਚ ਯੋਗ ਮਕਾਨ ਉਸਾਰੀ ਖੇਤਰ ਲਈ 'ਢਾਂਚਾ ਸਥਿਤੀ' ਦੇ ਐਲਾਨ ਨਾਲ ਸਰਕਾਰ ਦੀ '2022 ਤੱਕ ਸਭ ਲਈ ਮਕਾਨ' ਦੇ ਮਿਸ਼ਨ ਨੂੰ ਹਾਸਲ ਕਰਨ ਵਿੱਚ ਕਾਫੀ ਸਹਾਇਤਾ ਮਿਲ ਸਕਦੀ ਹੈ। ਇਹ ਉਨ੍ਹਾਂ ਇਮਾਰਤਾਂ ਤਿਆਰ ਕਰਨ ਵਾਲਿਆਂ ਲਈ ਇਕ ਸਥਿਤੀ ਬਦਲਣ ਵਾਲਾ ਕਦਮ ਸਿੱਧ ਹੋ ਸਕਦਾ ਹੈ ਜੋ ਕਿ ਪਹਿਲਾਂ ਹੀ ਇਸ ਖੇਤਰ ਵਿੱਚ ਆਪਣੀ ਮੌਜੂਦਗੀ ਦਰਸਾ ਰਹੇ ਹਨ। ਕੇਂਦਰ ਸਰਕਾਰ ਨੇ 2022 ਤੱਕ ਸਭ ਲਈ

ਮਕਾਨ ਦੇ ਮਿਸ਼ਨ ਲਈ 305 ਸ਼ਹਿਰਾਂ ਅਤੇ ਕਸਬਿਆਂ ਦੀ ਪਛਾਣ ਕੀਤੀ ਹੈ। ਇਸ ਯੋਜਨਾ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਵੀ ਕਿਹਾ ਜਾਂਦਾ ਹੈ ਅਤੇ ਇਸ ਅਧੀਨ 2022 ਤੱਕ ਸ਼ਹਿਰੀ ਗਰੀਬਾਂ ਲਈ 2 ਕਰੋੜ ਮਕਾਨ ਤਿਆਰ ਕਰਨ ਦਾ ਟੀਚਾ ਹੈ। ਇਸ ਮਿਸ਼ਨ ਲਈ 38 ਮਿਲੀਅਨ ਕਾਮਿਆਂ ਦੀ 2030 ਤੱਕ ਲੋੜ ਹੋਵੇਗੀ ਜਦ ਕਿ ਇਸ ਵੇਲੇ ਇਹ ਲੋੜ 29 ਮਿਲੀਅਨ ਕਾਮਿਆਂ ਦੀ ਹੀ ਹੈ। ਇਸ ਤਰ੍ਹਾਂ ਇਹ ਪ੍ਰਮੁੱਖ ਨੌਕਰੀਆਂ ਘੜਨ ਵਾਲਾ ਖੇਤਰ ਹੋਵੇਗਾ।

ਬਜਟ 2017 ਹੇਠ ਲਿਖੇ 10 ਵਿਸ਼ਾ ਵਸਤੂਆਂ ਉਤੇ ਆਧਾਰਤ ਹੋਵੇਗਾ ਅਤੇ ਇਸ ਦਾ ਟੀਚਾ 'ਤਬਦੀਲ ਕਰੋ, ਤਾਕਤ ਬਖਸ਼ੋ ਅਤੇ ਸਾਫ ਸੁਥਰਾ ਰੱਖੋ' ਹੈ।

- ਕਿਸਾਨ – ਉਨ੍ਹਾਂ ਲਈ ਜੋ ਕਿ 5 ਸਾਲ ਦੇ ਸਮੇਂ ਵਿੱਚ ਆਪਣੀ ਆਮਦਨ ਦੁੱਗਣੀ ਕਰਨ ਲਈ ਵਚਨਬੱਧ ਹਨ।
- ਦਿਹਾਤੀ ਅਬਾਦੀ – ਰੋਜ਼ਗਾਰ ਅਤੇ ਮੁਢਲਾ ਢਾਂਚਾ ਮੁਹੱਈਆ ਕਰਵਾਉਣਾ।
- ਨੌਜਵਾਨ – ਵਿੱਦਿਆ, ਮੁਹਾਰਤ ਅਤੇ ਨੌਕਰੀਆਂ ਨਾਲ ਉਨ੍ਹਾਂ ਵਿੱਚ ਜੋਸ਼ ਭਰਨਾ।
- ਗਰੀਬ ਅਤੇ ਘੱਟ ਸਹੂਲਤਾਂ ਵਾਲੇ – ਸਮਾਜਿਕ ਸੁਰੱਖਿਆ ਦੇ ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਪਹੁੰਚਯੋਗ ਮਕਾਨ ਮੁਹੱਈਆ ਕਰਵਾਉਣਾ।
- ਨਿਪੁੰਨਤਾ, ਉਤਪਾਦਕਤਾ ਅਤੇ ਜ਼ਿੰਦਗੀ ਦੇ ਚੰਗੇ ਮਿਆਰ ਲਈ ਢਾਂਚਾ।
- ਵਿੱਤੀ ਖੇਤਰ – ਮਜ਼ਬੂਤ ਸੰਸਥਾਵਾਂ ਰਾਹੀਂ ਵਿਕਾਸ ਅਤੇ ਸਥਿਰਤਾ ਲਿਆਉਣਾ।
- ਤੇਜ਼ੀ ਨਾਲ ਜਵਾਬਦੇਹੀ ਅਤੇ ਪਾਰਦਰਸ਼ਤਾ ਲਈ ਡਿਜੀਟਲ ਆਰਥਿਕਤਾ।
- ਜਨਤਕ ਸੇਵਾ – ਲੋਕਾਂ ਦੀ ਭਾਈਵਾਲੀ ਨਾਲ ਪ੍ਰਭਾਵੀ ਪ੍ਰਬੰਧਨ ਅਤੇ ਨਿਪੁੰਨ ਸੇਵਾਵਾਂ ਮੁਹੱਈਆ ਕਰਵਾਉਣਾ।
- ਢੁਕਵਾਂ ਆਰਥਿਕ ਪ੍ਰਬੰਧਨ – ਇਹ ਯਕੀਨੀ ਬਣਾਉਣ ਲਈ ਕਿ ਸੋਮਿਆਂ ਦੀ ਵੱਧ ਤੋਂ ਵੱਧ ਵਰਤੋਂ ਹੋਵੇ ਅਤੇ ਵਿੱਤੀ ਸਥਿਰਤਾ ਬਣੀ ਰਹੇ।
- ਟੈਕਸ ਪ੍ਰਬੰਧਨ – ਇਮਾਨਦਾਰਾਂ ਨੂੰ ਸਨਮਾਨਿਤ ਕਰਨਾ।

## ਜਾਇਦਾਦ ਖੇਤਰ ਨੂੰ ਹੱਲਾਸ਼ੇਰੀ ਦੇਣ ਲਈ ਬਜਟ 2017 ਵਿੱਚ ਕੀਤੇ ਗਏ ਮੁੱਖ ਪ੍ਰਬੰਧ

- ਪਹੁੰਚਯੋਗ ਮਕਾਨ ਉਸਾਰੀ ਨੂੰ ਢਾਂਚੇ ਦਾ ਦਰਜਾ ਦਿੱਤਾ ਗਿਆ ਹੈ।
- 2019 ਤੱਕ 1 ਕਰੋੜ ਦਿਹਾਤੀ ਮਕਾਨ ਤਿਆਰ ਕੀਤੇ ਜਾਣਗੇ।
- 20,000 ਕਰੋੜ ਦੇ ਕਰਜ਼ੇ ਲਈ ਨੈਸ਼ਨਲ ਹਾਊਸਿੰਗ ਬੈਂਕ।
- 23,000 ਕਰੋੜ ਹਾਸਲ ਕਰਨ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ।
- ਜਾਇਦਾਦਾਂ ਤਿਆਰ ਕਰਨ ਵਾਲਿਆਂ ਨੂੰ ਨਾ ਵਿਕੀਆਂ ਜਾਇਦਾਦਾਂ ਉੱਤੇ ਟੈਕਸ ਤੋਂ ਰਾਹਤ ਮਿਲੇਗੀ ਕਿਉਂਕਿ ਜਿਸ ਸਾਲ ਵਿੱਚ ਪ੍ਰਾਜੈਕਟ ਮੁਕੰਮਲ ਹੋਵੇਗਾ ਉਸ ਵਿੱਚ ਹੀ ਪੂੰਜੀਗਤ ਲਾਭਾਂ ਦੀ ਦੇਣਦਾਰੀ ਬਣੇਗੀ।
- ਪਹੁੰਚਯੋਗ ਮਕਾਨਾਂ ਲਈ ਹੁਣ ਬਿਲਟਅਪ ਏਰੀਆ 30 ਅਤੇ 60 ਵਰਗ ਮੀਟਰ ਦੀ ਥਾਂ ਉੱਤੇ ਕਾਰਪੈੱਟ ਏਰੀਆ 30 ਅਤੇ 60 ਵਰਗ ਮੀਟਰ ਗਿਣਿਆ ਜਾਵੇਗਾ।
- ਅਚੱਲ ਜਾਇਦਾਦਾਂ ਲਈ ਪੂੰਜੀਗਤ ਲਾਭ ਟੈਕਸ ਲਈ ਹੋਲਡਿੰਗ ਪੀਰੀਅਡ 3 ਤੋਂ ਘਟਾ ਕੇ 2 ਸਾਲ ਕਰ ਦਿੱਤਾ ਗਿਆ ਹੈ।
- ਨਾ ਵਿਕੇ ਮਕਾਨ ਲਈ ਮੁਕੰਮਲ ਹੋਣ ਦਾ ਸਰਟੀਫੀਕੇਟ ਹਾਸਲ ਹੋਣ ਤੋਂ ਬਾਅਦ ਇਕ ਸਾਲ ਦੀ ਟੈਕਸ ਛੋਟ ਮਿਲੇਗੀ।
- 3 ਲੱਖ ਤੋਂ ਵੱਧ ਦਾ ਕੋਈ ਨਕਦ ਲੈਣ-ਦੇਣ ਨਹੀਂ ਹੋ ਸਕੇਗਾ।
- ਇੰਦਰਾ ਆਵਾਸ ਯੋਜਨਾ 600 ਜ਼ਿਲ੍ਹਿਆਂ ਤੱਕ ਵਧਾਈ ਜਾਵੇਗੀ।
- ਪੂੰਜੀਗਤ ਲਾਭ ਲਈ ਵਰਗੀਕਰਨ 01-04-81 ਤੋਂ ਬਦਲ ਕੇ 01-04-2001 ਕੀਤਾ ਜਾਵੇਗਾ।

## ਪਹੁੰਚਯੋਗ ਮਕਾਨ ਉਸਾਰੀ ਖੇਤਰ ਲਈ ਢਾਂਚੇ ਦਾ ਦਰਜਾ

ਇਹ ਆਸ ਕੀਤੀ ਜਾਂਦੀ ਹੈ ਕਿ 2017 ਦੇ ਕੇਂਦਰੀ ਬਜਟ, ਜੋ ਕਿ ਆਰਥਿਕ ਸੁਧਾਰਾਂ, ਪੂੰਜੀ ਦੇ ਪਸਾਰ ਉੱਤੇ ਕਾਬੂ ਪਾਉਣ ਅਤੇ ਢੁਕਵੇਂ ਵਿੱਤੀ ਪ੍ਰਬੰਧਨ ਦਾ ਵਾਅਦਾ ਕਰਦਾ ਹੈ, ਹੁਣ ਪਹੁੰਚਯੋਗ ਮਕਾਨ ਉਸਾਰੀ ਪ੍ਰੋਗਰਾਮ ਨੂੰ ਜੋ, 'ਢਾਂਚੇ ਦਾ ਦਰਜਾ' ਦੇਵੇਗਾ, ਉਸ ਦਾ ਜਾਇਦਾਦ ਖੇਤਰ ਉੱਤੇ ਚੰਗਾ ਪ੍ਰਭਾਵ ਪਵੇਗਾ। ਇਸ ਨਾਲ ਦਰਮਿਆਨੇ ਵਰਗ ਦੇ ਖਪਤਕਾਰ ਲਾਭ ਵਿੱਚ ਰਹਿਣਗੇ। ਇਸ ਨਾਲ 'ਸਭ ਲਈ 2022 ਤੱਕ ਮਕਾਨ ਦੇ ਮਿਸ਼ਨ' ਦੇ ਕੰਮ ਵਿੱਚ ਤੇਜ਼ੀ ਆਵੇਗੀ। ਇਸ ਵਿੱਚ ਨਿੱਜੀ ਪਾਰਟੀਆਂ ਦੇ ਸ਼ਾਮਲ ਹੋਣ ਨਾਲ ਮੁਕਾਬਲੇਬਾਜ਼ੀ ਵਧੇਗੀ। ਨਤੀਜੇ ਵਜੋਂ ਦਰਮਿਆਨੇ ਵਰਗ ਅਤੇ ਨੀਵੇਂ ਦਰਮਿਆਨੇ ਵਰਗ ਦੇ ਲੋਕਾਂ ਨੂੰ ਮਕਾਨ ਖਰੀਦਣ ਵਿੱਚ ਵਧੀਆ ਤਰਜੀਹਾਂ ਮਿਲਣਗੀਆਂ।

ਸੱਨਅਤ ਕਾਫੀ ਲੰਬੇ ਸਮੇਂ ਤੋਂ ਮੰਗ ਕਰਦੀ ਆ ਰਹੀ ਹੈ ਕਿ ਸਰਕਾਰ ਅਚੱਲ ਜਾਇਦਾਦ ਖੇਤਰ ਨੂੰ ਵੀ 'ਸੱਨਅਤ ਦਾ ਦਰਜਾ' ਪ੍ਰਦਾਨ ਕਰੇ। ਕਿਉਂਕਿ ਅਚੱਲ ਜਾਇਦਾਦ ਖੇਤਰ ਸੱਨਅਤ, ਡਿਵੈਲਪਰਜ਼, ਬਿਲਡਰਜ਼ ਅਤੇ ਨਿਵੇਸ਼ਕਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਨਹੀ ਹੈ ਇਸ ਲਈ ਇਨ੍ਹਾਂ ਲੋਕਾਂ ਨੂੰ ਆਮ ਤੌਰ ਤੇ ਵਧੇਰੇ ਵਿਆਜ ਦਰ ਭਰਨੀ ਪੈਂਦੀ ਹੈ। ਵਿਆਜ ਦਰ ਉੱਚੀ ਹੋਣ ਕਾਰਨ, ਉਸਾਰੀ ਕਰਤਾਵਾਂ ਨੂੰ ਪੈਸੇ ਦੀ ਕਮੀ ਬਣੀ ਰਹਿੰਦੀ ਹੈ।

ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੀ ਐੱਮ ਏ ਵਾਈ) ਰਾਹੀਂ ਵੀ ਘੱਟ ਦਰਾਂ ਵਾਲੇ ਮਕਾਨਾਂ ਦੀ ਉਸਾਰੀ ਨੂੰ ਹੱਲਾਸ਼ੇਰੀ ਮਿਲੀ ਹੈ। ਇਸ ਸਕੀਮ ਅਧੀਨ ਸਰਕਾਰ ਨੇ ਐਲਾਨਿਆ ਹੈ ਕਿ 9 ਲੱਖ ਰੁਪਏ ਤੋਂ ਉੱਪਰ ਦੇ ਕਰਜ਼ੇ ਉਤੇ ਸਿਰਫ 4 ਪ੍ਰਤਿਸ਼ਤ ਵਿਆਜ ਹੀ ਵਸੂਲਿਆ ਜਾਵੇਗਾ ਅਤੇ 12 ਲੱਖ ਤੋਂ ਉਪਰ ਦੇ ਕਰਜ਼ੇ ਉਪਰ 3 ਪ੍ਰਤਿਸ਼ਤ ਵਿਆਜ ਵਸੂਲਿਆ ਜਾਵੇਗਾ। ਪਰ ਇਥੇ ਇਕ ਗੱਲ ਸਪੱਸ਼ਟ ਨਹੀਂ ਹੈ ਕਿ ਇਹ ਕਰਜ਼ਾ ਈ ਡਬਲਿਯੂ ਐੱਸ (ਆਰਥਿਕ ਤੌਰ ਤੇ ਕਮਜ਼ੋਰ ਵਰਗਾਂ) ਜਾਂ ਐੱਲ ਆਈ ਜੀ (ਘੱਟ ਆਮਦਨ ਵਰਗ) ਅਧੀਨ ਨਾ ਆਉਣ ਵਾਲੇ ਲੋਕਾਂ ਨੂੰ ਵੀ ਮਿਲੇਗੀ ਜਾਂ ਨਹੀਂ। ਸਰਕਾਰ ਨੇ ਅਜਿਹੇ ਪ੍ਰਾਜੈਕਟ ਪੂਰੇ ਕਰਨ ਦਾ ਸਮਾਂ 3 ਸਾਲ ਤੋਂ ਵਧਾ ਕੇ 5 ਸਾਲ ਕਰ ਦਿੱਤਾ ਹੈ। ਇਸ ਤਰ੍ਹਾਂ ਵਧੇਰੇ ਪ੍ਰਾਜੈਕਟ ਹੁਣ ਮੁਨਾਫਾ ਆਧਾਰਤ ਆਮਦਨ ਕਰ ਛੋਟ ਸੀਮਾ ਦਾ ਲਾਭ ਉਠਾ ਸਕਣਗੇ। ਪਹੁੰਚਯੋਗ ਮਕਾਨ ਉਸਾਰੀ ਸਕੀਮ ਵਿੱਚ ਹੁਣ ਤੱਕ ਸਿਰਫ

ਸੀਮਤ ਲੋਕ ਹੀ ਹਿੱਸਾ ਲੈ ਸਕਦੇ ਸਨ ਭਾਵੇਂ ਕਿ ਇਸ ਦੀ ਮੰਗ ਬਹੁਤ ਜ਼ਿਆਦਾ ਸੀ। ਮੁਨਾਫਾ ਅਧਾਰਤ ਛੋਟ ਅਤੇ ਢਾਂਚਾ ਅਧਾਰਤ ਦਰਜੇ ਨਾਲ ਮਕਾਨ ਬਣਾਉਣ ਵਾਲੇ ਹੁਣ ਵਧੇਰੇ ਪਹੁੰਚ ਯੋਗ ਮਕਾਨ ਉਸਾਰੀ ਪ੍ਰਜੈਕਟ ਹੱਥ ਵਿੱਚ ਲੈ ਸਕਣਗੇ ਇਸ ਨਾਲ ਇਸ ਖੇਤਰ ਵਿੱਚ ਨਿੱਜੀ ਖੇਤਰ ਦੀ ਭਾਈਵਾਲੀ ਵਧੇਗੀ।

### ਘੱਟ ਲਾਗਤ ਵਾਲੇ/ਪਹੁੰਚਯੋਗ ਮਕਾਨ ਉਸਾਰਨ ਲਈ ਨਿਯਮ

ਘੱਟ ਲਾਗਤ ਵਾਲੇ/ਪਹੁੰਚਯੋਗ ਮਕਾਨਾਂ ਲਈ ਹੁਣ ਨਿਯਮ ਬਦਲ ਦਿੱਤੇ ਗਏ ਹਨ। ਹੁਣ ਬਿਲਟ ਅੱਪ ਖੇਤਰ 30/60 ਵਰਗ ਮੀਟਰ ਤੋਂ ਬਦਲ ਕੇ ਕਾਰਪੈੱਟ ਖੇਤਰ 30/60 ਵਰਗ ਮੀਟਰ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਸਕੀਮ ਖਰੀਦਦਾਰਾਂ ਲਈ ਹੁਣ ਵਧੇਰੇ ਲਾਹੇਵੰਦ ਸਿੱਧ ਹੋਵੇਗੀ। ਬਿਲਟ ਅੱਪ ਖੇਤਰ ਤੋਂ ਕਾਰਪੈੱਟ ਖੇਤਰ ਵਿੱਚ ਬਦਲਣ ਨਾਲ ਖਰੀਦਦਾਰ ਨੂੰ ਵਧੇਰੇ ਖੁੱਲ੍ਹੇ ਮਕਾਨ ਮਿਲਣਗੇ ਅਤੇ ਬਿਲਡਰ ਵੀ ਹੁਣ ਇਹ ਜਾਇਦਾਦ ਖਰੀਦਦਾਰਾਂ ਦੇ ਵੱਡੇ ਵਰਗ ਨੂੰ ਵੇਚਣ ਦੇ ਯੋਗ ਹੋ ਸਕੇਗਾ। 30 ਵਰਗ ਮੀਟਰ ਦੀ ਸ਼ਰਤ ਚਾਰ ਮੈਟਰੋਪਾਲੀਟਨ ਸ਼ਹਿਰਾਂ ਦੀ ਹੱਦ ਅੰਦਰ ਹੀ ਲਾਗੂ ਹੋਵੇਗੀ ਜਦ ਕਿ ਬਾਕੀ ਇਲਾਕਿਆਂ ਵਿੱਚ, ਜੋ ਕਿ ਮੈਟਰੋ ਦੇ ਖੇਤਰ ਵਿੱਚ ਵੀ ਆਉਂਦੇ ਹਨ, ਉਥੇ ਵੀ 60 ਵਰਗ ਮੀਟਰ ਦੀ ਸ਼ਰਤ ਹੀ ਲਾਗੂ ਹੋਵੇਗੀ।

### ਅਚੱਲ ਜਾਇਦਾਦ ਨੂੰ ਉਸਾਰੀ ਤੋਂ ਬਿਨਾਂ ਰੱਖਣ ਦੀ ਸ਼ਰਤ 3 ਸਾਲ ਤੋਂ ਘਟਾ ਕੇ 2 ਸਾਲ ਕੀਤੀ ਗਈ

2017-18 ਦੇ ਬਜਟ ਵਿੱਚ ਅਚੱਲ ਜਾਇਦਾਦ ਨੂੰ ਮੁਨਾਫਾ ਕਮਾਉਣ ਲਈ ਉਸਾਰੀ ਤੋਂ ਬਿਨਾਂ ਹੀ ਰੱਖਣ ਦੀ ਹੱਦ ਮੌਜੂਦਾ ਦੇ 3 ਸਾਲ ਤੋਂ ਘਟਾ ਕੇ 2 ਸਾਲ ਕਰ ਦਿੱਤੀ ਗਈ ਹੈ। ਇਸ ਨਾਲ ਦੋ ਸਾਲ ਤੋਂ ਬਾਅਦ ਜਾਇਦਾਦ ਵੇਚਣ ਵਾਲਿਆਂ ਉੱਤੇ ਟੈਕਸ ਬੋਝ ਘਟੇਗਾ ਅਤੇ ਅਚੱਲ ਜਾਇਦਾਦ ਖੇਤਰ ਵਿੱਚ ਨਿਵੇਸ਼ ਦੇ ਮੌਕੇ ਵਧਣਗੇ। ਸਰਕਾਰ ਨੇ ਉਸ ਅਧਾਰ ਸਾਲ ਨੂੰ ਵੀ ਬਦਲ ਦਿੱਤਾ ਹੈ ਜਿਸ ਉਤੇ ਕਿਸੇ ਜਾਇਦਾਦ ਨੂੰ ਹਾਸਲ ਕਰਕੇ ਉਸ ਦੀ ਲਾਗਤ ਦੀ ਗਣਨਾ ਕੀਤੀ ਜਾਂਦੀ ਸੀ। ਹੁਣ ਨਵਾਂ ਅਧਾਰ ਸਾਲ 2001 ਹੋਵੇਗਾ ਜਦ ਕਿ ਪਹਿਲਾਂ ਇਹ 1981 ਹੁੰਦਾ ਸੀ। ਇਸ ਨਾਲ ਲੋਕਾਂ ਨੂੰ ਆਪਣੀ ਅਚੱਲ ਜਾਇਦਾਦ ਦੀ ਹਾਸਲ ਕਰਨ ਦੀ ਲਾਗਤ ਵਿੱਚ ਸੁਧਾਰ ਦਾ ਮੌਕਾ ਮਿਲੇਗਾ ਅਤੇ ਕੁੱਲ ਪੂੰਜੀ ਲਾਭਾਂ ਵਿੱਚ ਕਮੀ ਆਵੇਗੀ। ਇਸ ਤੋਂ ਇਲਾਵਾ ਮੁਕੰਮਲ ਹੋਣ ਦਾ ਸਰਟੀਫਿਕੇਟ ਹਾਸਲ ਹੋਣ ਤੋਂ ਬਾਅਦ ਨਾ ਵਿਕੀ ਜਾਇਦਾਦ ਉੱਤੇ ਇਕ ਸਾਲ ਦੀ ਟੈਕਸ ਛੋਟ ਨਾਲ ਬਿਲਡਰਾਂ ਨੂੰ ਕੁੱਝ ਸੁੱਖ ਦਾ ਸਾਹ ਆਵੇਗਾ।

### ਨੈਸ਼ਨਲ ਹਾਊਸਿੰਗ ਬੈਂਕ (ਐੱਨ ਐੱਚ ਬੀ) ਬਜਟ 2017 ਵਿੱਚ 20,000 ਕਰੋੜ ਦੇ ਲਗਭਗ ਨਿੱਜੀ ਮਕਾਨ ਉਸਾਰੀ ਕਰਜ਼ੇ ਨੂੰ ਮੁੜ ਫਾਈਨਾਂਸ ਕਰੇਗਾ

2016 ਦੇ ਸਾਲ ਦੇ ਅੰਤ ਵਿੱਚ ਹੋਈ ਨੋਟਬੰਦੀ ਨਾਲ ਬੈਂਕ ਵਿੱਚ ਵਾਧੂ ਨਕਦੀ ਦੀ ਮਾਤਰਾ ਵਧ ਗਈ ਹੈ ਜਿਸ ਨਾਲ ਦੇਸ਼ ਭਰ ਦੇ ਵੱਡੇ ਬੈਂਕਾਂ ਨੂੰ ਆਪਣੀਆਂ ਵਿਆਜ ਦਰਾਂ ਘਟਾਉਣ ਦੀ ਛੋਟ ਮਿਲ ਗਈ ਹੈ। ਇਸ ਕਟੌਤੀ ਦਾ ਨਾ ਸਿਰਫ ਨਵੇਂ ਮਕਾਨ ਖਰੀਦਣ ਵਾਲਿਆਂ ਵਲੋਂ ਹੀ ਸਵਾਗਤ ਕੀਤਾ ਜਾਵੇਗਾ ਸਗੋਂ ਉਨ੍ਹਾਂ ਮਕਾਨ ਖਰੀਦ ਚੁੱਕੇ ਲੋਕਾਂ ਵਲੋਂ ਵੀ ਜਿਨ੍ਹਾਂ ਨੇ ਕਿ ਤਬਦੀਲ ਹੋਣ ਯੋਗ ਦਰਾਂ ਉੱਤੇ ਮਕਾਨ ਉਸਾਰੀ ਕਰਜ਼ਾ ਲਿਆ ਹੋਇਆ ਹੈ। ਐੱਨ ਐੱਚ ਬੀ ਦੀ ਇਹ ਸਕੀਮ ਮੌਜੂਦਾ ਮਕਾਨ ਮਾਲਕਾਂ ਨੂੰ, ਵਿਸ਼ੇਸ਼ ਤੌਰ ਤੇ ਉਨ੍ਹਾਂ ਨੂੰ, ਜੋ ਕਿ ਪਹਿਲਾਂ ਉੱਚ ਵਿਆਜ ਦਰਾਂ ਦਾ ਸ਼ਿਕਾਰ ਹੋ ਰਹੇ ਹਨ, ਖ਼ੁਸ਼ ਕਰੇਗੀ।

### ਜਾਇਦਾਦ ਦੇ ਵਿਕਾਸ ਲਈ ਸਾਂਝੇ ਵਿਕਾਸ ਸਮਝੌਤੇ ਕਰਨ (ਜੇ ਡੀ ਏ) ਦੇ ਮਾਮਲੇ ਵਿੱਚ ਪੂੰਜੀਗਤ ਲਾਭ ਟੈਕਸ ਦੇਣਦਾਰੀ ਵਿੱਚ ਤਬਦੀਲੀ

ਬਜਟ ਵਿੱਚ ਮੌਜੂਦਾ ਪ੍ਰਬੰਧਾਂ ਵਿੱਚ ਤਬਦੀਲੀ ਦਾ ਪ੍ਰਸਤਾਵ ਕੀਤਾ ਗਿਆ ਹੈ ਅਤੇ ਸਪੱਸ਼ਟ ਕੀਤਾ ਗਿਆ ਹੈ ਕਿ ਜ਼ਮੀਨ ਦਾ ਮਾਲਕ ਜੇ ਕਿਸੇ ਜ਼ਮੀਨ ਦੇ ਸਾਂਝੇ ਵਿਕਾਸ ਦਾ ਸਮਝੌਤਾ ਕਰਦਾ ਹੈ ਤਾਂ ਉਸ ਪ੍ਰਜੈਕਟ ਦੇ ਮੁਕੰਮਲ ਹੋਣ 'ਤੇ ਹੀ ਉਸ ਉੱਤੇ ਪੂੰਜੀਗਤ ਲਾਭ ਟੈਕਸ ਲਗੇਗਾ। ਇਹ ਇਕ ਅਹਿਮ ਤਬਦੀਲੀ ਹੈ ਜਿਸ ਦੀ ਕਿ ਬਹੁਤ ਜ਼ਿਆਦਾ ਲੋੜ ਸੀ ਤਾਂ ਕਿ ਇਸ ਪਹਿਲੂ ਉੱਤੇ ਸਥਿਤੀ ਸਪੱਸ਼ਟ ਹੋ ਸਕੇ ਅਤੇ ਵਿਭਾਗ ਨਾਲ ਮੁਕੱਦਮੇਬਾਜ਼ੀ ਤੋਂ ਬਚਾਅ ਹੋ ਸਕੇ । ਇਸ ਦਾ ਭਾਵ ਹੈ ਕਿ ਜੇ ਕੋਈ ਸਾਂਝਾ ਵਿਕਾਸ ਸਮਝੌਤਾ ਕਿਸੇ ਜਾਇਦਾਦ ਲਈ ਕੀਤਾ ਜਾਂਦਾ ਹੈ ਤਾਂ ਪੂੰਜੀਗਤ ਲਾਭ ਟੈਕਸ ਉਸ ਜਾਇਦਾਦ ਦੀ ਤਿਆਰੀ ਪੂਰੇ ਹੋਣ ਵਾਲੇ ਸਾਲ ਤੋਂ ਹੀ ਦੇਣਾ ਪਵੇਗਾ। ਪੂੰਜੀਗਤ ਲਾਭ ਟੈਕਸ ਘਟਾਉਣ ਵਾਲੇ ਕਈ ਕਦਮਾਂ ਤੋਂ ਇਲਾਵਾ ਇਹ ਕਦਮ ਜ਼ਮੀਨ ਮਾਲਕਾਂ ਲਈ ਹੀ ਲਾਹੇਵੰਦ ਨਹੀਂ ਹੋਵੇਗਾ ਸਗੋਂ ਬਿਲਡਿੰਗ ਬਣਾਉਣ ਵਾਲਿਆਂ ਲਈ ਵੀ ਲਾਹੇਵੰਦ ਹੋਵੇਗਾ ਅਤੇ ਉਨ੍ਹਾਂ ਦੀ ਦੇਣਦਾਰੀ ਘਟੇਗੀ। ਇਸ ਨਾਲ ਜ਼ਮੀਨ ਲੈਣ-ਦੇਣ ਵਿੱਚ ਸੁਧਾਰ ਹੋਵੇਗਾ ਅਤੇ ਜਾਇਦਾਦ ਮਾਰਕੀਟ ਵਿੱਚ ਵਧੇਰੇ ਜ਼ਮੀਨ ਵਿਕਣ ਲਈ ਆਵੇਗੀ ਜੋ ਕਿ ਪਿਛਲੇ ਤਿੰਨ ਸਾਲ ਤੋਂ ਲਟਕ ਰਹੀ ਸੀ।

### 3 ਲੱਖ ਤੋਂ ਵੱਧ ਨਕਦ ਲੈਣ-ਦੇਣ ਨਹੀਂ

ਨੋਟਬੰਦੀ ਮੁਹਿੰਮ ਦੇ ਇਕ ਵਾਧੇ ਵਜੋਂ ਸਰਕਾਰ ਦੀ ਯੋਜਨਾ ਹੈ ਕਿ 3 ਲੱਖ ਤੋਂ ਵੱਧ ਕੋਈ ਨਕਦ ਲੈਣ-ਦੇਣ ਨਾ ਹੋਵੇ। ਅਚੱਲ ਜਾਇਦਾਦ ਖੇਤਰ ਵਿੱਚ ਨੋਟਬੰਦੀ ਤੋਂ ਪਹਿਲਾਂ ਕਈ ਤਰ੍ਹਾਂ ਦਾ ਨਕਦ ਲੈਣ-ਦੇਣ ਸ਼ਾਮਿਲ ਹੁੰਦਾ ਸੀ। ਪਰ ਨੋਟਬੰਦੀ ਤੋਂ ਬਾਅਦ ਹੁਣ ਖਰੀਦਦਾਰ ਅਤੇ ਵੇਚਣ ਵਾਲਾ ਚੌਕਸ ਹੋ ਗਏ ਹਨ ਅਤੇ ਨਕਦ ਲੈਣ-ਦੇਣ ਵਿੱਚ ਕਮੀ ਆਈ ਹੈ। ਇਸ ਲਈ ਇਹ ਧਾਰਾ ਥੋੜ੍ਹੀ ਮਿਆਦ ਵਿੱਚ ਇਸ ਖੇਤਰ ਉਤੇ ਕੋਈ ਪ੍ਰਭਾਵ ਨਹੀਂ ਪਵੇਗੀ ਪਰ ਇਹ ਪਰਦਰਸ਼ਤਾ ਆਰਥਿਕਤਾ ਦੀ ਨੀਂਹ ਮਜ਼ਬੂਤ ਕਰੇਗੀ ਅਤੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰੇਗੀ।

### ਆਂਧਰਾ ਪ੍ਰਦੇਸ਼ ਰਾਜ ਦੀ ਨਵੀਂ ਰਾਜਧਾਨੀ ਵਿਕਸਤ ਕਰਨ ਲਈ ਲੈਂਡ ਪੂਲਿੰਗ ਢੰਗ – ਭੋਂ ਪ੍ਰਾਪਤੀ ਬਿਲ ਤੋਂ ਬਾਅਦ ਇਹ ਅਹਿਮ ਹੋ ਗਿਆ ਹੈ

ਬਜਟ ਵਿੱਚ ਐਲਾਨਿਆ ਗਿਆ ਹੈ ਕਿ ਆਂਧਰ ਪ੍ਰਦੇਸ਼ ਦੀ ਨਵੀਂ ਰਾਜਧਾਨੀ ਉਸਾਰੀ ਜਾ ਰਹੀ ਹੈ ਜੋ ਕਿ ਇਕ ਅਨੋਖੇ ਅਤੇ ਲੈਂਡ ਪੂਲਿੰਗ ਢੰਗ ਨਾਲ ਤਿਆਰ ਹੋ ਰਹੀ ਹੈ। ਇਸ ਵਿੱਚ ਭੋਂ-ਪ੍ਰਾਪਤੀ ਕਾਨੂੰਨ ਦੀ ਵਰਤੋਂ ਨਹੀਂ ਕੀਤੀ ਜਾ ਰਹੀ। ਭੋਂ-ਪ੍ਰਾਪਤੀ ਕਾਨੂੰਨ ਇਕ ਵੱਡਾ ਬਹਿਸ ਵਾਲਾ ਮੁੱਦਾ ਬਣਿਆ ਰਿਹਾ ਹੈ ਅਤੇ ਵੱਡੇ ਵਿਕਾਸ ਵਿੱਚ ਇਹ ਸਭ ਤੋਂ ਵੱਡੀ ਰੁਕਾਵਟ ਸੀ। ਨਵਾਂ ਲੈਂਡ ਪੂਲਿੰਗ ਢੰਗ ਜ਼ਮੀਨ ਸੰਬੰਧੀ ਸਭ

*ਬਾਕੀ ਸਫ਼ਾ 57 ਉੱਤੇ*

# 2017–18 ਦੇ ਸਿਹਤ ਬਜਟ ਵਿੱਚ ਸਿਹਤਮੰਦ ਵਾਧਾ


ਰਾਜੀਵ ਅਹੂਜਾ

2017–18 ਦੇ ਕੇਂਦਰੀ ਬਜਟ ਵਿੱਚ ਸਿਹਤ ਖੇਤਰ ਲਈ ਆਵੰਟਨ 50,283 ਕਰੋੜ ਰੁਪਏ ਕਰ ਦਿੱਤਾ ਗਿਆ ਹੈ, ਜੋ ਪਿਛਲੇ ਬਜਟ ਦੇ 39,533 ਕਰੋੜ ਰੁਪਏ ਦੇ ਮੁਕਾਬਲੇ 27 ਪ੍ਰਤਿਸ਼ਤ ਜ਼ਿਆਦਾ ਹੈ। ਇਹ ਸਪੱਸ਼ਟ ਹੁੰਦਾ ਹੈ ਕਿ ਪਿਛਲੇ 15 ਕੁ ਸਾਲਾਂ ਵਿੱਚ ਸਿਹਤ ਲਈ ਆਵੰਟਨ 2017–18 ਦੇ ਬਜਟ ਵਿੱਚ ਸਭ ਨਾਲੋਂ ਜ਼ਿਆਦਾ ਹੈ। ਹੇਠਾਂ ਦਿੱਤੇ ਚਿੱਤਰ ਨੂੰ ਵੇਖੋ। ਸਹੀ ਅਰਥਾਂ ਵਿੱਚ ਵੀ – ਮਤਲਬ ਮੈਡੀਕਲ ਮਹਿੰਗਾਈ ਦਰ ਨੂੰ ਅਨੁਕੂਲ ਕਰਨ ਤੋਂ ਬਾਅਦ ਵੀ ਜਿਸ ਦੇ ਆਉਣ ਵਾਲੇ ਵਿੱਤੀ ਸਾਲ ਵਿੱਚ ਵੀ ਸਥਿਰ ਰਹਿਣ ਦੀ ਆਸ ਹੈ – ਇਹ ਇਕ ਸਿਹਤਮੰਦ ਵਾਧੇ ਦੀ ਤਰਜਮਾਨੀ ਕਰਦਾ ਹੈ।

ਕੇਂਦਰੀ ਸਿਹਤ ਆਵੰਟਨਾਂ ਅਤੇ ਖਰਚਿਆਂ ਉਤੇ ਇਕ ਝਾਤ ਕੇਂਦਰੀ ਸਿਹਤ ਫੰਡਿੰਗ ਦੇ ਮੁੱਦੇ ਨੂੰ ਸਹੀ ਦ੍ਰਿਸ਼ਟੀਕੋਨ ਤੋਂ ਵੇਖਣ ਵਿੱਚ ਮਦਦ ਕਰੇਗੀ।

ਚਿੱਤਰ–1 2004–05 ਤੋਂ 2017–18 ਤੱਕ ਕੇਂਦਰੀ ਸਿਹਤ ਆਵੰਟਨ ਅਤੇ ਖਰਚ ਦੀ ਵਿਕਾਸ ਦਰ (ਨਾਮਾਤਰ ਰੂਪ ਵਿੱਚ) ਦਰਸਾਉਂਦਾ ਹੈ। ਇਥੇ ਸੰਦਰਭ ਨੂੰ ਧਿਆਨ ਵਿੱਚ ਰੱਖਣਾ ਮਹੱਤਵਪੂਰਨ ਹੈ। ਇਸ ਕਾਲ ਦੌਰਾਨ ਜਨਤਕ ਸਿਹਤ ਉਤੇ ਖਰਚ ਨਾ ਕੇਵਲ ਘੱਟ ਸੀ ਸਗੋਂ ਇਸ ਦਾ ਵਾਧਾ ਵੀ ਘੱਟ ਹੁੰਦਾ ਗਿਆ। ਸੇਵਾ ਦੇਣ ਵਿੱਚ ਸੁਧਾਰ ਕਰਨ ਵਾਸਤੇ ਇਸ ਖਰਚ ਵਿੱਚ ਵਾਧਾ ਕਰਨ ਲਈ 2005-06 ਵਿੱਚ ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ (ਐੱਨ ਆਰ ਐੱਚ ਐੱਮ) ਦੀ ਸ਼ੁਰੂਆਤ ਕੀਤੀ ਗਈ – ਇਹ ਉਹ ਵੇਲਾ ਸੀ ਜਦੋਂ ਦੇਸ਼ ਆਰਥਿਕ ਵਿਕਾਸ ਦਾ ਅਨੁਭਵ ਕਰ ਰਿਹਾ ਸੀ ਅਤੇ ਸਰਕਾਰ ਆਮਦਨੀ ਪੱਖੋਂ ਮਾਲਾਮਾਲ ਸੀ। ਇਸ ਲਈ, 2004–05 ਤੋਂ 2017–18 ਦਰਮਿਆਨ ਕੇਂਦਰੀ ਸਿਹਤ ਆਵੰਟਨ ਇਨ੍ਹਾਂ ਸਾਲਾਂ ਦੌਰਾਨ 10 ਪ੍ਰਤਿਸ਼ਤ ਸਾਲਾਨਾ ਦੀ ਦਰ ਨਾਲੋਂ ਜ਼ਿਆਦਾ ਵਧੇ, ਸਿਰਫ ਲਗਾਤਾਰ 3 ਸਾਲਾਂ ਨੂੰ ਛੱਡ ਕੇ ਮਤਲਬ 2013–14 ਤੋਂ 2015– 16। ਇਹ ਤਿੰਨ ਸਾਲਾਂ ਦਾ ਸਮਾਂ ਉਹ ਸੀ ਜਿਸ ਦੌਰਾਨ ਕੇਂਦਰੀ ਪ੍ਰਸ਼ਾਸਨ ਬਦਲਿਆ ਸੀ ਅਤੇ ਚੌਧਵੇਂ ਵਿੱਤ ਆਯੋਗ ਦੀਆਂ ਸਿਫਾਰਸ਼ਾਂ ਮੁਤਾਬਕ ਰਾਜਾਂ ਨੂੰ ਦਿੱਤੇ ਜਾਣ ਵਾਲੇ ਕਰਾਂ ਦੀ ਹਿੱਸੇਦਾਰੀ ਵਧ ਗਈ ਸੀ ਰਾਜਾਂ ਨੂੰ ਵੱਧ ਕਰ ਦਿੱਤੇ ਜਾਣ ਦਾ ਮਤਲਬ ਸੀ ਰਾਜਾਂ ਨੂੰ ਬਿਨਾਂ ਸ਼ਰਤ ਫੰਡ ਮੁਹੱਈਆ ਕਰਵਾਉਣੇ ਤਾਂ ਕਿ ਉਹ ਆਪਣੇ ਜਨਾਦੇਸ਼ ਪੂਰੇ ਕਰਨ ਦੇ ਯੋਗ ਹੋ ਸਕਣ, ਜਿਨ੍ਹਾਂ ਵਿੱਚ ਸਿਹਤ ਸੇਵਾ ਦੇਣਾ ਵੀ ਸ਼ਾਮਲ ਸੀ। ਕੇਂਦਰੀ ਸਿਹਤ ਆਵੰਟਨ ਵਿੱਚ ਉੱਚ ਵਾਧੇ ਨੇ ਸਿਹਤ ਖਰਚਿਆਂ ਨੂੰ ਵੀ ਉੱਚ ਵਿਕਾਸ ਦੀ ਰਫ਼ਤਾਰ ਦਿੱਤੀ, 2010–11 ਤੱਕ ਜਦੋਂ ਵਿਕਾਸ ਦਰ 10 ਪ੍ਰਤਿਸ਼ਤ ਤੋਂ ਹੇਠਾਂ ਡਿੱਗ ਪਈ ਅਤੇ 2015–16 ਤੱਕ ਇਸੇ ਹਾਲਤ ਵਿੱਚ ਰਹੀ। ਹੁਣ ਇਸ ਵਿੱਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਭਾਵੇਂ ਕਿ 2016–17 ਲਈ ਸਿਹਤ ਖਰਚੇ ਦੇ ਅੰਕੜੇ ਹਾਲੇ ਉਪਲਬਧ ਨਹੀਂ ਹਨ ਪਰ ਸੋਧੇ ਹੋਏ ਅਨੁਮਾਨਾਂ ਮੁਤਾਬਕ ਇਸ ਸਾਲ ਸਿਹਤ ਖਰਚੇ ਵਿੱਚ ਵਾਧਾ 17 ਪ੍ਰਤਿਸ਼ਤ ਦੇ ਲਗਭਗ ਹੋਵੇਗਾ। ਇਕ ਹੋਰ ਮਹੱਤਵਪੂਰਨ ਤੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਭਾਵੇਂ 2015–16 ਦੌਰਾਨ ਸਿਹਤ ਆਵੰਟਨ ਵਿੱਚ 15 ਪ੍ਰਤਿਸ਼ਤ ਦੀ ਵੱਡੀ ਗਿਰਾਵਟ ਆਈ (ਵਿਕਾਸ ਦਰ ਮਨਫੀ 15 ਪ੍ਰਤਿਸ਼ਤ ਹੋਣ ਕਰਕੇ), ਪਰ ਸਿਹਤ ਖਰਚਾ 9 ਪ੍ਰਤਿਸ਼ਤ ਤੋਂ ਵੱਧ ਦੀ ਦਰ ਨਾਲ ਵਧਿਆ, ਜੋ ਮੱਧ ਸਾਲ ਦੀ ਬਜਟ ਸੋਧ ਦੌਰਾਨ ਵਾਧੇ ਵੱਲ ਸੋਧ ਹੋਣ ਦਾ ਸੰਕੇਤ ਦਿੰਦਾ ਹੈ। ਇਸ ਪਿੱਠਭੂਮੀ ਵਿੱਚ, 2017–18 ਦੇ ਬਜਟ ਵਿੱਚ ਸਿਹਤ ਆਵੰਟਨ ਲਈ ਲਗਭਗ 27 ਪ੍ਰਤਿਸ਼ਤ ਦਾ ਵਾਧਾ ਸਿਹਤਮੰਦ ਵਿਕਾਸ ਨੂੰ ਦਰਸਾਉਂਦਾ ਹੈ। ਅਤੇ ਜੇ 2017–18 ਵਿੱਚ ਕੇਂਦਰੀ ਸਿਹਤ ਖਰਚ ਯੋਜਨਾ ਮੁਤਾਬਕ ਸਿਰੇ ਚੜ੍ਹ ਜਾਂਦਾ ਹੈ ਤਾਂ ਇਹ ਸਿਹਤ ਖਰਚਿਆਂ ਵਿੱਚ ਵੀ ਸਿਹਤਮੰਦ ਵਾਧੇ ਦਾ ਲਖਾਇਕ ਹੋਵੇਗਾ। ਅਸੀਂ

ਚਿੱਤਰ–1




*ਸਰੋਤ : ਵੱਖ-ਵੱਖ ਸਾਲਾਂ ਦੇ ਕੇਂਦਰੀ ਬਜਟ ਦੇ ਦਸਤਾਵੇਜ਼*

ਅਜਿਹਾ ਕਿਉਂ ਮੰਨਦੇ ਹਾਂ ਕਿ ਸਿਹਤ ਖਰਚ ਸਿਹਤ ਆਵੰਟਨਾਂ ਦੇ ਬਰਾਬਰ ਹੋਵੇਗਾ? ਪਿਛਲੇ 2 ਸਾਲਾਂ ਵਿੱਚ ਬਜਟ ਦੀ ਵਰਤੋਂ ਦਰ ਵਿੱਚ ਸੁਧਾਰ ਇਸ ਭਰੋਸੇ ਦਾ ਕਾਰਨ ਹੈ। ਤਾਲਿਕਾ-1 ਵੇਖੋ।

| ਚਿੱਤਰ-1 | | | | | | | |
|---|---|---|---|---|---|---|---|
| ਬਜਟ ਦੀ ਵਰਤੋਂ ਦਰ | 2010 2011 | 2011 2012 | 2012 2013 | 2013 2014 | 2014 2015 | 2015 2016 | 2016 2017 |
| ਬਜਟ ਆਵੰਟਨ ਵਿੱਚ ਸੋਧ ਦਾ ਹਿੱਸਾ | 99.6 | 92.9 | 84.9 | 82.6 | 81.5 | 105.0 | 103.7 |
| ਬਜਟ ਆਵੰਟਨ ਵਿੱਚ ਅਸਲ ਦਾ ਹਿੱਸਾ | 97.2 | 85.0 | 80.9 | 80.7 | 81.9 | 105.7 | |

*ਸਰੋਤ : ਵੱਖ-ਵੱਖ ਸਾਲਾਂ ਦੇ ਕੇਂਦਰੀ ਬਜਟ ਦੇ ਦਸਤਾਵੇਜ਼*

## ਬਜਟ ਆਵੰਟਨ ਇਕ ਨੇੜਲੀ ਝਾਤ

ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਬਜਟ ਦੀ ਨੇੜਿਉਂ ਕੀਤੀ ਪੜਤਾਲ, ਜੋ 2017-18 ਦੇ ਕੁੱਲ ਕੇਂਦਰੀ ਸਿਹਤ ਬਜਟ ਦਾ ਲਗਭਗ 94 ਪ੍ਰਤਿਸ਼ਤ ਬਣਦਾ ਹੈ, ਤੋਂ ਕੁੱਝ ਦਿਲਚਸਪ ਪੱਖ ਸਾਹਮਣੇ ਆਉਂਦੇ ਹਨ (ਤਾਲਿਕਾ-2 ਵੇਖੋ)।

| ਤਾਲਿਕਾ-2 : ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦਾ ਬਜਟ | | | | |
|---|---|---|---|---|
| ਕਰੋੜ ਰੁਪਏ ਵਿੱਚ | | | | |
| | ਬਜਟ 2016-17 ਏ | ਬਜਟ 2017-18 ਬੀ | ਅਸਲ ਬਦਲਾਅ ਬੀ-ਏ | ਪ੍ਰਤਿਸ਼ਤ ਬਦਲਾਅ ਪ੍ਰਤਿਸ਼ਤ 'ਚ |
| 1.ਕੇਂਦਰ ਦਾ ਸਥਾਪਤੀ ਖਰਚ | 3804 | 4731 | 927 | 24.4 |
| 2.ਕੇਂਦਰੀ ਖੇਤਰ ਦੀਆਂ ਸਕੀਮਾਂ/ਪ੍ਰਾਜੈਕਟ ਜਿਨ੍ਹਾਂ ਵਿੱਚ | 4789 | 6967 | 2178 | 45.5 |
| ਪ੍ਰਧਾਨ ਮੰਤਰੀ ਸਵਸਥ ਸੁਰੱਖਿਆ ਯੋਜਨਾ ਹੈ। | 2450 | 3975 | 1525 | 62.2 |
| 3. ਕੇਂਦਰੀ ਖੇਤਰ ਦਾ ਦੂਜਾ ਖਰਚ, ਜਿਨ੍ਹਾਂ ਵਿੱਚ | 6607 | 7965 | 1358 | 20.6 |
| ਕਾਨੂੰਨੀ ਅਤੇ ਨਿਯਮਕ ਸਭਾਵਾਂ, | 100 | 171 | 71 | 71.0 |
| ਖ਼ੁਦਮੁਖਤਿਆਰੀ ਸਭਾਵਾਂ ਅਤੇ | 5174 | 6088 | 914 | 17.7 |
| ਦੂਜੇ ਸ਼ਾਮਲ ਹਨ। | 1333 | 1706 | 373 | 28.0 |
| 4. ਕੇਂਦਰ ਵਲੋਂ ਪ੍ਰਾਯੋਜਿਤ ਸਕੀਮਾਂ (ਏ+ਬੀ) | 21862 | 27691 | 5829 | 26.7 |
| (1) ਕੇਂਦਰੀ ਸਿਹਤ ਮਿਸ਼ਨ, ਜਿਸ ਵਿੱਚ | 20362 | 26691 | 6329 | 31.1 |
| ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ, ਰਾਸ਼ਟਰੀ | 18087 | 21189 | 3102 | 17.2 |
| ਸ਼ਹਿਰੀ ਸਿਹਤ ਮਿਸ਼ਨ, ਸਹਾਇਕ ਸੰਭਾਲ | 950 | 752 | 0.0 | 0.0 |
| ਪ੍ਰੋਗਰਾਮ, ਸਿਹਤ ਅਤੇ ਡਾਕਟਰੀ ਸਿੱਖਿਆ | 600 | 4025 | 3425 | 570.8 |
| (2) ਰਾਸ਼ਟਰੀ ਸਿਹਤ ਸੁਰੱਖਿਆ ਸਕੀਮ | 1500 | 1000 | -500 | 33.3 |
| ਕੁੱਲ | 37062 | 47354 | 10292 | 27.8 |

ਸਰੋਤ : 2017-18 ਦਾ ਕੇਂਦਰੀ ਬਜਟ

- ਬਜਟ ਨੂੰ ਸਰਲ ਦਿਸਣ ਅਤੇ ਸਮਝਣ ਲਈ ਇਸ ਦੀਆਂ ਮੱਦਾਂ ਨੂੰ ਪੁਨਰ-ਸੰਗਠਿਤ ਕੀਤਾ ਗਿਆ ਹੈ;

- ਸਿਹਤ ਬਜਟ ਦਾ ਲਗਭਗ 59 ਪ੍ਰਤਿਸ਼ਤ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕੇਂਦਰ ਵਲੋਂ ਪ੍ਰਾਯੋਜਿਤ ਸਕੀਮਾਂ ਤਹਿਤ ਤਬਦੀਲ ਕਰ ਦਿੱਤਾ ਜਾਂਦਾ ਹੈ ਜਿਵੇਂ ਕਿ ਰਾਸ਼ਟਰੀ ਸਿਹਤ ਮਿਸ਼ਨ ਅਤੇ ਰਾਸ਼ਟਰੀ ਸਿਹਤ ਸੁਰੱਖਿਆ ਸਕੀਮਾਂ।

- ਕੇਂਦਰੀ ਖੇਤਰ ਦੀਆਂ ਸਕੀਮਾਂ ਜਿਸ ਵਿੱਚ ਪ੍ਰਧਾਨ ਮੰਤਰੀ ਸਵਾਸਥ ਸੁਰੱਖਿਆ ਯੋਜਨਾ (ਪੀ ਐੱਮ ਐੱਸ ਐੱਸ ਵਾਈ) ਸ਼ਾਮਲ ਹੈ, ਜਿਸ ਅਧੀਨ ਏਮਜ਼ (ਏ ਆਈ ਆਈ ਐੱਮ ਐੱਸ) ਵਰਗੇ ਸੰਸਥਾਨ ਸਥਾਪਤ ਕੀਤੇ ਜਾਂਦੇ ਹਨ ਅਤੇ ਮੈਡੀਕਲ ਕਾਲਜ ਸੰਸਥਾਨਾਂ ਵਿੱਚ ਸੁਧਾਰ ਕੀਤਾ ਜਾਂਦਾ ਹੈ - ਇਨ੍ਹਾਂ ਨੂੰ ਆਵੰਟਨਾਂ ਦਾ ਸਿਰਫ 15 ਪ੍ਰਤਿਸ਼ਤ ਪ੍ਰਾਪਤ ਹੁੰਦਾ ਹੈ;

- ਬਜਟ ਆਵੰਟਨ ਵਿੱਚ ਸਿਹਤ ਅਤੇ ਡਾਕਟਰੀ ਸਿੱਖਿਆ ਲਈ ਮਨੁੱਖੀ ਸਰੋਤਾਂ ਨੂੰ ਸਭ ਤੋਂ ਵੱਡਾ ਵਾਧਾ ਦਿੱਤਾ ਗਿਆ (3425 ਕਰੋੜ ਰੁਪਏ ਦਾ ਵਾਧਾ), ਜਿਸ ਤੋਂ ਬਾਅਦ ਐੱਨ ਆਰ ਐੱਚ ਐੱਮ ਨੂੰ 3100 ਕਰੋੜ ਰੁਪਏ ਅਤੇ ਪੀ ਐੱਮ ਐੱਸ ਐੱਸ ਵਾਈ ਨੂੰ 1525 ਕਰੋੜ ਰੁਪਏ ਦਿੱਤੇ ਗਏ। ਇਨ੍ਹਾਂ ਤਿੰਨ ਮੱਦਾਂ ਨੂੰ ਵਿਭਾਗ ਦੇ ਸਿਹਤ ਆਵੰਟਨ ਦਾ ਲਗਭਗ 80 ਪ੍ਰਤਿਸ਼ਤ ਹਾਸਲ ਹੋਇਆ।

- ਡਾਕਟਰੀ ਅਮਲੇ, ਖ਼ਾਸ ਕਰਕੇ ਮਾਹਰ ਡਾਕਟਰਾਂ ਦੀ ਘਾਟ ਨੂੰ ਵੇਖਦਿਆਂ, ਸਿਹਤ ਲਈ ਮਨੁੱਖੀ ਸਰੋਤਾਂ ਦਾ ਨਿਰਮਾਣ ਸਰਕਾਰ ਦੇ ਏਜੰਡੇ ਵਿੱਚ ਸਭ ਤੋਂ ਉੱਤੇ ਹੈ। ਆਪਣੇ ਬਜਟ ਭਾਸ਼ਨ ਵਿੱਚ ਵਿੱਤ ਮੰਤਰੀ ਨੇ ਹਰੇਕ ਸਾਲ 5000 ਵਾਧੂ ਪੋਸਟ ਗ੍ਰੈਜੂਏਟ ਸੀਟਾਂ ਬਣਾਉਣ ਦਾ ਐਲਾਨ ਕੀਤਾ। ਇਹ ਕੋਈ ਵੱਡੀ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸਿਹਤ ਅਤੇ ਡਾਕਟਰੀ ਸਿੱਖਿਆ ਲਈ ਮਨੁੱਖੀ ਸਰੋਤਾਂ ਅਤੇ ਬਜਟ ਨੂੰ ਇਸ ਸਾਲ ਦੇ ਬਜਟ ਵਿੱਚ ਸਭ ਤੋਂ ਵੱਡਾ ਵਾਧਾ ਦਿੱਤਾ ਗਿਆ।

- ਐੱਨ ਆਰ ਐੱਚ ਐੱਮ ਨੂੰ ਸਿਹਤ ਬਜਟ ਵਿੱਚ ਇਸ ਵਾਰ ਵੀ ਸਭ ਤੋਂ ਵੱਧ ਆਵੰਟਨ ਪ੍ਰਾਪਤ ਹੋਇਆ - ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਕੁੱਲ ਆਵੰਟਨਾਂ ਦਾ ਲਗਭਗ 45 ਪ੍ਰਤਿਸ਼ਤ। ਪਰ ਐੱਨ ਆਰ ਐੱਚ ਐੱਮ ਅੰਦਰ ਆਵੰਟਨ ਇਸ ਅਧੀਨ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਨ ਉਤੇ ਵਧੇਰੇ ਜ਼ੋਰ ਦੇਣ ਦਾ ਸੁਝਾਅ ਦਿੰਦੇ ਹਨ।

- ਬਜਟ ਵਿੱਚ ਦਰਸਾਏ ਪੂੰਜੀਗਤ ਖਰਚੇ ਨੂੰ 2016-17 ਦੇ 1760 ਕਰੋੜ ਰੁਪਏ ਤੋਂ ਵਧਾ ਕੇ 3510 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜਿਸ ਵਿੱਚ ਜ਼ਿਆਦਾਤਰ ਪੂਜੀਗਤ ਖਰਚ ਜਨਤਕ ਹਸਪਤਾਲਾਂ ਉਤੇ ਕੀਤਾ ਜਾਵੇਗਾ ਜਿਨ੍ਹਾਂ ਵਿੱਚ ਪੀ

ਐੱਮ ਐੱਸ ਐੱਸ ਵਾਈ ਅਧੀਨ ਆਉਂਦੇ ਹਸਪਤਾਲ ਵੀ ਸ਼ਾਮਲ ਹਨ।

### ਜਦੋਂ ਜ਼ਿਆਦਾ ਵੀ ਘੱਟ ਹੁੰਦਾ ਹੈ

ਪਰ, ਇਸ ਬਜਟ ਵਿੱਚ ਸਿਹਤ ਆਵੰਟਨ ਲਈ 27 ਪ੍ਰਤਿਸ਼ਤ ਵਾਧੇ ਨੇ ਵੀ ਬਹੁਤ ਸਾਰੇ ਹਿਤਧਾਰਕਾਂ ਨੂੰ ਖ਼ੁਸ਼ ਨਹੀਂ ਕੀਤਾ ਜੋ ਇਸ ਬਜਟ ਵਿੱਚ ਜ਼ਿਆਦਾ ਆਵੰਟਨ ਦੀ ਆਸ ਕਰ ਰਹੇ ਸਨ। ਇਸ ਬਜਟ ਤੋਂ ਜ਼ਿਆਦਾ ਆਸਾਂ ਦੇ ਆਧਾਰ ਦਾ ਕੀ ਕਾਰਨ ਹੋ ਸਕਦਾ ਹੈ? ਬੇਸ਼ੱਕ, ਇਕ ਹੈ ਭਾਰਤ ਦਾ ਜਨਤਕ ਸਿਹਤ ਲਈ ਘੱਟ ਖਰਚ ਕਰਨ ਦਾ ਰਿਕਾਰਡ ਅਤੇ ਦੂਜਾ, ਰਾਸ਼ਟਰੀ ਸਿਹਤ ਸੁਰੱਖਿਆ ਸਕੀਮ ਨਾਲ ਕੋਈ ਐਲਾਨ ਨਾ ਹੋਣਾ ਅਤੇ ਹਾਲ ਹੀ ਵਿੱਚ ਐਲਾਨੇ ਨਵੇਂ ਪ੍ਰੋਗਰਾਮਾਂ ਵਾਸਤੇ ਫੰਡਾਂ ਦੀ ਅਸਪੱਸ਼ਟਤਾ। ਆਉ ਇਨ੍ਹਾਂ ਦੇ ਕਾਰਨਾਂ ਦੀ ਵੇਰਵੇ ਸਹਿਤ ਪੜਚੋਲ ਕਰੀਏ ਜਿਨ੍ਹਾਂ ਕਰਕੇ ਇਸ ਬਜਟ ਤੋਂ ਜ਼ਿਆਦਾ ਆਸਾਂ ਲਾਈਆਂ ਗਈਆਂ ਸਨ।

### ਭਾਰਤ ਵਿੱਚ ਜਨਤਕ ਸਿਹਤ ਉਤੇ ਘੱਟ ਖਰਚ

ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੁੱਲ ਘਰੇਲੂ ਉਤਪਾਦ ਦੇ ਹਿੱਸੇ ਵਜੋਂ ਸਰਕਾਰ ਵਲੋਂ ਸਿਹਤ ਲਈ ਖਰਚ ਕੀਤੇ ਜਾਣ ਦਾ ਪੈਮਾਨਾ ਕੀ ਹੈ (2014-15 ਵਿੱਚ 1.3 ਪ੍ਰਤਿਸ਼ਤ) ਜਾਂ ਕੁੱਲ ਸਰਕਾਰੀ ਖਰਚ ਵਿੱਚ ਕਿੰਨਾ ਹਿੱਸਾ ਹੈ (2014-15 ਵਿੱਚ 4.8 ਪ੍ਰਤਿਸ਼ਤ) ਜਾਂ ਪ੍ਰਤਿ ਵਿਅਕਤੀ ਖਰਚ ਕਿੰਨਾ ਹੈ (2013-14 ਵਿੱਚ 20 ਡਾਲਰ ਤੋਂ ਘੱਟ) - ਭਾਰਤ ਦਾ ਰਿਕਾਰਡ ਇਸ ਦੇ ਨੇੜਲੇ ਗੁਆਂਢੀਆਂ ਦੇ ਮੁਕਾਬਲੇ ਮਾੜਾ ਹੈ। ਪਰ, ਸਰਕਾਰ ਵਲੋਂ ਭਾਰਤ ਵਿੱਚ ਜਨਤਕ ਸਿਹਤ ਲਈ ਖਰਚ ਇਤਿਹਾਸਕ ਤੌਰ ਤੇ ਘੱਟ ਰਿਹਾ ਹੈ। ਇਹ ਆਸ ਕਰਨਾ ਗਲਤ ਹੋਵੇਗਾ ਕਿ ਕੁੱਝ ਹੀ ਬਜਟਾਂ ਵਿੱਚ ਉਸ ਇਤਿਹਾਸਕ ਵਿਗਾੜ ਜਾਂ ਅਸੰਤੁਲਨ ਨੂੰ ਠੀਕ ਕਰ ਦਿੱਤਾ ਜਾਵੇਗਾ ਜੋ ਇਕ ਵਿਰਾਸਤੀ ਮੁੱਦਾ ਹੈ। ਹੋਰ, ਸਰਕਾਰ ਕੁੱਲ ਸਿਹਤ ਖਰਚ ਦਾ ਕੇਵਲ ਇਕ ਤਿਹਾਈ ਹੀ ਖਰਚ ਕਰਦੀ ਹੈ। ਇਸ ਦਾ ਮਤਲਬ ਹੈ ਕਿ ਸਰਕਾਰ ਦਾ ਜ਼ਿਆਦਾਤਰ ਖਰਚ (2/3) ਅਸਲ ਵਿੱਚ ਰਾਜਾਂ ਤੋਂ ਆਉਂਦਾ ਹੈ। ਇਸ ਕਰਕੇ ਭਾਰਤ ਵਿੱਚ ਜਨਤਕ ਸਿਹਤ ਲਈ ਖਰਚ ਵਿੱਚ ਵਾਧਾ ਕਰਨ ਪਿੱਛੇ ਰਾਜਾਂ ਦੀ ਅਹਿਮ ਭੂਮਿਕਾ ਹੈ। ਚੌਧਵੇਂ ਵਿੱਤ ਆਯੋਗ ਦੀਆਂ ਸਿਫਾਰਸ਼ਾਂ ਅਮਲ ਹੇਠ ਆਉਣ ਨਾਲ ਸਿਹਤ ਸੰਭਾਲ ਲਈ ਪੈਸਾ ਜੁਟਾਉਣ ਵਿੱਚ ਰਾਜਾਂ ਦੀ ਭੂਮਿਕਾ ਹੋਰ ਵਧ ਗਈ ਹੈ।

ਰਾਜ ਦੇ ਪੱਧਰ ਉਤੇ ਸਿਹਤ ਸੰਭਾਲ ਦਾ ਮੁੱਦਾ ਸਿਰਫ ਇਸ ਦਾ ਵਿੱਤੀਕਰਨ ਹੀ ਨਹੀਂ ਹੈ। ਰਾਜ ਸਿਹਤ ਸੰਭਾਲ ਸੇਵਾਵਾਂ ਪੁੱਜਦੀਆਂ ਕਰਨ ਲਈ ਵੀ ਜ਼ਿੰਮੇਵਾਰ ਹਨ। ਇਹ ਕੋਈ ਲੁਕੀ ਛਿਪੀ ਗੱਲ ਨਹੀਂ ਕਿ ਜਨਤਕ ਸਿਹਤ ਸੰਭਾਲ ਸੇਵਾਵਾਂ ਦੇਣ ਵਿੱਚ ਅਨੇਕ ਕਮੀਆਂ ਹਨ। ਜਿਹੜੇ ਰਾਜ ਅਮਲ ਕਰਨ ਵਾਲੀਆਂ ਏਜੰਸੀਆਂ ਹਨ ਅਤੇ ਜ਼ਮੀਨੀ ਹਕੀਕਤ ਦੇ ਵੱਧ ਨੇੜੇ ਹਨ, ਉਹ ਚੰਗੀ ਤਰ੍ਹਾਂ ਸਮਝਦੇ ਹਨ ਕਿ ਸਿਹਤ ਸੰਭਾਲ ਸੇਵਾਵਾਂ ਦੇਣਾ ਅਤੇ ਵਿੱਤੀਕਰਨ ਸਿਹਤ ਸੰਭਾਲ ਰੂਪੀ ਗੱਡੀ ਦੇ ਦੋ ਪਹੀਏ ਹਨ। ਬਿਲਕੁਲ ਸਿੱਧੇ ਤੁਰਨ ਲਈ ਦੋਵਾਂ ਪਹੀਆਂ ਨੂੰ ਨਾਲ ਚੱਲਣ ਦੀ ਲੋੜ ਹੈ। ਰਾਜਾਂ ਨੂੰ ਸਿਹਤ ਖੇਤਰ ਤੇ ਹੋਰ ਖਰਚ ਲਈ ਉਤਸ਼ਾਹਿਤ ਕਰਨ ਵਾਸਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਸੁਧਾਰ ਕਰਨਾ ਜ਼ਰੂਰੀ ਹੈ।

ਸਿਹਤ ਸੇਵਾਵਾਂ ਵਿੱਚ ਸੁਧਾਰ ਕਰਨ ਦਾ ਮਤਲਬ ਸਿਰਫ ਸੇਵਾਵਾਂ ਦੇਣ ਵਿਚਲੇ ਖੱਪਿਆਂ ਨੂੰ ਪੂਰਨਾ ਹੀ ਨਹੀਂ ਹੈ। ਸੇਵਾਵਾਂ ਦੇਣ ਦੀ ਪ੍ਰਣਾਲੀ ਵਿੱਚ ਢਾਂਚਾਗਤ ਸੁਧਾਰ ਕਰਨ ਦੀ ਜ਼ਰੂਰਤ ਹੈ ਤਾਂ ਕਿ ਬਿਮਾਰੀਆਂ ਦੇ ਬੋਝ ਵਿੱਚ ਬਦਲਾਅ, ਬੇਹਤਰ ਪ੍ਰਬੰਧਨ ਅਤੇ ਸੇਵਾ ਦੇਣ ਵਾਲੀ ਪ੍ਰਣਾਲੀ ਦੀ ਵਧੇਰੇ ਜਵਾਬਦੇਹੀ ਕਰਕੇ, ਜਨਸੰਖਿਆ ਦੀਆਂ ਲੋੜਾਂ ਮੁਤਾਬਕ ਇਸ ਪ੍ਰਣਾਲੀ ਨੂੰ ਹੁੰਗਾਰਾ ਦੇਣ ਵਾਲੀ ਬਣਾਇਆ ਜਾ ਸਕੇ। ਇਸ ਢਾਂਚਾਗਤ ਸੋਧ ਲਈ ਹਰੇਕ ਰਾਜ ਵਿੱਚ ਸਰਵੋਚ ਰਾਜਨੀਤਕ ਪ੍ਰਤਿਬਧਤਾ, ਮਜ਼ਬੂਤ ਅਗਵਾਈ ਅਤੇ ਦ੍ਰਿਸ਼ਟੀ ਦੀ ਲੋੜ ਹੈ।

### ਰਾਸ਼ਟਰੀ ਸਿਹਤ ਸੁਰੱਖਿਆ ਸਕੀਮ (ਐੱਨ ਐੱਚ ਪੀ ਐੱਸ)

2016 ਦੇ ਆਜ਼ਾਦੀ ਦਿਵਸ ਵਾਲੇ ਭਾਸ਼ਨ ਵਿੱਚ ਪ੍ਰਧਾਨ ਮੰਤਰੀ ਨੇ ਜ਼ਿਕਰ ਕੀਤਾ ਸੀ ਕਿ ਸਰਕਾਰ ਗਰੀਬਾਂ ਨੂੰ ਇਕ ਲੱਖ ਤੱਕ ਦਾ ਸਿਹਤ ਬੀਮਾ ਪ੍ਰਦਾਨ ਕਰਨ ਵਾਲੀ ਸਕੀਮ ਉਤੇ ਕੰਮ ਕਰ ਰਹੀ ਹੈ। ਫ਼ਰਵਰੀ 2016 ਦੇ ਬਜਟ ਭਾਸ਼ਨ ਵਿੱਚ ਵਿੱਤ ਮੰਤਰੀ ਨੇ ਵੀ ਐੱਨ ਐੱਚ ਪੀ ਐੱਸ ਸ਼ੁਰੂ ਕਰਨ ਲਈ ਆਪਣੀ ਸਰਕਾਰ ਦੀ ਇੱਛਾ ਦਾ ਜ਼ਿਕਰ ਕੀਤਾ ਸੀ ਜੋ ਨਾ ਕੇਵਲ ਹਸਪਤਾਲ ਦੇ ਖਰਚਿਆਂ ਲਈ ਜ਼ਿਆਦਾ ਵਿੱਤੀ ਸੁਰੱਖਿਆ ਮੁਹੱਈਆ ਕਰਵਾਏਗੀ ਸਗੋਂ ਜਨਸੰਖਿਆ ਦੇ ਵੱਡੇ ਹਿੱਸੇ ਨੂੰ ਇਸ ਦੇ ਦਾਇਰੇ ਵਿੱਚ ਲਿਆਵੇਗੀ। ਇਸ ਪਿੱਠਭੂਮੀ ਵਿੱਚ, 2017-18 ਦੇ ਬਜਟ ਵਿੱਚ ਸਰਕਾਰ ਵਲੋਂ ਐੱਨ ਐੱਚ ਪੀ ਐੱਸ ਬਾਰੇ ਐਲਾਨ ਕਰਨ ਦੀ ਆਸ ਕੀਤੀ ਜਾ ਰਹੀ ਸੀ। ਕਿਉਂਕਿ ਵਿੱਤ ਮੰਤਰੀ ਨੇ ਅਜਿਹਾ ਕੋਈ ਐਲਾਨ ਨਹੀਂ ਕੀਤਾ, ਇਸ ਨੇ ਲੋਕਾਂ ਦੀਆਂ ਉਮੀਦਾਂ ਉਤੇ ਪਾਣੀ ਫੇਰ ਦਿੱਤਾ।

ਸੰਭਵਤਾ, ਇਸ ਸਕੀਮ ਦਾ ਐਲਾਨ ਅੱਗੇ ਪਾ ਦਿੱਤਾ ਗਿਆ ਹੈ ਅਤੇ ਇਸ ਨੂੰ ਖਤਮ ਨਹੀਂ ਕੀਤਾ ਗਿਆ। ਲਗਦਾ ਹੈ ਕਿ ਪੰਜ ਰਾਜਾਂ ਦੀਆਂ ਵਿਧਾਨ ਸਭਾਈ ਚੋਣਾਂ ਕਰਕੇ ਇਸ ਦਾ ਐਲਾਨ ਕਰਨਾ ਠੀਕ ਨਹੀਂ ਸਮਝਿਆ ਗਿਆ। ਸਰਕਾਰ ਨੇ ਸਾਵਧਾਨੀ ਵਰਤਣ ਦਾ ਫੈਸਲਾ ਕੀਤਾ ਹੋਵੇਗਾ ਕਿਉਂਕਿ ਇਸ ਸਕੀਮ ਦੇ ਐਲਾਨ ਨੂੰ ਪੰਜ ਰਾਜਾਂ ਵਿੱਚ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ ਇਕ ਲੋਕ ਲਭਾਊ ਕਦਮ ਗਰਦਾਨਿਆ ਜਾ ਸਕਦਾ ਸੀ।

ਇਸੇ ਤਰ੍ਹਾਂ, ਹਾਲ ਹੀ ਵਿੱਚ ਐਲਾਨੀਆਂ ਕਈ ਨਵੀਆਂ ਸਕੀਮਾਂ ਬਾਰੇ ਫੰਡ ਪ੍ਰਦਾਨ ਕਰਨ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ। ਮਿਸਾਲ ਦੇ ਤੌਰ ਤੇ ਸੰਸਥਾਗਤ ਜਨਮ ਅਤੇ ਟੀਕਾਕਰਨ ਨੂੰ ਉਤਸ਼ਾਹਿਤ ਕਰਨ ਲਈ ਗਰਭਵਤੀ ਔਰਤਾਂ ਨੂੰ 6000 ਰੁਪਏ ਦਾ ਸਿੱਧਾ ਭੁਗਤਾਨ ਕਰਨ ਦੀ ਸਕੀਮ ਅਤੇ 2017 ਤੱਕ ਕਾਲਾ ਅਜ਼ਰ ਅਤੇ ਫਾਈਕੇਰੀਆ, 2018 ਤੱਕ ਕੋਹੜ, 2020 ਤੱਕ ਖਸਰਾ ਅਤੇ 2025 ਤੱਕ ਟੀ.ਬੀ. ਨੂੰ ਖਤਮ ਕਰਨ ਦੇ ਮਹੱਤਵਕਾਂਸ਼ੀ ਟੀਚਿਆਂ ਦੀ ਪ੍ਰਾਪਤੀ ਰਾਜਾਂ ਵਲੋਂ ਸਰਗਰਮੀਆਂ ਨੂੰ ਅਮਲ ਵਿੱਚ ਲਿਆਉਣ ਦੇ ਨਾਲ-ਨਾਲ ਇਨ੍ਹਾਂ ਸਗਰਮੀਆਂ ਦੇ ਵਿੱਤੀਕਰਨ ਉਤੇ ਵੀ ਨਿਰਭਰ ਕਰਦੀ ਹੈ। ਪਰ, ਇਹ ਫੌਰੀ ਤੌਰ ਤੇ ਸਪੱਸ਼ਟ ਨਹੀਂ ਹੁੰਦਾ ਕਿ ਕੀ ਇਨ੍ਹਾਂ ਸਕੀਮਾਂ ਦੇ ਆਵੰਟਨ ਨੂੰ ਬਜਟ ਵਿੱਚ ਸ਼ਾਮਲ ਕੀਤਾ ਜਾਵੇ? ਜੇ ਕਾਰਜ ਯੋਜਨਾਵਾਂ ਪਹਿਲਾਂ ਹੀ ਬਣਾ ਲਈਆਂ ਗਈਆਂ ਹਨ ਤਾਂ ਇਨ੍ਹਾਂ ਵਿੱਚ ਵਿੱਤੀਕਰਨ ਦਾ ਪ੍ਰਾਵਧਾਨ ਵੀ ਜ਼ਰੂਰ ਰੱਖਿਆ ਗਿਆ ਹੋਵੇਗਾ।

ਹੋਰ, ਵਿੱਤ ਮੰਤਰੀ ਵਲੋਂ ਦੇਸ਼ ਭਰ ਵਿੱਚ ਸਿਹਤ ਉੱਪ ਕੇਂਦਰਾਂ ਨੂੰ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਵਿੱਚ ਬਦਲਣ ਦਾ ਐਲਾਨ ਕੀਤਾ ਗਿਆ ਹੈ। ਦੇਸ਼ ਭਰ ਦੇ 1.5 ਲੱਖ ਸਿਹਤ ਉੱਪ ਕੇਂਦਰਾਂ ਵਿੱਚ ਬਦਲਾਅ ਕਰਨ ਦੀ ਨਾ ਤਾਂ ਕੋਈ ਸਮਾਂ ਸੀਮਾ ਤੈਅ ਕੀਤੀ ਗਈ ਹੈ ਅਤੇ ਨਾ ਹੀ ਇਸ ਲਈ ਪੈਸਾ ਦੇਣ ਬਾਰੇ ਕੋਈ ਵਚਨਬੱਧਤਾ ਪ੍ਰਗਟਾਈ ਗਈ ਹੈ। ਜਾਪਦਾ ਹੈ ਹਾਲੇ ਸਿਰਫ ਵਿਚਾਰ ਪੇਸ਼ ਕੀਤਾ ਗਿਆ ਹੈ ਅਤੇ ਆਉਣ ਵਾਲੇ ਕੁੱਝ ਸਾਲਾਂ ਵਿੱਚ ਇਸ ਲਈ ਪੈਸੇ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਅਖੀਰ ਵਿੱਚ, ਬਜਟ ਵਿੱਚ ਕੀਤੇ ਕੁੱਝ ਹਾਲੀਆ ਐਲਾਨ, ਜਿਵੇਂ ਕਿ ਡ੍ਰਗਜ਼ ਐਂਡ ਕਾਸਮੈਟਿਕ ਨਿਯਮਾਂ ਵਿੱਚ ਸੋਧ ਤਾਂ ਕਿ ਕਿਫਾਇਤੀ ਕੀਮਤਾਂ ਉਤੇ ਦਵਾਈਆਂ ਦੀ ਉਪਲਬਧਤਾ ਯਕੀਨੀ ਬਣਾਈ ਜਾ ਸਕੇ ਅਤੇ ਆਮ ਦਵਾਈਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ, ਅਤੇ ਡਾਕਟਰੀ ਉਪਕਰਨਾਂ ਦੇ ਨਿਯਮਾਂ ਬਾਰੇ ਵੀ ਬਜਟ ਵਿੱਚ ਕੋਈ ਠੋਸ ਐਲਾਨ ਨਹੀਂ ਕੀਤੇ ਗਏ।

ਕੁੱਲ ਮਿਲਾ ਕੇ, ਕੇਂਦਰੀ ਸਿਹਤ ਬਜਟ ਬਹੁਤ ਵਧੀਆ ਹੈ। ਹੁਣ, ਸਾਰੀਆਂ ਨਜ਼ਰਾਂ ਰਾਜਾਂ ਵੱਲ ਲੱਗੀਆਂ ਹੋਈਆਂ ਹਨ ਜਿਹੜੇ ਅਗਲੇ ਕੁੱਝ ਹਫ਼ਤਿਆਂ ਅਤੇ ਮਹੀਨਿਆਂ ਵਿੱਚ ਆਪਣੇ ਬਜਟ ਦਾ ਐਲਾਨ ਕਰਨਗੇ। ਇਹ ਵੇਖਣ ਵਾਲੀ ਗੱਲ ਹੋਵੇਗੀ ਕਿ ਵਿੱਤੀਕਰਨ ਅਤੇ ਸਿਹਤ ਸੇਵਾਵਾਂ ਦੇਣ ਦੇ ਖੇਤਰ ਵਿੱਚ ਤਰਜੀਹੀਕਰਨ ਦੇ ਪਹਾੜ ਜਿੱਡੇ ਕੰਮ ਨੂੰ ਅੰਜਾਮ ਦੇਣ ਲਈ ਕਿਹੜੇ ਰਾਜ ਕਮਰ ਕੱਸਦੇ ਹਨ।

*(ਲੇਖਕ ਵਿਕਾਸ ਖੇਤਰ ਵਿੱਚ 15 ਸਾਲ ਦੇ ਕੰਮਕਾਜੀ ਤਜਰਬੇ ਨਾਲ ਵਿਕਾਸ ਅਰਥਸ਼ਾਸਤਰੀ ਹਨ)*

*e-mail :ahujaahuja@yahoo.com*

***ਸਫ਼ਾ 53 ਦੀ ਬਾਕੀ***

ਤਰ੍ਹਾਂ ਦੇ ਝਗੜਿਆਂ ਨੂੰ ਕਾਫੀ ਘੱਟ ਕਰੇਗਾ ਅਤੇ ਵਿਕਾਸ ਕੰਮਾਂ ਦੀ ਗਤੀ ਵਿੱਚ ਤੇਜ਼ੀ ਆਵੇਗੀ। ਪੂੰਜੀਗਤ ਲਾਭ ਟੈਕਸ ਤੋਂ ਛੋਟ ਮਿਲਣ ਨਾਲ ਉਨ੍ਹਾਂ ਜ਼ਮੀਨ ਮਾਲਕਾਂ ਦੇ ਹੌਸਲੇ ਵਧਣਗੇ ਜਿਨ੍ਹਾਂ ਦੀ ਜ਼ਮੀਨ ਸਰਕਾਰੀ ਸਕੀਮ ਅਧੀਨ ਰਾਜਧਾਨੀ ਸ਼ਹਿਰ ਦੀ ਉਸਾਰੀ ਲਈ ਹਾਸਲ ਕੀਤੀ ਜਾ ਰਹੀ ਹੈ। ਪਰ ਇਹ ਛੋਟ ਸਿਰਫ ਉਨ੍ਹਾਂ ਲਈ ਹੈ ਜੋ 2 ਜੂਨ 2014 ਤੱਕ ਇਸ ਜ਼ਮੀਨ ਦੇ ਮਾਲਕ ਸਨ। ਇਹ ਉਹ ਤਰੀਕ ਹੈ ਜਦੋਂ ਆਂਧਰ ਪ੍ਰਦੇਸ਼ ਰਾਜ ਨੂੰ ਵੱਖਰੀ ਮਾਨਤਾ ਮਿਲੀ ਸੀ।

## ਮੁੱਢਲੀ ਸਲੈਬ ਉੱਤੇ ਆਮਦਨ ਕਰ ਦਰ ਵਿੱਚ 5 ਪ੍ਰਤਿਸ਼ਤ ਕਮੀ

2.5 ਲੱਖ ਤੋਂ 5 ਲੱਖ ਤੱਕ ਆਮਦਨ ਵਾਲੇ ਨਿੱਜੀ ਲੋਕਾਂ ਲਈ ਟੈਕਸ ਦਰ 10 ਪ੍ਰਤਿਸ਼ਤ ਤੋਂ ਘਟਾ ਕੇ 5 ਪ੍ਰਤਿਸ਼ਤ ਕਰ ਦਿੱਤੀ ਗਈ ਹੈ। ਇਸ ਕਦਮ ਨਾਲ ਪਹਿਲੀ ਵਾਰੀ ਮਕਾਨ ਖਰੀਦਣ ਵਾਲਿਆਂ ਨੂੰ ਇਸ ਕੰਮ ਵਿੱਚ ਮਦਦ ਮਿਲੇਗੀ। ਇਸ ਛੋਟ ਨਾਲ ਟੈਕਸ ਦਾਇਰਾ ਹੋਰ ਵਧੇਗਾ ਅਤੇ ਇਸ ਵਰਗ ਵਿੱਚ ਆਉਣ ਵਾਲੇ ਲੋਕਾਂ ਲਈ ਖਰਚ ਯੋਗ ਆਮਦਨ ਵਧੇਗੀ। ਇਸ ਦੇ ਨਾਲ-ਨਾਲ ਖਰਚੇ ਵਾਲੇ ਮਕਾਨਾਂ ਉਤੇ ਮਿਲਣ ਵਾਲੇ ਲਾਭਾਂ ਨਾਲ ਅਤੇ ਬੈਂਕਾਂ ਵਲੋਂ ਵਿਆਜ ਦਰਾਂ ਘਟਾਏ ਜਾਣ ਨਾਲ ਮਕਾਨ ਉਸਾਰੀ ਖੇਤਰ ਨੂੰ ਹੱਲਾਸ਼ੇਰੀ ਮਿਲੇਗੀ।

ਅੰਤ ਵਿੱਚ ਇਸ ਗੱਲ ਨੂੰ ਖਤਮ ਕਰਨ ਵੇਲੇ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਇਹ ਅਚੱਲ ਜਾਇਦਾਦ ਖੇਤਰ ਲਈ ਇਕ ਤਬਦੀਲੀ ਲਿਆਉਣ ਵਾਲਾ ਬਜਟ ਹੈ ਅਤੇ ਸਰਕਾਰ ਨੇ ਟੈਕਸ ਦੇਣਦਾਰੀਆਂ ਪ੍ਰਤਿ ਜਾਗ੍ਰਿਤੀ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸਰਕਾਰ ਨੇ ਆਰਥਿਕ ਪਹਿਲਕਦਮੀਆਂ ਅਤੇ ਨੀਤੀ ਸੁਧਾਰਾਂ ਵਿੱਚ ਤੇਜ਼ੀ ਲਿਆਂਦੀ ਹੈ ਅਤੇ ਇਸ ਦੇ ਨਤੀਜੇ ਮਿਲਣੇ ਸ਼ੁਰੂ ਹੋ ਗਏ ਹਨ। ਨੋਟਬੰਦੀ ਨੇ ਭਾਵੇਂ ਇਕ ਆਰਜ਼ੀ ਨੁਕਸਾਨ ਪਹੁੰਚਾਇਆ ਸੀ ਪਰ ਆਰਥਿਕਤਾ ਜਲਦੀ ਹੀ ਲੀਹ ਉਤੇ ਆ ਜਾਵੇਗੀ। ਵਿਸ਼ੇਸ਼ ਤੌਰ ਤੇ ਅਸੀਂ ਮਾਲ ਅਤੇ ਸੇਵਾ ਟੈਕਸ ਕਾਨੂੰਨ ਤੋਂ ਹੋਣ ਵਾਲੇ ਲਾਭਾਂ ਵੱਲ ਵੇਖ ਰਹੇ ਹਾਂ ਜੋ ਕਿ ਇਸ ਸਾਲ ਦੇ ਦੂਜੇ ਅੱਧ ਵਿੱਚ ਲਾਗੂ ਹੋ ਰਿਹਾ ਹੈ।

ਕੁੱਝ ਮੁਢਲੀਆਂ ਰੁਕਾਵਟਾਂ ਦੂਰ ਕਰਨ ਨਾਲ ਸਾਡੇ ਵਿਕਾਸ ਵਿੱਚ ਤੇਜ਼ੀ ਆਵੇਗੀ ਅਤੇ ਬਾਜ਼ਾਰ ਵਿੱਚ ਮਿਆਰ ਸਮਾਨ ਦੀ ਪੂਰਤੀ ਹੋਵੇਗੀ। ਬਿਲਡਰਾਂ ਵਲੋਂ ਜ਼ਮੀਨ ਮਾਲਕਾਂ ਨਾਲ ਸਾਂਝੇ ਵਿਕਾਸ ਅਤੇ ਭਾਈਵਾਲੀ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਕਿ ਜੋਖਮ ਵੰਡਿਆ ਜਾ ਸਕੇ ਅਤੇ ਪੂੰਜੀ ਦਾ ਖਰਚਾ ਘਟੇ। ਸਰਕਾਰ ਕਿਉਂਕਿ ਕਾਲਾ ਧਨ ਅਚੱਲ ਜਾਇਦਾਦ ਖੇਤਰ ਵਿੱਚੋਂ ਖਤਮ ਕਰਨ ਲਈ ਵਚਨਬੱਧ ਹੈ ਇਸ ਨਾਲ ਸਾਰੇ ਜ਼ਮੀਨੀ ਲੈਣ-ਦੇਣ ਚੈੱਕ ਰਾਹੀਂ ਕਰਨ ਨੂੰ ਉਤਸ਼ਾਹ ਮਿਲੇਗਾ।

ਬਜਟ ਦੇ 10 ਟੀਚਿਆਂ ਦਾ ਉਦੇਸ਼ "ਤਬਦੀਲ ਕਰਨਾ, ਤਾਕਤ ਪ੍ਰਦਾਨ ਕਰਨਾ ਅਤੇ ਸਵੱਛ ਰੱਖਣਾ" ਹੀ ਹੈ ਤਾਂ ਕਿ ਵਿੱਤੀ ਸੰਤੁਲਨ ਬਣਿਆ ਰਹੇ, ਪੂੰਜੀਗਤ ਖਰਚਿਆਂ, ਖਪਤ ਅਤੇ ਵੱਧ ਰਹੀ ਉਤਪਾਦਕਤਾ ਵੱਲ ਧਿਆਨ ਕੇਂਦਰਿਤ ਕੀਤਾ ਜਾ ਸਕੇ।

ਪਹੁੰਚ ਯੋਗ ਮਕਾਨ ਉਸਾਰੀ ਕਈ ਢੰਗਾਂ ਨਾਲ ਬਜਟ ਦੇ ਉਦੇਸ਼ਾਂ ਵਿੱਚ ਸ਼ਾਮਲ ਹੈ। ਪਹੁੰਚਯੋਗ ਮਕਾਨ ਉਸਾਰੀ ਇਕ ਵੱਡੀ, ਜਾਇਜ਼ ਅਤੇ ਨਾ ਪੂਰੀ ਹੋਣ ਵਾਲੀ ਲੋੜ ਹੈ। ਇਸ ਵਿੱਚ ਸ਼ਹਿਰੀ ਮਕਾਨਾਂ ਦੀ 18.9 ਕਰੋੜ ਦੀ ਕਮੀ ਸ਼ਾਮਿਲ ਹੈ ਜਿਸ ਵਿੱਚ 96 ਪ੍ਰਤਿਸ਼ਤ ਸਮਾਜ ਦੇ ਕਮਜ਼ੋਰ ਵਰਗਾਂ ਲਈ ਹਨ। ਇਸ ਹਿਸਾਬ ਨਾਲ ਢੁਕਵੇਂ ਵਿਕਾਸ ਲਈ ਇਸ ਹਿੱਸੇ ਉੱਤੇ ਜ਼ੋਰ ਜ਼ਰੂਰੀ ਹੈ।

ਬਜਟ ਪਹਿਲਕਦਮੀਆਂ ਨੇ ਬਹੁਤ ਸਾਰੇ ਖੇਤਰਾਂ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਘੇਰੇ ਵਿੱਚ ਲਿਆ ਹੈ ਅਤੇ ਬਿਲਡਰਾਂ ਨੂੰ ਪੂੰਜੀ ਲਗਾਉਣ ਲਈ ਉਤਸ਼ਾਹਿਤ ਕੀਤਾ ਹੈ। ਪਹੁੰਚ ਯੋਗ ਮਕਾਨ ਉਸਾਰੀ ਨੂੰ ਢਾਂਚੇ ਦਾ ਦਰਜਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਐੱਨ ਐੱਚ ਬੀ 20,000 ਕਰੋੜ ਰੁਪਏ ਦੇ ਨਿੱਜੀ ਮਕਾਨ ਉਸਾਰੀ ਕਰਜ਼ੇ ਵੀ ਦੇਵੇਗਾ। ਇਸ ਦੇ ਸੰਬੰਧਿਤ ਵਿਕਾਸ, ਟੈਕਸ ਸਲੈਬ ਨੂੰ ਘੱਟ ਕੀਤੇ ਜਾਣ ਅਤੇ ਬੀਤੇ ਦਿਨੀਂ ਵਿਆਜ ਦਰ ਵਿੱਚ ਕਟੌਤੀ ਕੀਤੇ ਜਾਣ ਨਾਲ ਇਸ ਖੇਤਰ ਉੱਤੇ ਚੰਗਾ ਪ੍ਰਭਾਵ ਪਵੇਗਾ।

ਭਾਰਤ ਨੂੰ ਅੱਜ ਨੌਜਵਾਨ ਆਬਾਦੀ ਦੇ ਹਿਸਾਬ ਨਾਲ ਕਾਫੀ ਜਨ ਅੰਕੜਾ ਲਾਭ ਹਾਸਿਲ ਹੈ ਅਤੇ ਇਹ ਕਾਫੀ ਅਹਿਮ ਹੈ ਕਿ ਨੌਕਰੀ ਪੈਦਾ ਕਰਨ ਦੇ ਵੱਧ ਤੋਂ ਵੱਧ ਢੁਕਵੇਂ ਕਦਮ ਚੁੱਕੇ ਜਾਣ। ਮਕਾਨ ਉਸਾਰੀ ਇਕ ਕਾਮਾ ਅਧਾਰਤ ਸੱਨਅਤ ਹੈ ਜਿਸ ਨਾਲ ਇਸ ਖੇਤਰ ਵਿੱਚ ਕਾਫੀ ਆਰਥਿਕ ਸਰਗਰਮੀ ਵੀ ਚਲਦੀ ਹੈ ਅਤੇ ਨੌਕਰੀਆਂ ਪੈਦਾ ਹੁੰਦੀਆਂ ਹਨ। ਇਹ ਭਾਰਤ ਦੇ ਨੌਜਵਾਨਾਂ ਦੀਆਂ ਉਮੀਦਾਂ ਲਈ ਵੀ ਇਕ ਚੰਗਾ ਕਦਮ ਗਿਣਿਆ ਜਾਂਦਾ ਹੈ ਅਤੇ ਇਸ ਵਰਗ ਦੀਆਂ ਖਾਹਿਸ਼ਾਂ ਨੂੰ ਪੂਰਾ ਕਰੇਗਾ। ਇਹ ਬਜਟ ਸਹੀ ਦਿਸ਼ਾ ਵਿੱਚ ਚੁੱਕਿਆ ਗਿਆ ਇਕ ਕਦਮ ਬਣਿਆ ਰਹੇਗਾ।

(ਲੇਖਕ ਪੀ ਐੱਚ ਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ, ਨਵੀਂ ਦਿੱਲੀ ਵਿੱਚ ਡਾਇਰੈਕਟਰ ਹਨ)

*e-mail :ranjeetmehta@gmail.com*

# ਕਮਜ਼ੋਰ ਤਬਕਿਆਂ ਦੀ ਭਲਾਈ ਅਤੇ ਵਿਕਾਸ

ਸ੍ਰੀਕਾਰਾ ਨਾਇਕ, ਅੰਜਲੀ ਬਾਂਸਲ

2017-18 ਦੇ ਕੇਂਦਰੀ ਬਜਟ ਵਿੱਚ ਸਮਾਜ ਦੇ ਕਮਜ਼ੋਰ ਅਤੇ ਦੱਬੇ-ਕੁਚਲੇ ਤਬਕਿਆਂ ਲਈ ਇਕ ਆਸ ਦੀ ਕਿਰਨ ਨਜ਼ਰ ਆਉਂਦੀ ਹੈ। ਸਮੁੱਚੇ ਤੌਰ ਤੇ ਇਸ ਬਜਟ ਦੀ ਪਹੁੰਚ ਦਿਹਾਤੀ ਖੇਤਰਾਂ, ਬੁਨਿਆਦੀ ਢਾਂਚਾ ਅਤੇ ਗਰੀਬੀ ਦੇ ਖਾਤਮੇ ਵਾਲੀ ਹੈ। ਬਜਟ "ਟੀ ਈ ਸੀ ਇੰਡੀਆ" ਦੇ ਸਿਧਾਂਤ ਉਤੇ ਅਧਾਰਤ ਹੈ, ਮਤਲਬ "ਬਦਲਾਉ, ਕ੍ਰਿਆਸ਼ੀਲਤਾ ਅਤੇ ਸਵੱਛ ਭਾਰਤ"। ਸ਼ਬਦ 'ਬਦਲਾਉ' ਅਤੇ 'ਕ੍ਰਿਆਸ਼ੀਲਤਾ' ਅਤੇ ਸਾਫ ਸਫਾਈ ਸਮਾਜ ਦੇ ਦੱਬੇ ਕੁਚਲੇ ਤੇ ਕਮਜ਼ੋਰ ਤਬਕਿਆਂ ਲਈ ਵਿਸ਼ੇਸ਼ ਪ੍ਰਸੰਗਿਕ ਹਨ। ਬਜਟ ਵਿੱਚ ਸ਼ਾਸਨ ਦੀ ਗੁਣਵੱਤਾ ਵਿੱਚ ਬਦਲਾਅ ਲਿਆਉਣ ਦੀ ਕਲਪਨਾ ਕੀਤੀ ਗਈ ਹੈ ਜਿਸ ਦਾ ਲੋਕਾਂ ਦੇ ਜੀਵਨ ਪੱਧਰ ਉਤੇ ਸਿੱਧਾ ਅਸਰ ਪੈਂਦਾ ਹੈ। ਇਸ ਦਾ ਨਿਸ਼ਾਨਾ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਕ੍ਰਿਆਸ਼ੀਲ ਬਣਾਉਣਾ ਹੈ, ਖ਼ਾਸ ਕਰਕੇ ਦੱਬੇ ਕੁਚਲੇ ਵਰਗ, ਜਿਸ ਦਾ ਮੁੱਖ ਉਦੇਸ਼ ਉਨ੍ਹਾਂ ਦੀ ਸਹੀ ਪ੍ਰਤਿਭਾ ਨੂੰ ਸਾਹਮਣੇ ਲਿਆਉਣਾ ਅਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਕਰਨਾ ਹੈ।

ਸਮਾਜਕ ਸਮੂਹ, ਜਿਵੇਂ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਔਰਤਾਂ, ਬੱਚੇ, ਘੱਟ ਗਿਣਤੀਆਂ ਅਤੇ ਅਪੰਗਤਾ ਵਾਲੇ ਲੋਕਾਂ ਉਤੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਬਜਟ ਸਰਕਾਰ ਵਲੋਂ ਇਨ੍ਹਾਂ ਸਮਾਜਕ ਸਮੂਹਾਂ ਦੇ ਰੁਤਬੇ ਵਿੱਚ ਸੁਧਾਰ ਕਰਨ ਦੀ ਇੱਛਾ ਨੂੰ ਦਰਸਾਉਂਦਾ ਹੈ ਜੋ ਉਨ੍ਹਾਂ ਦੇ ਸਮਾਜਕ-ਆਰਥਿਕ ਸ਼ਕਤੀਕਰਨ ਰਾਹੀਂ ਕੀਤਾ ਜਾਵੇਗਾ। ਵੱਖ-ਵੱਖ ਮੰਤਰਾਲਿਆਂ/ ਵਿਭਾਗਾਂ ਵਿੱਚ ਇਨ੍ਹਾਂ ਸਮੂਹਾਂ ਲਈ ਬਜਟ ਆਵੰਟਨ ਵਿੱਚ ਵਰਣਨਯੋਗ ਵਾਧਾ ਕੀਤਾ ਗਿਆ ਹੈ। ਕੁੱਝ ਵੱਡੇ ਆਵੰਟਨ ਹੇਠਾਂ ਦੱਸੇ ਜਾ ਰਹੇ ਹਨ:

- 'ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਆਵੰਟਨ' ਜਿਸ ਨੂੰ ਪਹਿਲਾਂ 2016-17 ਤੱਕ ਅਨੁਸੂਚਿਤ ਜਾਤੀਆਂ ਉਪ-ਯੋਜਨਾ (ਐੱਸ ਸੀ ਐੱਸ ਪੀ) ਕਿਹਾ ਜਾਂਦਾ ਸੀ, ਨੂੰ 2016-17 ਦੇ 38,833 ਕਰੋੜ ਰੁਪਏ (ਬੀ ਈ) ਤੋਂ ਵਧਾ ਕੇ 2017-18 (ਬੀ ਈ) ਵਿੱਚ 52,393 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਹ ਵਾਧਾ 35 ਪ੍ਰਤਿਸ਼ਤ ਬਣਦਾ ਹੈ।

- 'ਅਨੁਸੂਚਿਤ ਜਨ ਜਾਤੀਆਂ ਲਈ ਆਵੰਟਨ' (ਜਿਸ ਨੂੰ ਪਹਿਲਾਂ ਅਨੁਸੂਚਿਤ ਜਨ ਜਾਤੀ ਉਪ-ਯੋਜਨਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ) ਨੂੰ 2016-17 ਦੇ 24005 ਕਰੋੜ ਰੁਪਏ (ਬੀ ਈ) ਤੋਂ ਵਧਾ ਕੇ 2017-18 (ਬੀ ਈ) ਵਿੱਚ 31,920 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਹ ਵਾਧਾ 33 ਪ੍ਰਤਿਸ਼ਤ ਦੇ ਲਗਭਗ ਬਣਦਾ ਹੈ।

- 'ਲਿੰਗਕ ਬਜਟ' ਲਈ ਆਵੰਟਨ 2016-17 (ਬੀ ਈ) ਦੇ 90769.80 ਕਰੋੜ ਰੁਪਏ ਤੋਂ ਵਧਾ ਕੇ 2017-18 (ਬੀ ਈ) ਵਿੱਚ 113326.65 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਹ ਇਜ਼ਾਫਾ 24.85 ਪ੍ਰਤਿਸ਼ਤ ਬਣਦਾ ਹੈ।

- 'ਬੱਚਿਆਂ ਦੀ ਭਲਾਈ ਲਈ ਆਵੰਟਨ' 2016-17 (ਬੀ ਈ) ਦੇ 65758.45 ਕਰੋੜ ਤੋਂ ਵਧਾ ਕੇ 2017-18 (ਬੀ ਈ) ਵਿੱਚ 71305.35 ਕਰੋੜ ਰੁਪਏ ਹੋ ਗਿਆ ਹੈ। ਮਤਲਬ 8.44 ਪ੍ਰਤਿਸ਼ਤ ਇਜ਼ਾਫਾ ਕੀਤਾ ਗਿਆ ਹੈ।

- ਘੱਟ ਗਿਣਤੀ ਮੰਤਰਾਲੇ ਨੂੰ 2016-17 (ਬੀ ਈ) ਦੇ 3827 ਕਰੋੜ ਰੁਪਏ ਦੇ ਮੁਕਾਬਲੇ ਆਵੰਟਨ 2017-18 (ਬੀ ਈ) ਵਿੱਚ ਵਧਾ ਕੇ 4195 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਹ ਵਾਧਾ ਲਗਭਗ 8.76 ਪ੍ਰਤਿਸ਼ਤ ਬਣਦਾ ਹੈ।

ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਦੇ ਮਾਮਲੇ ਵਿੱਚ 26 ਕੇਂਦਰੀ ਮੰਤਰਾਲਿਆਂ/ਵਿਭਾਗਾਂ ਵਲੋਂ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਆਵੰਟਨ ਕੀਤਾ ਗਿਆ ਹੈ ਜਦ ਕਿ 32 ਕੇਂਦਰੀ ਮੰਤਰਾਲਿਆਂ/ਵਿਭਾਗਾਂ ਵਲੋਂ ਅਨੁਸੂਚਿਤ ਜਨ ਜਾਤੀਆਂ ਲਈ ਆਵੰਟਨ ਕੀਤੇ ਗਏ ਹਨ। ਭਾਵੇਂ ਕਿ ਸਮੂਹਿਕ ਆਵੰਟਨ ਵਿੱਚ ਕਾਫੀ ਵਾਧਾ ਕੀਤਾ ਗਿਆ ਹੈ, ਕੁੱਝ ਸਕੀਮਾਂ ਜੋ ਧਿਆਨ ਖਿੱਚ ਸਕਦੀਆਂ ਹਨ, ਉਹ ਖੇਤੀਬਾੜੀ, ਪੀਣ ਵਾਲੇ ਪਾਣੀ ਦੀ ਪੂਰਤੀ, ਮਕਾਨ, ਸਿਹਤ, ਸਿੱਖਿਆ ਆਦਿ ਦੇ ਖੇਤਰਾਂ ਵਿੱਚ ਹਨ ਜਿਨ੍ਹਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਤਾਲਿਕਾ-1 ਅਤੇ 2 ਵਿੱਚ ਵੱਖੋ-ਵੱਖਰੇ ਦਿਖਾਇਆ ਗਿਆ ਹੈ।

'ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ( ਪੀ ਐੱਮ ਐੱਫ ਬੀ ਵਾਈ)' ਅਤੇ 'ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ (ਪੀ ਐੱਮ ਕੇ ਐੱਸ ਵਾਈ)' ਦੇ ਆਵੰਟਨ ਵਿੱਚ 2016-17 ਦੇ ਮੁਕਾਬਲੇ 2017-18 ਵਿੱਚ ਕ੍ਰਮਵਾਰ 61 ਪ੍ਰਤਿਸ਼ਤ ਅਤੇ 41 ਪ੍ਰਤਿਸ਼ਤ ਇਜ਼ਾਫਾ ਕੀਤਾ ਗਿਆ ਹੈ। 'ਕਿਸਾਨਾਂ ਨੂੰ ਥੋੜ੍ਹੇ ਸਮੇਂ ਦੇ ਕਰਜ਼ਿਆਂ ਦੇ ਵਿਆਜ ਉਤੇ ਸਬਸਿਡੀ' ਦੀ ਯੋਜਨਾ 2017-18 ਵਿੱਚ ਸ਼ੁਰੂ ਕੀਤੀ ਜਾਣ ਵਾਲੀ ਨਵੀਂ ਸਕੀਮ ਹੈ ਜਿਸ ਲਈ 15,000 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸ ਵਿੱਚੋਂ 2430 ਕਰੋੜ ਰੁਪਏ ਅਨੁਸੂਚਿਤ ਜਾਤੀਆਂ ਲਈ ਰੱਖੇ ਜਾਣਗੇ। ਕੁੱਝ ਹੋਰ ਪ੍ਰਮੁੱਖ ਸਕੀਮਾਂ ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀਆਂ ਲਈ ਆਵੰਟਨ ਦਾ ਵਾਧਾ ਕੀਤਾ ਗਿਆ ਹੈ, ਉਹ ਹਨ 'ਸਵੱਛ ਭਾਰਤ ਮਿਸ਼ਨ - ਦਿਹਾਤੀ (55 ਪ੍ਰਤਿਸ਼ਤ), 'ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੀ ਐੱਮ ਏ ਵਾਈ) - ਦਿਹਾਤੀ (50 ਪ੍ਰਤਿਸ਼ਤ), ਅਤੇ 'ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀ ਐੱਮ ਕੇ ਵੀ ਵਾਈ)' (51 ਪ੍ਰਤਿਸ਼ਤ)।

'ਅਨੁਸੂਚਿਤ ਜਨਜਾਤੀਆਂ ਦੀ ਭਲਾਈ ਵਾਸਤੇ

ਜਿੱਥੇ ਆਵੰਟਨ ਵਿੱਚ ਅਜਿਹੀਆਂ ਸਕੀਮਾਂ ਵਿੱਚ ਵੀ ਬਰਾਬਰ ਦਾ ਇਜ਼ਾਫਾ ਕੀਤਾ ਜਾਵੇਗਾ। 'ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ (ਪੀ ਐੱਮ ਐੱਫ ਬੀ ਵਾਈ) ਵਿੱਚ 83 ਪ੍ਰਤਿਸ਼ਤ ਵਾਧਾ ਕੀਤਾ ਜਾਵੇਗਾ ਅਤੇ 'ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ (ਪੀ ਐੱਮ ਕੇ ਐੱਸ ਵਾਈ)' ਵਿੱਚ 45 ਪ੍ਰਤਿਸ਼ਤ ਵਾਧਾ ਕੀਤਾ ਜਾਵੇਗਾ, 'ਸਵੱਛ ਭਾਰਤ ਮਿਸ਼ਨ ਦਿਹਾਤੀ' ਵਿੱਚ 55 ਪ੍ਰਤਿਸ਼ਤ ਇਜ਼ਾਫਾ ਕੀਤਾ ਜਾਵੇਗਾ, 'ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੀ ਐੱਮ ਏ ਵਾਈ)' ਦਿਹਾਤੀ ਵਿੱਚ 39 ਪ੍ਰਤਿਸ਼ਤ ਵਾਧਾ ਕੀਤਾ ਜਾਵੇਗਾ ਅਤੇ 'ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀ ਐੱਮ ਕੇ ਵੀ ਵਾਈ) ਵਿੱਚ 2016-17 ਦੇ ਮੁਕਾਬਲੇ 2017-18 ਦੇ ਆਵੰਟਨ ਵਿੱਚ 51 ਪ੍ਰਤਿਸ਼ਤ ਦਾ ਵਾਧਾ ਕੀਤਾ ਜਾਵੇਗਾ। 2017-18 ਵਿੱਚ ਇਕ ਨਵੀਂ ਸ਼ੁਰੂ ਕੀਤੀ ਜਾਣ ਵਾਲੀ ਸਕੀਮ - ਕਿਸਾਨਾਂ ਨੂੰ ਅਲਪਕਾਲੀ ਕਰਜ਼ੇ ਦੇ ਵਿਆਜ ਉਤੇ ਸਬਸਿਡੀ ਲਈ ਜਨਜਾਤੀਆਂ ਵਾਸਤੇ 1200 ਕਰੋੜ ਰੁਪਏ ਦਾ ਆਵੰਟਨ ਕੀਤਾ ਜਾਵੇਗਾ, ਜਿਸ ਨੂੰ ਤਾਲਿਕਾ-2 ਵਿੱਚ ਦਿਖਾਇਆ ਗਿਆ ਹੈ।

ਇਸ ਬਜਟ ਵਿੱਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਦੂਜੀਆਂ ਪਛੜੀਆਂ ਜਾਤੀਆਂ, ਘੱਟ ਗਿਣਤੀਆਂ ਅਤੇ ਅਪੰਗਤਾ ਵਾਲੇ ਵਿਅਕਤੀਆਂ ਲਈ ਕੰਮ ਕਰਨ ਵਾਲੇ ਨੋਡਲ ਮੰਤਰਾਲਿਆਂ/ਵਿਭਾਗਾਂ ਲਈ ਅਨੁਕੂਲ ਖਰਚੇ ਦੀ ਰੂਪਰੇਖਾ ਦਿਖਾਈ ਦਿੰਦੀ ਹੈ। ਤਾਲਿਕਾ-3 ਇਨ੍ਹਾਂ ਸਮਾਜਿਕ ਸਮੂਹਾਂ ਲਈ ਕੰਮ ਕਰਨ ਵਾਲੇ ਮੰਤਰਾਲਿਆਂ/ਵਿਭਾਗਾਂ ਲਈ ਕੀਤੇ ਬਜਟ ਆਵੰਟਨ ਨੂੰ ਦਰਸਾਉਂਦਾ ਹੈ।

ਸਿੱਖਿਆ ਦੀ ਘਾਟ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਪਛੜੇਵੇਂ ਦਾ ਇਕ ਵੱਡਾ ਕਾਰਨ ਹੈ। ਇਹ ਵੇਖਿਆ ਗਿਆ ਹੈ ਕਿ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਸਕੂਲ ਛੱਡਣ ਦੀ ਦਰ ਰਾਸ਼ਟਰੀ ਔਸਤ ਨਾਲੋਂ ਜ਼ਿਆਦਾ ਹੈ। ਇਸ ਦਾ ਇਕ ਮੁੱਖ ਕਾਰਨ ਪਰਿਵਾਰਾਂ ਦੀ ਕਮਜ਼ੋਰ ਆਰਥਿਕ ਸਥਿਤੀ ਹੈ। ਜ਼ਿਆਦਾਤਰ ਮਾਮਲਿਆਂ ਵਿੱਚ ਵਿਦਿਆਰਥੀ ਇਸ ਲਈ ਸਕੂਲ ਛੱਡ ਦਿੰਦੇ ਹਨ ਕਿ ਜਾਂ ਤਾਂ ਉਨ੍ਹਾਂ ਦੇ ਮਾਪੇ ਪੜ੍ਹਾਈ ਜ਼ਾਰੀ ਰੱਖਣ ਦੇ ਸਮਰੱਥ ਨਹੀਂ ਹੁੰਦੇ ਜਾਂ ਵਿਦਿਆਰਥੀ ਪਰਿਵਾਰ ਦੀ ਆਮਦਨ ਵਿੱਚ ਵਾਧਾ ਕਰਨ ਲਈ ਕੰਮ ਕਰਨ ਵਾਸਤੇ ਮਜਬੂਰ ਹੋ ਜਾਂਦੇ ਹਨ। ਇਸ ਮਸਲੇ ਉਤੇ ਬਜਟ ਵਿੱਚ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਉਦਾਹਰਣ ਦੇ ਲਈ, ਇਸ ਬਜਟ ਵਿੱਚ ਕਮਜ਼ੋਰ ਤਬਕਿਆਂ ਦੇ ਬੱਚਿਆਂ ਲਈ ਵਜ਼ੀਫਾ ਸਕੀਮ ਵਾਸਤੇ ਆਵੰਟਨ ਵਿੱਚ ਵੱਡਾ ਵਾਧਾ ਕੀਤਾ ਗਿਆ ਹੈ। ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਵਜ਼ੀਫਾ (ਪੀ ਐੱਮ ਐੱਸ) ਅਧੀਨ 2016-17 ਦੇ 2791 ਕਰੋੜ ਰੁਪਏ ਦੇ ਮੁਕਾਬਲੇ 2017-18 ਵਿੱਚ 3348 ਕਰੋੜ ਰੁਪਏ ਆਵੰਟਿਤ ਕੀਤੇ ਗਏ ਹਨ। ਇਹ ਇਜ਼ਾਫਾ 20 ਪ੍ਰਤਿਸ਼ਤ ਬਣਦਾ ਹੈ।

ਘਰ ਤੋਂ ਸਕੂਲ ਦੀ ਦੂਰੀ ਕਮਜ਼ੋਰ ਤਬਕਿਆਂ ਦੇ ਬੱਚਿਆਂ ਵਲੋਂ ਸਕੂਲ ਛੱਡਣ ਦਾ ਇਕ ਹੋਰ ਵੱਡਾ ਕਾਰਨ ਹੈ, ਖ਼ਾਸ ਕਰਕੇ ਲੜਕੀਆਂ ਲਈ। 2017-18 ਦੇ ਬਜਟ ਵਿੱਚ ਇਸ ਸਮੱਸਿਆ ਵੱਲ ਵੀ ਧਿਆਨ ਦਿੱਤਾ ਗਿਆ ਹੈ। ਅਨੁਸੂਚਿਤ ਜਾਤੀਆਂ ਦੇ ਲੜਕਿਆਂ ਅਤੇ ਲੜਕੀਆਂ ਲਈ ਹੋਸਟਲ ਦੀ ਉਸਾਰੀ ਲਈ ਆਵੰਟਨ 2017-18 (ਬੀ ਈ) ਦੇ ਬਜਟ ਵਿੱਚ 155 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ 2016-17 (ਬੀ ਈ) ਦੇ ਬਜਟ ਵਿੱਚ 45 ਕਰੋੜ ਰੁਪਏ ਸੀ। ਅਨੁਸੂਚਿਤ ਜਾਤੀਆਂ ਲਈ ਉਚੇਰੀ ਸਿੱਖਿਆ ਵਾਸਤੇ ਹੋਰ ਸਕੀਮਾਂ ਵੀ ਮੌਜੂਦਾ ਹਨ, ਜਿਵੇਂ ਕਿ ਅਨੁਸੂਚਿਤ ਜਾਤੀ ਵਿਦਿਆਰਥੀਆਂ ਲਈ ਰਾਸ਼ਟਰੀ ਫੈਲੋਸ਼ਿਪ, ਜਿਸ ਵਾਸਤੇ ਆਵੰਟਨ 2017-18 (ਬੀ ਈ) ਵਿੱਚ 230 ਕਰੋੜ ਰੁਪਏ ਕਰ ਦਿੱਤਾ ਗਿਆ ਹੈ। 2016-17 (ਬੀ ਈ) ਵਿੱਚ ਇਹ ਅੰਕੜਾ 200 ਕਰੋੜ ਰੁਪਏ ਸੀ। 'ਪ੍ਰਧਾਨ ਮੰਤਰੀ ਖੋਜ ਫੈਲੋਸ਼ਿਪ' ਇਕ ਨਵੀਂ ਸਕੀਮ ਹੈ ਜਿਸ ਨੂੰ ਉਚੇਰੀ ਸਿੱਖਿਆ ਵਿਭਾਗ ਵਲੋਂ ਲਾਗੂ ਕੀਤਾ ਜਾਵੇਗਾ। ਇਸ ਸਕੀਮ ਵਿੱਚ 2017-18 ਅੰਦਰ ਅਨੁਸੂਚਿਤ

ਤਾਲਿਕਾ-1 : ਪ੍ਰਮੁੱਖ ਸਕੀਮਾਂ ਤਹਿਤ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਆਵੰਟਨ

ਰੁਪਏ (ਕਰੋੜਾਂ ਵਿੱਚ)

| ਮੰਤਰਾਲੇ/ਵਿਭਾਗ | ਸਕੀਮਾਂ | ਬੀ ਈ 2016-17 | ਬੀ ਈ 2017-18 | ਪ੍ਰਤਿਸ਼ਤ ਵਾਧਾ |
|---|---|---|---|---|
| ਖੇਤੀਬਾੜੀ, ਸਹਿਕਾਰੀ ਅਤੇ ਕਿਸਾਨ ਭਲਾਈ | ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ | 921.00 | 1484.67 | 61.20 |
| ਖੇਤੀਬਾੜੀ, ਸਹਿਕਾਰੀ ਅਤੇ ਕਿਸਾਨ ਭਲਾਈ | ਕਿਸਾਨਾਂ ਲਈ ਥੋੜ੍ਹੇ ਸਮੇਂ ਦੇ ਕਰਜ਼ਿਆਂ ਦੇ ਵਿਆਜ ਉਤੇ ਸਬਸਿਡੀ | - | 2430.00 | ਨਵੀਂ ਸਕੀਮ |
| ਖੇਤੀਬਾੜੀ, ਸਹਿਕਾਰੀ ਅਤੇ ਕਿਸਾਨ ਭਲਾਈ | ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ | 391.32 | 550.80 | 40.75 |
| ਪੀਣ ਵਾਲਾ ਪਾਣੀ ਅਤੇ ਸਾਫ ਸਫਾਈ | ਸਵੱਛ ਭਾਰਤ ਮਿਸ਼ਨ - ਦਿਹਾਤੀ | 1980.00 | 3068.62 | 54.98 |
| ਪੀਣ ਵਾਲਾ ਪਾਣੀ ਅਤੇ ਸਾਫ ਸਫਾਈ | ਰਾਸ਼ਟਰੀ ਦਿਹਾਤੀ ਪੀਣ ਵਾਲਾ ਪਾਣੀ ਮਿਸ਼ਨ | 1100.00 | 1331.00 | 21 |
| ਸਿਹਤ ਤੇ ਪਰਿਵਾਰ ਭਲਾਈ | ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ | 3931.02 | 4272.93 | 8.69 |
| ਦਿਹਾਤੀ ਵਿਕਾਸ | ਪ੍ਰਧਾਨ ਮੰਤਰੀ ਆਵਾਸ ਯੋਜਨਾ - ਦਿਹਾਤੀ | 5116.74 | 7652.72 | 49.56 |
| ਹੁਨਰ ਵਿਕਾਸ | ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ | 311.00 | 470.00 | 51.12 |
| ਸਕੂਲੀ ਸਿੱਖਿਆ ਅਤੇ ਸਾਖਰਤਾ | ਨਵੋਦਿਆ ਵਿਦਿਆਲਾ ਸਕੀਮ | 380.00 | 418.27 | 10.07 |

ਜਾਤੀ ਵਿਦਿਆਰਥੀਆਂ ਦੀ 12 ਕਰੋੜ ਰੁਪਏ ਦੀ ਹਿੱਸੇਦਾਰੀ ਹੋਵੇਗੀ। ਅਨੁਸੂਚਿਤ ਜਾਤੀਆਂ ਦੇ ਸ਼ਹਿਰੀ ਹੱਕਾਂ ਦੀ ਰਾਖੀ, ਜੋ ਆਮ ਤੌਰ ਤੇ ਤਥਾਕਥਿਤ ਉੱਚ ਜਾਤੀਆਂ ਵਲੋਂ ਕੀਤੇ ਜਾਂਦੇ ਵੱਖ-ਵੱਖ ਤਰ੍ਹਾਂ ਦੇ ਤਸ਼ੱਦਦ ਅਤੇ ਪ੍ਰਤਾੜਨਾ ਦੇ ਸ਼ਿਕਾਰ ਹੁੰਦੇ ਹਨ, ਇਹ ਵੀ ਸਰਕਾਰ ਦੇ ਤਰਜੀਹੀ ਖੇਤਰਾਂ ਵਿੱਚ ਸ਼ਾਮਲ ਹੈ ਜਿਸ ਨੂੰ 2017-18 ਦੇ ਕੇਂਦਰੀ ਬਜਟ ਵਿੱਚ ਵੀ ਢੁਕਵੇਂ ਤਰੀਕੇ ਨਾਲ ਦਰਸਾਇਆ ਗਿਆ ਹੈ। 'ਸ਼ਹਿਰੀ ਹੱਕਾਂ ਦੀ ਰਾਖੀ ਲਈ ਐਕਟ, 1995 ਦੀ ਪਾਲਣਾ ਨੂੰ ਮਜਬੂਤ ਕਰਨ ਵਾਸਤੇ ਤੰਤਰ ਦੀ ਮਜਬੂਤੀ' ਅਤੇ 'ਜ਼ੁਲਮਾਂ ਦੀ ਰੋਕਥਾਮ ਐਕਟ, 1989' ਜਿਹੀਆਂ ਸਕੀਮਾਂ ਅਧੀਨ ਆਵੰਟਨ ਵਿੱਚ 100 ਪ੍ਰਤਿਸ਼ਤ ਵਾਧਾ ਕਰ ਦਿੱਤਾ ਗਿਆ ਹੈ, ਮਤਲਬ 2016-17 (ਬੀ ਈ) ਦੇ 150 ਕਰੋੜ ਰੁਪਏ ਤੋਂ 2017-18 (ਬੀ ਈ) ਵਿੱਚ ਇਸ ਨੂੰ ਵਧਾ ਕੇ 300 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

ਜਨਜਾਤੀਆਂ ਲਈ ਵੀ ਅਜਿਹੀਆਂ ਹੀ ਪ੍ਰਮੁੱਖ ਪਹਿਲਕਦਮੀਆਂ ਕੀਤੀਆਂ ਜਾਣਗੀਆਂ ਜਿਸ ਵਿੱਚ ਪੋਸਟ ਮੈਟਰਿਕ ਵਜ਼ੀਫਾ ਸਕੀਮ (ਪੀ ਐੱਮ ਐੱਸ) ਲਈ ਆਵੰਟਨ ਵਧਾਉਣ ਦਾ ਪ੍ਰਾਵਧਾਨ ਸ਼ਾਮਲ ਹੈ। 2017-18 ਦੇ ਬਜਟ ਅਨੁਮਾਨ ਵਿੱਚ ਜਨਜਾਤੀ ਵਿਦਿਆਰਥੀਆਂ ਲਈ ਪੋਸਟ ਮੈਟਰਿਕ ਵਜ਼ੀਫਾ ਸਕੀਮ ਵਾਸਤੇ ਆਵੰਟਨ ਵਧਾ ਕੇ 1347 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ 2016-17 ਵਿੱਚ 1200 ਕਰੋੜ ਰੁਪਏ ਸੀ। ਮਤਲਬ ਇਸ ਵਿੱਚ 12.25 ਪ੍ਰਤਿਸ਼ਤ ਦਾ ਇਜ਼ਾਫਾ ਕੀਤਾ ਗਿਆ ਹੈ। ਅਨੁਸੂਚਿਤ ਜਨਜਾਤੀਆਂ ਦੇ ਵਿਦਿਆਰਥੀਆਂ ਲਈ 'ਰਾਸ਼ਟਰੀ ਫੈਲੋਸ਼ਿਪ' ਅਤੇ ਉਚੇਰੀ ਸਿੱਖਿਆ ਸਕੀਮਾਂ ਵਾਸਤੇ ਆਵੰਟਨ 2017-18 ਦੇ ਬਜਟ ਵਿੱਚ ਵਧਾ ਕੇ 120 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ 2016-17 ਵਿੱਚ 50 ਕਰੋੜ ਰੁਪਏ ਸੀ, ਮਤਲਬ 140 ਪ੍ਰਤਿਸ਼ਤ ਵਾਧਾ। ਇਹ ਬਜਟ ਕਬਾਇਲੀ ਖੋਜ ਸੰਸਥਾਵਾਂ (ਟੀ ਆਰ ਆਈਜ਼) ਨੂੰ ਉਤਸ਼ਾਹਿਤ ਕਰਨ ਦੀ ਸਰਕਾਰ ਦੀ ਇੱਛਾ ਨੂੰ ਵੀ ਦਰਸਾਉਂਦਾ ਹੈ ਜੋ ਕਬਾਇਲੀ ਵਿਕਾਸ ਲਈ ਸੁਝਾਵਾਂ ਅਤੇ ਨੀਤੀਆਂ ਤੇ ਪ੍ਰੋਗਰਾਮ ਬਣਾਉਣ ਦੇ ਪ੍ਰਮੁੱਖ ਅਤੇ ਪ੍ਰਭਾਵੀ ਸਰੋਤ ਹੋਣਗੇ। ਟੀ ਆਰ ਆਈਜ਼ ਲਈ ਆਵੰਟਨ 2017-18 ਦੇ ਬਜਟ ਵਿੱਚ 80 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ 2016-17 ਵਿੱਚ 21 ਕਰੋੜ ਰੁਪਏ ਸੀ। ਮਤਲਬ ਪੰਜ ਗੁਣਾ ਵਾਧਾ ਕੀਤਾ ਗਿਆ ਹੈ।

2017-18 ਦੇ ਬਜਟ ਵਿੱਚ ਘੱਟ ਗਿਣਤੀਆਂ ਲਈ ਧਿਆਨ ਦਾ ਕੇਂਦਰ ਸਿੱਖਿਆ ਅਤੇ ਹੁਨਰ ਵਿਕਾਸ ਰੱਖਿਆ ਗਿਆ ਹੈ। ਘੱਟ ਗਿਣਤੀ ਮੰਤਰਾਲੇ ਲਈ 2017-18 ਦੇ ਬਜਟ ਵਿੱਚ ਆਵੰਟਨ ਵਧਾ ਕੇ 4195 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ 2016-17 (ਬੀ ਈ) ਦੇ 3827 ਕਰੋੜ ਰੁਪਏ ਨਾਲੋਂ 9.6 ਪ੍ਰਤਿਸ਼ਤ ਜ਼ਿਆਦਾ ਹੈ। 'ਘੱਟ ਗਿਣਤੀਆਂ ਦੇ ਸਿੱਖਿਆ ਸ਼ਕਤੀਕਰਨ' ਲਈ ਸਮੂਹਿਕ ਆਵੰਟਨ ਨੂੰ 2017-18 ਦੇ ਬਜਟ ਵਿੱਚ 2054 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ 2016-17 ਵਿੱਚ 1949 ਕਰੋੜ ਰੁਪਏ ਸੀ। ਮਤਲਬ 105 ਕਰੋੜ ਵੱਧ। ਇਸੇ ਤਰ੍ਹਾਂ, 'ਹੁਨਰ ਵਿਕਾਸ ਅਤੇ ਰੋਜ਼ਗਾਰ' ਲਈ ਆਵੰਟਨ 2017-18 ਵਿੱਚ 635 ਕਰੋੜ ਹੋ ਗਿਆ ਹੈ। 2016-17 ਵਿੱਚ ਇਹ ਅੰਕੜਾ 542 ਕਰੋੜ ਰੁਪਏ ਸੀ। ਇਜ਼ਾਫਾ 17 ਪ੍ਰਤਿਸ਼ਤ ਬਣਦਾ ਹੈ।

'ਦਿਵਿਆਂਗ' ਜਿਨ੍ਹਾਂ ਦੀ ਜ਼ਿੰਮੇਵਾਰੀ ਅਪੰਗਤਾ ਵਾਲੇ ਵਿਅਕਤੀਆਂ ਦੇ ਸ਼ਕਤੀਕਰਨ ਵਾਲੇ ਵਿਭਾਗ ਕੋਲ ਹੈ, ਹੋਰ ਅਜਿਹੇ ਸਮੂਹ ਹਨ ਜਿਨ੍ਹਾਂ ਵੱਲ ਸਰਕਾਰ ਦਾ ਵਿਸ਼ੇਸ਼ ਧਿਆਨ ਹੈ। ਇਸ ਵਿਭਾਗ ਦੇ ਆਵੰਟਨ ਵਿੱਚ 10 ਪ੍ਰਤਿਸ਼ਤ ਦਾ ਵਾਧਾ ਕੀਤਾ ਜਾਵੇਗਾ, ਮਤਲਬ 2016-17 ਦੇ 784 ਕਰੋੜ ਰੁਪਏ ਦੇ ਮੁਕਾਬਲੇ 2017-18 ਵਿੱਚ ਇਹ 855 ਕਰੋੜ ਰੁਪਏ ਹੋ ਜਾਵੇਗਾ।

ਸਰਕਾਰ ਇਸ ਮਿਸ਼ਨ ਪ੍ਰਤਿ ਵਚਨਬਧ ਹੈ ਕਿ ਹਰੇਕ ਪਰਿਵਾਰ ਦੇ ਸਿਰ ਉਤੇ ਛੱਤ ਹੋਣੀ ਚਾਹੀਦੀ ਹੈ। ਇਸ ਨੂੰ ਹਕੀਕਤ ਵਿੱਚ ਬਦਲਣ ਲਈ, ਵਾਜਬ ਘਰਾਂ ਵਾਸਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ - ਦਿਹਾਤੀ (ਆਰ ਐੱਮ ਏ ਵਾਈ) ਉਤੇ ਪਹਿਲਾਂ ਹੀ ਕੰਮ ਚੱਲ ਰਿਹਾ ਹੈ।

ਤਾਲਿਕਾ-2 : ਪ੍ਰਮੁੱਖ ਸਕੀਮਾਂ ਤਹਿਤ ਅਨੁਸੂਚਿਤ ਜਨਜਾਤੀਆਂ ਦੀ ਭਲਾਈ ਲਈ ਆਵੰਟਨ

ਰੁਪਏ (ਕਰੋੜਾਂ ਵਿੱਚ)

| ਮੰਤਰਾਲੇ/ਵਿਭਾਗ | ਸਕੀਮਾਂ | ਬੀ ਈ 2016-17 | ਬੀ ਈ 2017-18 | ਪ੍ਰਤਿਸ਼ਤ ਵਾਧਾ |
|---|---|---|---|---|
| ਖੇਤੀਬਾੜੀ, ਸਹਿਕਾਰੀ ਅਤੇ ਕਿਸਾਨ ਭਲਾਈ | ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ | 392.86 | 719.04 | 83.02 |
| ਖੇਤੀਬਾੜੀ, ਸਹਿਕਾਰੀ ਅਤੇ ਕਿਸਾਨ ਭਲਾਈ | ਕਿਸਾਨਾਂ ਲਈ ਥੋੜ੍ਹੇ ਸਮੇਂ ਦੇ ਕਰਜ਼ਿਆਂ ਦੇ ਵਿਆਜ ਉਤੇ ਸਬਸਿਡੀ | - | 1200.00 | ਨਵੀਂ ਸਕੀਮ |
| ਖੇਤੀਬਾੜੀ, ਸਹਿਕਾਰੀ ਅਤੇ ਕਿਸਾਨ ਭਲਾਈ | ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ | 187.20 | 272.00 | 45.29 |
| ਪੀਣ ਵਾਲਾ ਪਾਣੀ ਅਤੇ ਸਾਫ ਸਫਾਈ | ਸਵੱਛ ਭਾਰਤ ਮਿਸ਼ਨ - ਦਿਹਾਤੀ; | 900.00 | 1394.83 | 54.98 |
| ਪੀਣ ਵਾਲਾ ਪਾਣੀ ਅਤੇ ਸਾਫ ਸਫਾਈ | ਰਾਸ਼ਟਰੀ ਦਿਹਾਤੀ ਪੀਣ ਵਾਲਾ ਪਾਣੀ ਮਿਸ਼ਨ | 500.00 | 605.00 | 21 |
| ਸਿਹਤ ਤੇ ਪਰਿਵਾਰ ਭਲਾਈ | ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ | 2125.22 | 2332.28 | 9.74 |
| ਦਿਹਾਤੀ ਵਿਕਾਸ | ਪ੍ਰਧਾਨ ਮੰਤਰੀ ਆਵਾਸ ਯੋਜਨਾ - ਦਿਹਾਤੀ | 3823.43 | 5318.28 | 39.09 |
| ਹੁਨਰ ਵਿਕਾਸ | ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ | 157.75 | 238.15 | 50.96 |
| ਸਕੂਲੀ ਸਿੱਖਿਆ ਅਤੇ ਸਾਖਰਤਾ | ਨਵੋਦਿਆ ਵਿਦਿਆਲਾ ਸਕੀਮ | 203.00 | 223.81 | 10.25 |

| ਤਾਲਿਕਾ-3 : ਸਮਾਜਕ ਮੰਤਰਾਲਿਆਂ/ਵਿਭਾਗਾਂ ਦੀ ਖਰਚੇ ਦੀ ਰੂਪਰੇਖਾ- 2017-18 | | | |
|---|---|---|---|
| | | ਰੁਪਏ (ਕਰੋੜਾਂ ਵਿੱਚ) | |
| ਮੰਤਰਾਲੇ/ਵਿਭਾਗ | 2016-17(ਬੀ ਈ) | 2017-18 (ਬੀ ਈ) | ਪ੍ਰਤਿਸ਼ਤ ਵਾਧਾ |
| ਸਮਾਜਕ ਨਿਆਂ ਅਤੇ ਸ਼ਕਤੀਕਰਨ ਵਿਭਾਗ | 6566.95 | 6908.00 | 5.20 |
| ਜਨਜਾਤੀ ਮਾਮਲਿਆਂ ਬਾਰੇ ਮੰਤਰਾਲਾ | 4827.00 | 5329.00 | 10.39 |
| ਘੱਟ ਗਿਣਤੀ ਮੰਤਰਾਲਾ | 3827.00 | 4195.00 | 9.61 |
| ਅਪੰਗ ਵਿਅਕਤੀਆਂ ਦੇ ਸ਼ਕਤੀਕਰਨ ਲਈ ਵਿਭਾਗ | 784.00 | 855.00 | 9.05 |

ਜਿਵੇਂ ਕਿ ਤਾਲਿਕਾ-1 ਅਤੇ 2 ਵਿੱਚ ਦਿਖਾਇਆ ਗਿਆ ਹੈ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਕ੍ਰਮਵਾਰ 50 ਪ੍ਰਤਿਸ਼ਤ ਅਤੇ 39 ਪ੍ਰਤਿਸ਼ਤ ਆਵੰਟਨ ਵਾਧਾ ਨਿਰਧਾਰਤ ਕੀਤਾ ਗਿਆ ਹੈ।

**ਗਰੀਬ ਪਰਿਵਾਰਾਂ ਨੂੰ ਮੁਫਤ ਰਸੋਈ ਗੈਸ ਕੁਨੈਕਸ਼ਨ ਪ੍ਰਦਾਨ ਕਰਨਾ ਸਰਕਾਰ ਵਲੋਂ ਚੁੱਕਿਆ ਗਿਆ ਇਕ ਬਹੁਤ ਹੀ ਮਹੱਤਵਪੂਰਨ ਤੇ ਸਫਲ ਕਦਮ ਹੈ। ਇਸ ਪਹਿਲ ਨੂੰ ਜਾਰੀ ਰੱਖਣ ਲਈ, ਪ੍ਰਧਾਨ ਮੰਤਰੀ ਉਜਵਲਾ ਯੋਜਨਾ (ਪੀ ਐੱਮ ਯੂ ਵਾਈ) ਵਾਸਤੇ ਆਵੰਟਨ 2016-17 ਦੇ 500 ਕਰੋੜ ਰੁਪਏ ਦੇ ਮੁਕਾਬਲੇ 2017-18 ਵਿੱਚ ਵਧਾ ਕੇ 520 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਸ ਦਾ ਟੀਚਾ 2 ਸਾਲਾਂ ਵਿੱਚ 5 ਕਰੋੜ ਪਰਿਵਾਰਾਂ ਨੂੰ ਦਾਇਰੇ ਹੇਠ ਲਿਆਉਣਾ ਹੈ।**

ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ ਅਤੇ ਦੂਜੇ ਸਮਾਜਕ ਸਮੂਹਾਂ ਦੇ ਨੌਜਵਾਨਾ ਨੂੰ ਰੋਜ਼ਗਾਰ ਅਤੇ ਉੱਦਮਤਾ ਦੇ ਮੌਕੇ ਪ੍ਰਦਾਨ ਕਰਨਾ ਇਸ ਬਜਟ ਦਾ ਇਕ ਹੋਰ ਨਿਸ਼ਾਨਦੇਹੀ ਵਾਲਾ ਖੇਤਰ ਹੈ। ਰੋਜ਼ਗਾਰ ਵਿੱਚ ਵਾਧਾ ਕਰਨ ਲਈ ਹੇਠ ਲਿਖੀਆਂ ਪਹਿਲਕਦਮੀਆਂ ਕੀਤੀਆਂ ਗਈਆਂ ਹਨ :

- ਸਟੈਂਡ ਅੱਪ ਇੰਡੀਆ ਮਿਸ਼ਨ ਤਹਿਤ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਤੀਆਂ ਵਿੱਚ ਉੱਦਮਤਾ ਦੇ ਹੁਨਰ ਦਾ ਸੰਚਾਰ ਕਰਨਾ। ਇਸ ਸਕੀਮ ਲਈ ਬਜਟ ਆਵੰਟਨ 2017-18 ਵਿੱਚ 520 ਕਰੋੜ ਕਰ ਦਿੱਤਾ ਗਿਆ ਹੈ ਜੋ 2016-17 ਵਿੱਚ 500 ਕਰੋੜ ਰੁਪਏ ਸੀ।

- ਉਦਯੋਗਿਕ ਮੁੱਲਾਂ ਵਿੱਚ ਵਾਧੇ ਲਈ ਹੁਨਰ ਦੀ ਮਜਬੂਤੀ (ਸਟ੍ਰਾਈਵ) ਦਾ ਦੂਜਾ ਪੜਾਅ 2017-18 ਵਿੱਚ 2200 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਕਰਨਾ ਤਾਂ ਕਿ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਬਾਜ਼ਾਰ ਪ੍ਰਸੰਗਿਕ ਕਿੱਤਾਮੁਖੀ ਸਿਖਲਾਈ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾ ਸਕੇ ਅਤੇ ਉਦਯੋਗਿਕ ਝੁੰਡ ਪਹਿਲ ਰਾਹੀਂ ਉਸਤਾਦੀ/ਸ਼ਗਿਰਦੀ ਦੇ ਪ੍ਰੋਗਰਾਮਾਂ ਨੂੰ ਮਜਬੂਤੀ ਦਿੱਤੀ ਜਾ ਸਕੇ।

- ਰੋਜ਼ਗਾਰ ਪ੍ਰੋਤਸਾਹਨ ਲਈ ਹੁਨਰ ਦੀ ਪ੍ਰਾਪਤੀ ਅਤੇ ਗਿਆਨ ਜਾਗਰੂਕਤਾ ਪ੍ਰੋਗਰਾਮ (ਸੰਕਲਪ) 2017-18 ਵਿੱਚ ਜਾਰੀ ਕੀਤਾ ਜਾਵੇਗਾ ਜਿਸ ਲਈ 4000 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਕੀਤੀ ਗਈ ਹੈ ਤਾਂ ਕਿ 3.5 ਕਰੋੜ ਨੌਜਵਾਨਾਂ ਨੂੰ ਬਾਜ਼ਾਰ ਪ੍ਰਸੰਗਿਕ ਸਿਖਲਾਈ ਦਿੱਤੀ ਜਾ ਸਕੇ।

- ਨਾਬਾਰਡ ਵਿੱਚ ਡੇਅਰੀ ਪ੍ਰਾਸੈਸਿੰਗ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਤਿੰਨ ਸਾਲਾਂ ਵਾਸਤੇ 8000 ਕਰੋੜ ਰੁਪਏ ਦਾ ਫੰਡ ਰੱਖਿਆ ਜਾਵੇਗਾ ਜੋ ਪ੍ਰਾਸੈਸਿੰਗ ਅਤੇ ਬੁਨਿਆਦੀ ਢਾਂਚੇ ਦੀਆਂ ਢੁੱਕਵੀਆਂ ਸਹੂਲਤਾਂ ਪ੍ਰਦਾਨ ਕਰਕੇ ਦੇਸ਼ ਅੰਦਰ ਡੇਅਰੀ ਦੇ ਵਿਕਾਸ ਨੂੰ ਉਤਸ਼ਾਹਿਤ ਕਰੇਗਾ। ਸ਼ੁਰੂ ਵਿੱਚ 2000 ਕਰੋੜ ਰੁਪਏ ਦੀ ਰਾਸ਼ੀ ਨਾਲ ਕੰਮ ਅੱਗੇ ਵਧਾਇਆ ਜਾਵੇਗਾ। ਸਮਾਜ ਦੇ ਹਾਸ਼ੀਏ ਉਤੇ ਗਏ ਵਰਗਾਂ ਲਈ ਬਜਟ ਵਿੱਚ ਕੀਤੀਆਂ ਕੁੱਝ ਹੋਰ ਮਹੱਤਵਪੂਰਨ ਪਹਿਲਕਦਮੀਆਂ ਹੇਠ ਲਿਖੇ ਅਨੁਸਾਰ ਹਨ :

- ਵਰਿਸ਼ਟ ਨਾਗਰਿਕਾਂ ਲਈ ਅਧਾਰ ਅਧਾਰਤ ਸਮਾਰਟ ਕਾਰਡ ਜਾਰੀ ਕਰਨੇ ਜਿਸ ਵਿੱਚ ਉਨ੍ਹਾਂ ਦੀ ਸਿਹਤ ਸੰਬੰਧੀ ਸਾਰੇ ਵੇਰਵੇ ਹੋਣਗੇ। ਇਸ ਦੀ ਸ਼ੁਰੂਆਤ ਦੇ ਤੌਰ ਤੇ 2017-18 ਵਿੱਚ 15 ਜ਼ਿਲ੍ਹਿਆਂ ਅੰਦਰ ਪਾਇਲਟ ਪ੍ਰਾਜੈਕਟ ਅਰੰਭ ਕੀਤਾ ਜਾਵੇਗਾ।

- 'ਮਿਸ਼ਨ ਅੰਤੋਦਿਆ' ਸ਼ੁਰੂ ਕਰਨਾ ਤਾਂ ਕਿ 2019 ਤੱਕ 1 ਕਰੋੜ ਪਰਿਵਾਰਾਂ ਨੂੰ ਗਰੀਬੀ ਤੋਂ ਬਾਹਰ ਲਿਆਂਦਾ ਜਾ ਸਕੇ ਅਤੇ 2019 ਵਿੱਚ ਮਹਾਤਮਾ ਗਾਂਧੀ ਦੇ 150ਵੇਂ ਜਨਮ ਦਿਵਸ ਦੇ ਮੌਕੇ ਉਤੇ 50,000 ਪਿੰਡ ਪੰਚਾਇਤਾਂ ਨੂੰ ਗਰੀਬੀ ਮੁਕਤ ਕੀਤਾ ਜਾ ਸਕੇ। ਇਸ ਮੁਹਿੰਮ ਤਹਿਤ ਹਰੇਕ ਵੰਚਿਤ ਪਰਿਵਾਰ ਲਈ ਸਥਾਈ ਰੋਜ਼ਗਾਰ ਵਾਸਤੇ ਇਕ ਲਘੂ ਯੋਜਨਾ ਉਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

- ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ, ਬਜਟ ਵਿੱਚ 2015-16 ਦੇ ਕਰਜ਼ਾ ਦੇਣ ਦੇ ਟੀਚੇ ਨੂੰ ਦੁੱਗਣਾ ਕਰਨ ਦੀ ਕਲਪਨਾ ਕੀਤੀ ਗਈ ਹੈ।

**2017-18 ਲਈ ਟੀਚਾ 2.44 ਲੱਖ ਕਰੋੜ ਨਿਰਧਾਰਤ ਕੀਤਾ ਗਿਆ ਹੈ, ਜਿਸ ਵਿੱਚ ਤਰਜੀਹੀ ਤੌਰ ਤੇ ਦਲਿਤਾਂ, ਕਬਾਇਲੀਆਂ, ਪਿਛੜੇ ਵਰਗਾਂ, ਘੱਟ ਗਿਣਤੀਆਂ ਅਤੇ ਔਰਤਾਂ ਨੂੰ ਛੋਟੇ ਪੱਧਰ ਦੇ ਕਾਰੋਬਾਰ/ਉੱਦਮ ਸ਼ੁਰੂ ਕਰਨ ਲਈ ਕਰਜ਼ੇ ਦਿੱਤੇ ਜਾਣਗੇ। ਕੁੱਲ ਮਿਲਾ ਕੇ, 2017-18 ਦੇ ਕੇਂਦਰੀ ਬਜਟ ਦੇ ਧਿਆਨ ਦਾ ਕੇਂਦਰ ਬੁਨਿਆਦੀ ਅਤੇ ਤਰਜੀਹੀ ਖੇਤਰ ਹਨ, ਜਿਵੇਂ ਸਿੱਖਿਆ, ਸਸਤੇ ਘਰ, ਹੁਨਰ ਦਾ ਵਿਕਾਸ, ਮਾਲੀ ਸਹਾਇਤਾ ਆਦਿ। ਬਜਟ ਆਵੰਟਨ ਸਰਕਾਰ ਦੇ ਏਜੰਡੇ ਦਾ ਇਕ ਇਸ਼ਾਰਾ ਹੈ। ਉਤਪਾਦਨ ਅਤੇ ਨਤੀਜਿਆਂ ਦੀ ਨਿਗਰਾਨੀ ਲਈ ਇਕ ਪ੍ਰਭਾਵੀ ਤੰਤਰ ਉਤੇ ਧਿਆਨ ਕੇਂਦਰਿਤ ਹੋਣ ਨਾਲ, ਜੋ ਪਹਿਲਾਂ ਹੀ ਸਰਕਾਰ ਲਈ ਤਰਜੀਹੀ ਖੇਤਰ ਹੈ, ਸਮਾਜ ਦੇ ਕਮਜ਼ੋਰ ਅਤੇ ਦੱਬੇ ਕੁਚਲੇ ਵਰਗ ਆਪਣੇ ਜੀਵਨ ਪੱਧਰ ਦੀ ਗੁਣਵੱਤਾ ਵਿੱਚ ਵੱਡੇ ਸੁਧਾਰ ਦੀ ਆਸ ਕਰ ਸਕਦੇ ਹਨ।**

*(ਲੇਖਕ ਨੀਤੀ ਆਯੋਗ ਵਿੱਚ ਸਲਾਹਕਾਰ ਵਜੋਂ ਕੰਮ ਕਰ ਰਹੇ ਹਨ ਅਤੇ ਸਮਾਜਕ ਨਿਆਂ ਅਤੇ ਸ਼ਕਤੀਕਰਨ ਅਤੇ ਸਵੈ-ਇੱਛਕ ਕਾਰਜ ਸੈੱਲ ਡਵੀਜ਼ਨ ਦਾ ਕੰਮ ਦੇਖ ਰਹੇ ਹਨ)*

*e-mail :srikara@gov.in*

*:anjali.bansal@gov.in*

## ਕੀ ਤੁਸੀਂ ਜਾਣਦੇ ਹੋ?

### ਸਭਨਾਂ ਲਈ ਮੁਢਲੀ ਆਮਦਨ (ਯੂ ਬੀ ਆਈ)

ਦੇਸ਼ ਵਲੋਂ ਆਜ਼ਾਦੀ ਪ੍ਰਾਪਤ ਕਰਨ ਸਮੇਂ ਗਰੀਬੀ 70 ਪ੍ਰਤਿਸ਼ਤ ਸੀ ਜਿਸ ਨੂੰ 2011-12 ਤੱਕ ਘਟਾ ਕੇ ਲਗਭਗ 22 ਪ੍ਰਤਿਸ਼ਤ ਤੱਕ ਲਿਆਂਦਾ ਗਿਆ ਹੈ। ਪਰ ਇਸ ਸ਼ਾਨਦਾਰ ਤਰੱਕੀ ਦੇ ਬਾਵਜੂਦ ਵੀ, ਇਹ ਆਖਿਆ ਜਾ ਸਕਦਾ ਹੈ ਕਿ ਅਸੀਂ 'ਹਰੇਕ ਅੱਖ ਤੋਂ ਹਰੇਕ ਹੰਝੂ' ਪੂੰਝਣ ਤੋਂ ਹਾਲੇ ਕਾਫੀ ਫਾਸਲੇ ਉਤੇ ਖੜ੍ਹੇ ਹੋਏ ਹਾਂ।

ਇਸ ਲਈ 2016-17 ਦੇ ਆਰਥਿਕ ਸਰਵੇਖਣ ਵਿੱਚ ਸਭਨਾਂ ਲਈ ਮੁਢਲੀ ਆਮਦਨ (ਯੂ ਬੀ ਆਈ) ਦੇ ਸਿਧਾਂਤ ਦੀ ਵਕਾਲਤ ਕੀਤੀ ਗਈ ਹੈ ਜੋ ਗਰੀਬੀ ਘੱਟ ਕਰਨ ਲਈ ਵੱਖ-ਵੱਖ ਸਮਾਜਕ ਭਲਾਈ ਸਕੀਮਾਂ ਦਾ ਇਕ ਬਦਲ ਹੈ। ਸਭਨਾਂ ਲਈ ਮੁਢਲ ਆਮਦਨ ਪਿੱਛੇ ਵਿਚਾਰ ਇਹ ਹੈ ਕਿ ਹਰੇਕ ਵਿਅਕਤੀ ਕੋਲ ਆਪਣੀਆਂ ਲੋੜਾਂ ਦੀ ਪੂਰਤੀ ਲਈ ਬੁਨਿਆਦੀ ਆਮਦਨ ਦਾ ਅਧਿਕਾਰ, ਬਤੌਰ ਨਾਗਰਿਕ ਹੋਣਾ ਚਾਹੀਦਾ ਹੈ।

ਸਭਨਾਂ ਲਈ ਮੁਢਲੀ ਆਮਦਨ ਸਕੀਮ ਦੇ ਤਿੰਨ ਭਾਗ ਹਨ :

- ***ਇਕਸਮਾਨਤਾ :*** ਇਹ ਸਭਨਾਂ ਲਈ ਬਰਾਬਰ ਤੇ ਇਕਸਮਾਨ ਹੈ।
- ***ਸ਼ਰਤਾਂ ਤੋਂ ਰਹਿਤ :*** ਲਾਭਕਾਰੀ ਨੂੰ ਨਕਦ ਭੁਗਤਾਨ ਨਾਲ ਕੋਈ ਪੂਰਵ ਸ਼ਰਤਾਂ ਨਹੀਂ।
- ***ਏਜੰਸੀ :*** ਗਰੀਬ ਵਿਅਕਤੀਆਂ ਦੀ ਫੈਸਲਾ ਲੈਣ ਦੀ ਕਾਬਲੀਅਤ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਪ੍ਰਤਿ ਪਿਤਾ ਵਾਲਾ ਰਵੱਈਆ ਰੱਖਣਾ।

**ਸਭਨਾਂ ਲਈ ਮੁਢਲੀ ਆਮਦਨ ਦੇ ਹੱਕ ਵਿੱਚ ਦਲੀਲਾਂ :**

- ***ਸਮਾਜਕ ਨਿਆਂ :*** ਇਹ ਸਭਨਾਂ ਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਕੋਈ ਵੀ ਸਮਾਜ ਉਦੋਂ ਤੱਕ ਨਿਆਂਕਾਰੀ ਅਤੇ ਸਥਿਰ ਨਹੀਂ ਹੋ ਸਕਦਾ ਜਦੋਂ ਤੱਕ ਇਸ ਵਲੋਂ ਆਪਣੇ ਸਾਰੇ ਮੈਂਬਰਾਂ ਨੂੰ ਹਿੱਸੇਦਾਰ ਨਹੀਂ ਬਣਾਇਆ ਜਾਂਦਾ।
- ***ਗਰੀਬੀ ਵਿੱਚ ਕਮੀ :*** ਸਭਨਾਂ ਲਈ ਮੁਢਲੀ ਆਮਦਨ ਗਰੀਬੀ ਘੱਟ ਕਰਨ ਦਾ ਸਭ ਤੋਂ ਤੇਜ਼ ਤਰੀਕਾ ਹੋ ਸਕਦਾ ਹੈ ਬਸ਼ਰਤੇ ਇਸ ਦੀ ਵੰਡ ਲਈ ਚੰਗੀ ਤਰ੍ਹਾਂ ਕੰਮ ਕਰਨ ਵਾਲੀ ਵਿੱਤੀ ਪ੍ਰਣਾਲੀ ਮੌਜੂਦ ਹੋਵੇ।
- ***ਰੋਜ਼ਗਾਰ :*** ਰੋਜ਼ਗਾਰ ਨਿਰਮਾਣ ਦੇ ਇਕ ਬੇਯਕੀਨੀ ਵਾਲੇ ਯੁਗ ਵਿੱਚ, ਸਭਨਾਂ ਲਈ ਮੁਢਲੀ ਆਮਦਨ (ਯੂ ਬੀ ਆਈ) ਘੱਟੋ-ਘੱਟ ਜੀਵਨ ਪੱਧਰ ਦੀ ਜ਼ਾਮਨੀ ਦੇਣ ਲਈ ਸਮਾਜ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਕਰਨਾ ਹੈ। ਯੂ ਬੀ ਆਈ ਉਸ ਦੀ ਜੇਬ ਵਿੱਚ ਹੋਣ ਨਾਲ ਇਕ ਵਿਅਕਤੀ ਕਿਰਤ ਬਾਜ਼ਾਰ ਵਿੱਚ ਸੌਦੇਬਾਜ਼ੀ ਕਰਨ ਦੇ ਸਮਰੱਥ ਹੋਵੇਗਾ ਅਤੇ ਉਸ ਨੂੰ ਕੰਮ ਦੀਆਂ ਸ਼ਰਤਾਂ ਮਨਜ਼ੂਰ ਕਰਨ ਲਈ ਹੋਰ ਮਜਬੂਰ ਨਹੀਂ ਕੀਤਾ ਜਾ ਸਕੇਗਾ। ਇਸ ਨਾਲ ਕਾਮਿਆਂ ਦੇ ਸ਼ੋਸ਼ਣ ਵਿੱਚ ਕਮੀ ਆਵੇਗੀ।
- ***ਏਜੰਸੀ :*** ਭਾਰਤ ਵਿੱਚ ਗਰੀਬਾਂ ਨਾਲ ਸਰਕਾਰੀ ਨੀਤੀਆਂ ਦੀਆਂ ਵਸਤਾਂ ਵਾਲਾ ਵਿਵਹਾਰ ਕੀਤਾ ਜਾਂਦਾ ਹੈ। ਚੰਗੀ ਇੱਛਾ ਹੋਣ ਦੇ ਬਾਵਜੂਦ ਸਾਡੀ ਵਰਤਮਾਨ ਭਲਾਈ ਪ੍ਰਣਾਲੀ ਇਹ ਮੰਨ ਕੇ ਗਰੀਬਾਂ ਦਾ ਅਪਮਾਨ ਕਰਦੀ ਹੈ ਕਿ ਉਹ ਆਪਣੀ ਜ਼ਿੰਦਗੀ ਦੇ ਪ੍ਰਸੰਗਿਕ ਆਰਥਿਕ ਫੈਸਲੇ ਨਹੀਂ ਲੈ ਸਕਦੇ। ਬਿਨਾਂ ਸ਼ਰਤ ਨਕਦ ਭੁਗਤਾਨ ਉਨ੍ਹਾਂ ਨਾਲ ਏਜੰਟਾਂ ਵਾਲਾ ਵਿਵਹਾਰ ਕਰਦਾ ਹੈ, ਪਰਜਾ ਵਾਲਾ ਨਹੀਂ।
- ***ਵਿਹਾਰਕ ਤੌਰ ਤੇ ਲਾਹੇਵੰਦ :*** ਉਹ ਹਾਲਾਤ ਜੋ ਕਿਸੇ ਵਿਅਕਤੀ ਨੂੰ ਗਰੀਬੀ ਵਿੱਚ ਜਕੜੀ ਰੱਖਦੇ ਹਨ, ਵੱਖ-ਵੱਖ ਹੁੰਦੇ ਹਨ, ਉਨ੍ਹਾਂ ਨੂੰ ਦਰਪੇਸ਼ ਜੋਖਮ ਅਤੇ ਝਟਕੇ ਵੀ ਵੱਖੋ-ਵੱਖਰੇ ਹਨ। ਸਰਕਾਰ ਇਹ ਨਿਰਧਾਰਤ ਕਰਨ ਦੀ ਹਾਲਤ ਵਿੱਚ ਨਹੀਂ ਕਿ ਕਿਹੜੇ ਜੋਖਮਾਂ ਨੂੰ ਖਤਮ ਕੀਤਾ ਜਾਵੇ ਅਤੇ ਤਰਜੀਹਾਂ ਕਿਵੇਂ ਨਿਰਧਾਰਤ ਕੀਤੀਆਂ ਜਾਣ। ਪਰਿਵਾਰ ਦੀ ਬਜਾਇ ਵਿਅਕਤੀ ਨੂੰ ਲਾਭਪਾਤਰੀ ਇਕਾਈ ਮੰਨ ਕੇ, ਯੂ ਬੀ ਆਈ ਏਜੰਸੀ ਵਿੱਚ ਵੀ ਵਾਧਾ ਕਰ ਸਕਦੀ ਹੈ, ਖ਼ਾਸ ਕਰਕੇ ਪਰਿਵਾਰਾਂ ਦੀਆਂ ਔਰਤਾਂ।
- ***ਪ੍ਰਸ਼ਾਸਨਿਕ ਕੁਸ਼ਲਤਾ :*** ਮੌਜੂਦਾ ਭਲਾਈ ਸਕੀਮਾਂ ਗਲਤ ਆਵੰਟਨ, ਚੋਰੀ ਅਤੇ ਗਰੀਬਾਂ ਨੂੰ ਬਾਹਰ ਰੱਖਣ ਜਿਹੀਆਂ ਬੁਰਾਈਆਂ ਨਾਲ ਭਰੀਆਂ ਪਈਆਂ ਹਨ। ਜਦੋਂ ਜਨ ਧਨ, ਆਧਾਰ ਤੇ ਮੋਬਾਈਲ (ਜੇ ਏ ਐੱਮ) ਦੀ ਤਿਕੜੀ ਨੂੰ ਪੂਰੀ ਤਰ੍ਹਾਂ ਅਪਣਾ ਲਿਆ, ਤਾਂ ਸੇਵਾ ਦੇਣ ਦੇ ਤਰੀਕੇ ਲਈ ਉਹ ਸਮਾਂ ਢੁੱਕਵਾਂ ਹੋਵੇਗਾ ਜੋ ਪ੍ਰਸ਼ਾਸਨਿਕ ਤੌਰ ਤੇ ਵਧੇਰੇ ਕੁਸ਼ਲ ਹੋਵੇਗਾ।

**ਸਭਨਾਂ ਲਈ ਮੁਢਲੀ ਆਮਦਨ ਉਤੇ ਇਤਰਾਜ਼ : ਹੇਠਾਂ ਯੂ ਬੀ ਆਈ ਤੇ ਤਿੰਨ ਮੁੱਖ ਇਤਰਾਜ ਤੇ ਜਵਾਬ ਦਿੱਤੇ ਜਾ ਰਹੇ ਹਨ :**

- ***ਪਹਿਲਾ ਇਹ ਕਿ ਯੂ ਬੀ ਆਈ ਕੰਮ ਕਰਨ ਦੀ ਪ੍ਰੇਰਨਾ ਨੂੰ ਘਟਾਉਂਦੀ ਹੈ:*** ਇਹ ਦਲੀਲ ਬਹੁਤ ਜ਼ਿਆਦਾ ਵਧਾ ਚੜ੍ਹਾ ਕੇ ਪੇਸ਼ ਕੀਤੀ ਜਾਂਦੀ ਹੈ। ਇਕ ਚੀਜ਼, ਉਹ ਪੱਧਰ ਜਿਨ੍ਹਾਂ ਉਤੇ ਸਭਨਾਂ ਲਈ ਮੁਢਲੀ ਆਮਦਨ ਦਾ ਅਨੁਮਾਨ ਲਾਇਆ ਜਾਵੇਗਾ, ਉਹ ਘੱਟ ਤੋਂ ਘੱਟ ਹੋਣਗੇ। ਸੋ, ਉਨ੍ਹਾਂ ਨਾਲ ਕੰਮ ਕਰਨ ਦੀ ਪ੍ਰੇਰਨਾ ਉਤੇ ਕੋਈ ਅਸਰ ਨਹੀਂ ਪੈਣ ਵਾਲਾ।
- ***ਦੂਜਾ ਤੌਖਲਾ :*** ਕੀ ਆਮਦਨ ਨੂੰ ਰੋਜ਼ਗਾਰ ਨਾਲੋਂ ਨਿਖੇੜ ਦਿੱਤਾ ਜਾਵੇ? ਇਸ ਤੌਖਲੇ ਲਈ ਇਮਾਨਦਾਰ ਆਰਥਿਕ ਜਵਾਬ ਇਹ ਹੈ ਕਿ ਸਮਾਜ ਪਹਿਲਾਂ ਹੀ ਅਜਿਹਾ ਕਰਦਾ ਹੈ, ਪਰ ਜ਼ਿਆਦਾਤਰ ਅਮੀਰਾਂ ਅਤੇ ਰੱਜੇ-ਪੁੱਜਿਆਂ ਲਈ। ਕੋਈ ਵੀ ਸਮਾਜ ਜਿਸ ਵਿੱਚ ਕਿਸੇ ਵੀ ਪ੍ਰਕਾਰ ਦਾ ਉੱਤਰਾਧਿਕਾਰ ਜਾਂ ਕੰਮ ਨਾਲ ਨਾ ਸੰਬੰਧਿਤ ਆਮਦਨ ਦੀ ਪ੍ਰਵਾਨਗੀ ਹੈ, ਉਥੇ ਪਹਿਲਾਂ ਹੀ ਆਮਦਨ ਨੂੰ ਰੋਜ਼ਗਾਰ ਤੋਂ ਵੱਖ ਕੀਤਾ ਜਾਂਦਾ ਹੈ।
- ***ਤੀਜਾ ਤੌਖਲਾ ਆਪਸਦਾਰੀ ਤੋਂ ਉਪਜਦਾ ਹੈ:*** ਜੇ ਸਮਾਜ ਕਿਸੇ ਵਿਅਕਤੀ ਨੂੰ ਯੂ ਬੀ ਆਈ ਪ੍ਰਦਾਨ ਕਰਦਾ ਹੇ ਤਾਂ ਬਦਲੇ ਵਿੱਚ ਇਸ ਨੂੰ ਕੀ ਮਿਲੇਗਾ? ਜਵਾਬ ਇਹ ਹੈ ਕਿ ਜ਼ਿਆਦਾਤਰ ਮਾਮਲਿਆਂ ਵਿੱਚ, ਵਿਅਕਤੀ ਵੱਖ-ਵੱਖ ਤਰੀਕਿਆਂ ਨਾਲ ਸਮਾਜ ਨੂੰ ਯੋਗਦਾਨ ਦੇਵੇਗਾ। ਅਸਲ ਵਿੱਚ, ਯੂ ਬੀ ਆਈ ਗ਼ੈਰ-ਉਜਰਤ ਕੰਮ ਨਾਲ ਸੰਬੰਧਿਤ ਸਮਾਜ ਨੂੰ ਯੋਗਦਾਨ ਸਵੀਕਾਰ ਕਰਨ ਦਾ ਇਕ ਤਰੀਕਾ ਹੋ ਸਕਦਾ ਹੈ; ਮਿਸਾਲ ਦੇ ਤੌਰ ਤੇ ਘਰ ਬਣਾਉਣ ਲਈ ਔਰਤਾਂ ਵਲੋਂ ਕੀਤਾ ਜਾਂਦਾ ਕੰਮ ਜ਼ਿਆਦਾਤਰ ਅਣਗੌਲਿਆ ਅਤੇ ਆਵੇਤਨਕ ਰਹਿ ਜਾਂਦਾ ਹੈ।

**ਗਰੀਬੀ ਖਤਮ ਕਰਨ ਵਾਲੇ ਮੌਜੂਦਾ ਪ੍ਰੋਗਰਾਮਾਂ ਦੀਆਂ ਮੁਸ਼ਕਲਾਂ :**

- ਜ਼ਿਲ੍ਹਿਆਂ 'ਚ ਸਰੋਤਾਂ ਦੀ ਗਲਤ ਵੰਡ। ਅੰਕੜੇ ਦੱਸਦੇ ਹਨ ਕਿ ਦੇਸ਼ ਦੇ ਸਭ ਤੋਂ ਗਰੀਬ ਖੇਤਰਾਂ ਨੂੰ ਅਕਸਰ ਅਮੀਰ ਖਿੱਤਿਆਂ ਦੇ ਮੁਕਾਬਲੇ ਸਰਕਾਰੀ ਸਰੋਤ ਘੱਟ ਪ੍ਰਾਪਤ ਹੁੰਦੇ ਹਨ।
- ਅਸਲ ਲਾਭਪਾਤਰੀਆਂ ਨੂੰ ਬਾਹਰ ਰੱਖਣਾ।

• ਪ੍ਰਣਾਲੀ ਦੀਆਂ ਚੋਰ ਮੋਰੀਆਂ।

ਯੂ ਬੀ ਆਈ ਇਨ੍ਹਾਂ ਮਸਲਿਆਂ ਨੂੰ ਕਿਵੇਂ ਹੱਲ ਕਰ ਸਕਦੀ ਹੈ?

• ਸਿਧਾਂਤਕ ਤੌਰ ਤੇ, ਯੂ ਬੀ ਆਈ ਪ੍ਰਣਾਲੀ ਤੋਂ ਬਾਹਰ ਚੋਰੀ ਨੂੰ ਘੱਟ ਕਰਦੀ ਹੈ ਕਿਉਂਕਿ ਭੁਗਤਾਨ ਸਿੱਧਾ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾਵੇਗਾ। ਚੋਰੀ ਦੀ ਸੰਭਾਵਨਾ ਕਾਫੀ ਘੱਟ ਹੋ ਜਾਂਦੀ ਹੈ, ਕਿਉਂਕਿ ਅਧਿਕਾਰੀਆਂ ਦੀਆਂ ਅਖਤਿਆਰੀ ਸ਼ਕਤੀਆਂ ਲਗਭਗ ਮੁਕੰਮਲ ਤੌਰ ਤੇ ਖਤਮ ਹੋ ਜਾਣਗੀਆਂ।

• ਇਕ ਸਮਾਨ ਹੋਣ ਕਰਕੇ, ਯੂ ਬੀ ਆਈ ਤਹਿਤ ਬਾਹਰ ਰਹਿ ਜਾਣ ਦੀ ਗਲਤੀ ਮੌਜੂਦਾ ਸਕੀਮਾਂ ਨਾਲੋਂ ਘੱਟ ਹੋਵੇਗੀ।

• ਯੂ ਬੀ ਆਈ ਜੋਖਮ ਖਿਲਾਫ਼ ਇਕ ਬੀਮੇ ਵਜੋਂ ਕੰਮ ਕਰੇਗੀ ਜਿਸ ਦੇ ਗਰੀਬਾਂ ਨੂੰ ਮਨੋਵਿਗਿਆਨਕ ਲਾਭ ਹੋਣਗੇ।

## ਸਫਲ ਯੂ ਬੀ ਆਈ ਲਈ ਦੋ ਪੂਰਵ ਜ਼ਰੂਰਤਾਂ

• ਕ੍ਰਿਆਸ਼ੀਲ ਜੇ ਏ ਐੱਮ (ਜਨ ਧਨ, ਆਧਾਰ ਅਤੇ ਮੋਬਾਈਲ) ਪ੍ਰਣਾਲੀ – ਕਿਉਂਕਿ ਇਹ ਯਕਨੀ ਬਣਾਉਂਦੀ ਹੈ ਕਿ ਨਕਦ ਭੁਗਤਾਨ ਸਿੱਧਾ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਜਾਵੇ। ਭਾਰਤ ਦੇ ਲਗਭਗ ਇਕ ਤਿਹਾਈ ਬਾਲਗਾਂ ਕੋਲ ਹਾਲੇ ਵੀ ਬੈਂਕ ਖਾਤਾ ਨਹੀਂ ਹੈ ਜਿਸ ਨੇ ਪਿੱਛੇ ਛੁੱਟ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਦੇ ਸਭ ਤੋਂ ਗਰੀਬ ਸਮਾਜਕ ਸਮੂਹਾਂ ਵਿੱਚ ਬਣੇ ਰਹਿਣ ਦੀ ਵੀ ਸੰਭਾਵਨਾ ਹੈ – ਔਰਤ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਬਿਰਧ ਅਤੇ ਬਿਮਾਰ – ਜਿਨ੍ਹਾਂ ਨੂੰ ਇਸ ਲਾਭ ਦੀ ਸਭ ਤੋਂ ਵੱਧ ਲੋੜ ਹੈ।

• ਇਕ ਮੁੱਖ ਸੰਘੀ ਸਵਾਲ ਯੂ ਬੀ ਆਈ ਲਈ ਪੈਸੇ ਵਾਸਤੇ ਕੇਂਦਰ-ਰਾਜਾਂ ਦੀ ਹਿੱਸੇਦਾਰੀ ਦਾ ਹੋਵੇਗਾ। ਇਸ ਸੰਬੰਧ ਵਿੱਚ ਕੇਂਦਰ-ਰਾਜਾਂ ਦਰਮਿਆਨ ਗੱਲਬਾਤ ਬਹੁਤ ਅਹਿਮ ਹੋਵੇਗੀ।

ਯੂ ਬੀ ਆਈ ਲਾਗੂ ਕਰਨ ਦੀ ਵਿੱਤੀ ਲਾਗਤ – ਇਕ ਯੂ ਬੀ ਆਈ ਜੋ 0.5 ਪ੍ਰਤਿਸ਼ਤ ਗਰੀਬੀ ਘੱਟ ਕਰਦੀ ਹੈ, ਉਸ ਦੀ ਲਾਗਤ ਕੁੱਲ ਘਰੇਲੂ ਉਤਪਾਦ ਦਾ 4-5 ਪ੍ਰਤਿਸ਼ਤ ਹੋਵੇਗੀ, ਇਹ ਮੰਨ ਕੇ ਚੱਲਦਿਆਂ ਸਰਵੋਚ 25 ਪ੍ਰਤਿਸ਼ਤ ਆਮਦਨ ਵਾਲੇ ਇਸ ਵਿੱਚ ਸ਼ਾਮਲ ਨਹੀਂ ਹੋਣਗੇ। ਦੂਜੇ ਪਾਸੇ ਮੌਜੂਦਾ ਮੱਧ ਵਰਗੀ ਸਬਸਿਡੀਆਂ ਅਤੇ ਖਾਧ ਪਦਾਰਥ, ਪੈਟਰੋਲੀਅਮ ਅਤੇ ਖਾਦਾਂ ਦੀਆਂ ਸਬਸਿਡੀਆਂ ਕੁੱਲ ਘਰੇਲੂ ਉਤਪਾਦ ਦਾ ਲਗਭਗ 3 ਪ੍ਰਤਿਸ਼ਤ ਬਹਿੰਦੀਆਂ ਹਨ।

ਆਰਥਿਕ ਸਰਵੇਖਣ ਵਿੱਚ ਇਹ ਨਿਚੋੜ ਕੱਢਿਆ ਗਿਆ ਹੈ ਕਿ ਯੂ ਬੀ ਆਈ ਇਕ ਸ਼ਕਤੀਸ਼ਾਲੀ ਵਿਚਾਰ ਹੈ, ਜਿਸ ਉਤੇ ਅਮਲ ਕਰਨ ਦਾ ਸਮਾਂ ਭਾਵੇਂ ਹਾਲੇ ਨਹੀਂ ਆਇਆ ਪਰ ਇਸ ਉਤੇ ਗੰਭੀਰ ਚਰਚਾ ਕਰਨ ਦਾ ਢੁੱਕਵਾਂ ਸਮਾਂ ਹੈ ਅਤੇ ਯੂ ਬੀ ਆਈ ਉਹ ਨਤੀਜੇ ਹਾਸਲ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ ਜੋ ਮਹਾਤਮਾ ਗਾਂਧੀ ਨੂੰ ਬਹੁਤ ਪਿਆਰੇ ਸਨ ਅਤੇ ਜਿਨ੍ਹਾਂ ਲਈ ਉਹ ਸਾਰਾ ਜੀਵਨ ਸੰਘਰਸ਼ ਕਰਦੇ ਰਹੇ। ❑❑

*ਸਫ਼ਾ 43 ਦੀ ਬਾਕੀ*

ਵਿੱਚ 50 ਪ੍ਰਤਿਸ਼ਤ ਤੱਕ ਵਧਾਇਆ ਜਾਵੇਗਾ।

ਮਿੱਟੀ ਸਿਹਤ ਕਾਰਡ ਯੋਜਨਾ (ਸਾਇਲ ਹੈਲਥ ਕਾਰਡ ਸਕੀਮ) ਜੋ ਕਿ 2015 ਵਿੱਚ ਸ਼ੁਰੂ ਕੀਤੀ ਗਈ ਸੀ, ਨੂੰ ਦੇਸ਼ ਭਰ ਦੇ ਸਾਰੇ 648 ਕ੍ਰਿਸ਼ੀ ਵਿਗਿਆਨ ਕੇਂਦਰਾਂ (ਫਾਰਮ ਰਿਸਰਚ ਇੰਸਟੀਚਿਊਟਸ) ਵਿੱਚ ਮਿੱਟੀ ਦੀ ਪਰਖ ਲਈ ਛੋਟੀਆਂ ਪ੍ਰਯੋਗਸ਼ਾਲਾਵਾਂ ਸਥਾਪਤ ਕਰਕੇ, ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਯੋਗ ਸਥਾਨਕ ਉੱਦਮੀਆਂ ਵਲੋਂ ਸਰਕਾਰ ਦੀ ਸਹਾਇਤਾ ਨਾਲ ਹੋਰ 1000 ਛੋਟੀਆਂ ਪ੍ਰਯੋਗਸ਼ਾਲਾਵਾਂ ਵੀ ਸਥਾਪਤ ਕੀਤੀਆਂ ਜਾਣਗੀਆਂ।

ਹਾਲ ਹੀ ਵਿੱਚ ਲਾਗੂ ਕੀਤੇ ਗਏ ਵਸਤਾਂ ਅਤੇ ਸੇਵਾਵਾਂ ਟੈਕਸ (ਜੀ ਐੱਸ ਟੀ) ਐਕਟ ਦਾ ਵੀ ਭਾਰਤ ਦੇ ਖੇਤੀਬਾੜੀ ਅਤੇ ਖੁਰਾਕ ਖੇਤਰ ਉਤੇ ਪ੍ਰਮੁੱਖ ਅਸਰ ਪੈਣ ਦੀ ਸੰਭਾਵਨਾ ਹੈ। ਖ਼ਾਸ ਕਰਕੇ ਇਸ ਹਕੀਕਤ ਨਾਲ ਕਿ ਇਨ੍ਹਾਂ ਖੇਤਰਾਂ ਵਿੱਚ ਮੌਜੂਦਾ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਲਗਾਏ ਜਾਂਦੇ ਸਿੱਧੇ ਅਤੇ ਅਸਿੱਧੇ ਟੈਕਸਾਂ ਦੀਆਂ ਕਈ ਲਟਕਦੀਆਂ ਸ਼ਰਤਾਂ ਹਨ।

ਵਧੀਆ ਮੁੱਲ ਨਿਰਧਾਰਨ ਅਤੇ ਫ਼ਸਲ ਮਗਰਲੇ ਘਾਟਿਆਂ ਨੂੰ ਘਟਾਉਣ ਲਈ ਸਰਕਾਰ ਫਲਾਂ ਅਤੇ ਸਬਜ਼ੀਆਂ ਉਗਾਉਣ ਵਾਲੇ ਕਿਸਾਨਾਂ ਨੂੰ ਖੇਤੀ-ਡੱਬਾਬੰਦ ਇਕਾਈਆਂ ਨਾਲ ਜੋੜਨ ਦੀ ਯੋਜਨਾ ਬਣਾ ਰਹੀ ਹੈ। ਪਹਿਲੇ ਪੜਾਅ ਹੇਠ ਦਸ ਰਾਜਾਂ ਦੀਆਂ 250 ਮੰਡੀਆਂ ਨੂੰ ਬਿਜਲਈ ਰਾਸ਼ਟਰੀ ਖੇਤੀਬਾੜੀ ਮੰਡੀ (ਈ ਐੱਨ ਏ ਐੱਮ) ਨਾਲ ਜੋੜ ਦਿੱਤਾ ਗਿਆ ਹੈ ਜਿਥੇ 421 ਕਰੋੜ ਦੀਆਂ ਜਿਣਸਾਂ ਦਾ ਵਪਾਰ ਹੋਇਆ। ਈ-ਨਾਮ ਮੰਡੀਆਂ ਉਤੇ ਜਿਨ੍ਹਾਂ ਜਿਣਸਾਂ ਦਾ ਵਪਾਰ ਹੋਇਆ ਉਨ੍ਹਾਂ ਦੀਆਂ ਕੀਮਤਾਂ ਨਾਲ ਸੰਬੰਧਿਤ ਹੋਰ ਜਾਣਕਾਰੀ ਤੱਕ ਪਹੁੰਚ ਲਈ ਇਕ ਮੋਬਾਈਲ ਐਪ ਵੀ ਜਾਰੀ ਕੀਤਾ ਗਿਆ ਹੈ ਤਾਂ ਕਿ ਹੋਰਨਾਂ ਕਿਸਾਨਾਂ ਨੂੰ ਵੀ ਇਸ ਨਵੇਂ ਉਪਰਾਲੇ ਦਾ ਫ਼ਾਇਦਾ ਉਠਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ। ਲਗਭਗ 69 ਖੇਤੀ ਅਤੇ ਬਾਗ਼ਬਾਨੀ ਜਿਣਸਾਂ ਜਿਨ੍ਹਾਂ ਵਿੱਚ ਫਲ ਅਤੇ ਸਬਜ਼ੀਆਂ ਸ਼ਾਮਲ ਹਨ, ਨੂੰ ਈ-ਨਾਮ ਪਲੇਟਫਾਰਮ ਉਤੇ ਵਪਾਰ ਲਈ ਪੰਜੀਕ੍ਰਿਤ ਕੀਤਾ ਗਿਆ ਹੈ। ਇਨ੍ਹਾਂ ਮੰਡੀਆਂ ਦੀ ਇਕਜੁਟਤਾ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਵਿੱਚ ਵੀ ਸਹਾਈ ਹੋਵੇਗੀ।

ਨਾਬਾਰਡ ਦੇ ਅਧੀਨ ਸਥਾਪਤ ਹੋਣ ਵਾਲੇ ਡੇਅਰੀ ਅਤੇ ਬੁਨਿਆਦੀ ਵਿਕਾਸ ਫੰਡ ਨਾਂ ਦੇ ਨਵੇਂ ਫੰਡ ਲਈ 2000 ਕਰੋੜ ਰੁਪਏ ਦਾ ਸਮੁੱਚਿਤ ਪ੍ਰਬੰਧ ਰੱਖਿਆ ਗਿਆ ਹੈ। ਦੁੱਧ ਅਤੇ ਪਸ਼ੂਪਾਲਣ, ਕਿਸਾਨਾਂ ਲਈ ਵਾਧੂ ਆਮਦਨ ਜੁਟਾਉਣਗੇ ਅਤੇ ਡੇਅਰੀ ਵਿਕਾਸ ਲਈ ਇਕ ਫੰਡ ਕਾਇਮ ਕਰਨ ਦਾ ਉਪਰਾਲਾ ਕਿਸਾਨਾਂ ਦੀ ਜ਼ਿੰਦਗੀ ਸਵਾਰ ਦੇਵੇਗਾ। ਅਤੇ ਨਾਲ ਹੀ ਦੇਸ਼ ਦੀਆਂ ਕੁੱਲ ਖੇਤੀਬਾੜੀ ਪ੍ਰਾਪਤੀਆਂ ਵਿੱਚ ਦੁੱਧ ਅਤੇ ਦੁੱਧ ਨਾਲ ਬਣੀਆਂ ਵਸਤਾਂ ਦੇ ਪ੍ਰਤਿਸ਼ਤ ਯੋਗਦਾਨ ਵਿੱਚ ਵੀ ਵਾਧਾ ਹੋਵੇਗਾ। ਦੇਸ਼ ਭਰ ਵਿੱਚ ਦੁੱਧ ਅਤੇ ਦੁੱਧ ਨਾਲ ਬਣੀਆਂ ਡੱਬਾਬੰਦ ਵਸਤਾਂ ਦੀ ਮੰਗ ਵਿੱਚ ਵਾਧੇ ਨੂੰ ਦੇਖਦਿਆਂ ਡੇਅਰੀ ਸਹਿਕਾਰੀ ਸਭਾਵਾਂ ਅਤੇ ਹੋਰਨਾਂ ਡੇਅਰੀ ਕੰਪਨੀਆਂ ਨੇ ਦੁੱਧ ਅਤੇ ਦੁੱਧ ਨਾਲ ਬਣੀਆਂ ਵਸਤਾਂ ਦੀ ਖਰੀਦ ਅਤੇ ਮੰਡੀਕਰਨ ਲਈ ਸ਼ੀਤਲ- ਲੜੀ ਸਹੂਲਤਾਂ (ਕੋਲਡ ਚੇਨ) ਵਿੱਚ ਪੂੰਜੀਕਾਰੀ ਕਰਨੀ ਸ਼ੁਰੂ ਕਰ ਦਿੱਤੀ ਹੈ। ਦੁੱਧ ਅਤੇ ਦੁੱਧ ਨਾਲ ਬਣੀਆਂ ਵਸਤਾਂ ਦੀ ਇਸ ਵਧ ਰਹੀ ਮੰਗ ਦੇ ਰੁਝਾਨ ਦੇ ਜਾਰੀ ਰਹਿਣ ਦੀ ਸੰਭਾਵਨਾ ਹੈ ਅਤੇ ਇਸ ਦੇ ਨਾਲ ਹੀ ਛੋਟੇ ਅਤੇ ਦਰਮਿਆਨੇ ਪੱਧਰ ਉਤੇ ਇਸ ਖੇਤਰ ਵਿੱਚ ਚੰਗਾ ਵਿਕਾਸ ਹੋਣ ਦੀ ਵੀ ਆਸ ਹੈ।

*(ਲੇਖਕ ਨੈਸ਼ਨਲ ਕੌਂਸਲ ਆਫ ਐਪਲਾਈਡ ਇਕਨਾਮਿਕਸ ਰਿਸਰਚ, ਨਵੀਂ ਦਿੱਲੀ ਵਿੱਚ ਐਸੋਸੀਏਟ ਪ੍ਰੋਫੈਸਰ ਹਨ)*

*e-mail :ljoshi@ncaer.org*


PUBLICATIONS DIVISION
website: publicationsdivision.nic.in
Some Prestigious Titles Now Available Online
India 2016 (also available as eBook)
Bharat 2016 (also available as eBook)
Legends of Indian Silver Screen (also available as eBook)
Abode Under The Dome
Winged Wonders of Rashtrapati Bhavan
Right of The Line : The President's Bodyguard
Indra Dhanush
The Presidential Retreats of India
Rashtrapati Bhawan
Belief In The Ballot (also available as eBook)
Gandhi : Jeevan Aur Darshan (hindi)
1857 The Uprising
Sardar Patel-Sachitra Jeevni(hindi) (also available as eBook)
Sardar Patel - A Pictorial Biography (also available as eBook)
Basohli Painting
Kangra Painting
Indian Women : Contemporary Essays
Bharat Ki Ekta Ka Nirman (hindi) (also available as eBook)
Yuva Sanyasi (hindi)
Gazetteer of India Vol.2
The Geet Govinda of Shri Jaydev
Who's Who of Indian Martyrs (Vol-I)
Who's Who of Indian Martyrs (Vol-II)
Saga of Valour
Some Aspects of Indian Culture
Art & Science of Playing Tabla (also available as eBook)
Indian Classical Dance
Celebration of Life : Indian Folk Dance
Nataraja
Bengali Theatre: 200 Years (also available as eBook)
Bihari Satsai (hindi)
Bihari Satsai - A Commentary
Eye In Art
Looking Again At Indian Art
The Life of Krishna In Indian Art
Pahari Painting of Nala Damayanti Theme
Ajanta Ka Vaibhav (hindi)
Bharatiya Kala - Udhbhav Aur Vikas (hindi)
Bharatiya Chitrakala Main Sangeet Tatva (hindi)
South Indian Paintings
Garhwal Chitrakala (hindi)
A Moment In Time
Samay, Cinema Aur Itihas (hindi)
Indian Cinema Through The Century
Bharatiya Cinema Ka Safarnama (hindi)
A History of Socialism
Lamps of India
Bharat Ke Durg (hindi)
Wood Carving of Gujarat
Lawns And Gardens
Paryavaran Sanrakshan : Chunotiyan Aur Samadhan (hindi)
eBooks
Lokmanya Bal Gangadhar Tilak
The Gospel of Buddha
Introduction To Indian Music
Sardar Vallabhbhai Patel
Sardar Vallabhbhai Patel (Adhunik Bharat Ke Nirmata Series)
Lauh Purush Sardar Patel
Aise They Bapu
Mahatama Gandhi -A Pictorial Biography
Gandhi In Champaran
Mahatma Gandhi And One World
Printed Books available at flipkart.com
eBooks at kobo.com

# ਭਾਰਤ ਨੂੰ ਜਾਣਨ - ਸਮਝਣ ਲਈ

ਪੜ੍ਹੋ :

## ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ

ਪ੍ਰਕਾਸ਼ਨ ਵਿਭਾਗ ਰਾਸ਼ਟਰੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਇਤਿਹਾਸ, ਕਲਾ, ਸੰਸਕ੍ਰਿਤੀ, ਵਿਗਿਆਨ, ਬਨਸਪਤੀ, ਸੰਦਰਭ ਆਦਿ ਵੱਖ ਵੱਖ ਵਿਸ਼ਿਆਂ ਉਤੇ ਅਤੇ ਬਾਲ ਪੁਸਤਕਾਂ ਪ੍ਰਕਾਸ਼ਤ ਕਰਦਾ ਹੈ। 100 ਖੰਡਾਂ ਵਿਚ ਸੰਪੂਰਣ ਗਾਂਧੀ ਰਚਨਾਵਲੀ ਪ੍ਰਕਾਸ਼ਨ ਵਿਭਾਗ ਦੀ ਇਕ ਮਹੱਤਵਪੂਰਣ ਉਪਲਬਧੀ ਹੈ। ਦੇਸ਼ ਅਤੇ ਦੇਸ਼ ਵਾਸੀਆਂ ਬਾਰੇ ਭਰਪੂਰ ਜਾਣਕਾਰੀ ਦੇਣ ਵਾਲੀਆਂ ਲਾਭਦਾਇਕ ਤੇ ਗਿਆਨ ਵਧਾਉਣ ਵਾਲੀਆਂ ਪੁਸਤਕਾਂ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹਨ। ਵਿਭਾਗ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਪੱਤਰਕਾਵਾਂ ਵੀ ਪ੍ਰਕਾਸ਼ਤ ਕਰਦਾ ਹੈ।

## ਕੁਝ ਮਹੱਤਵਪੂਰਣ ਪੰਜਾਬੀ ਪ੍ਰਕਾਸ਼ਨ

- ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
- ਅੱਧੀ ਚੁੰਝ ਵਾਲੀ ਚਿੜੀ
- ਭਗਤ ਸਿੰਘ : ਅਮਰ ਵਿਦਰੋਹੀ
- ਸ਼ਹੀਦ ਕਰਤਾਰ ਸਿੰਘ ਸਰਾਭਾ
- ਭਾਰਤ ਛੱਡੋ ਅੰਦੋਲਨ
- ਦੇਸ਼-ਵਿਦੇਸ਼ ਦੇ ਮਹਾਂਪੁਰਸ਼
- ਭਾਰਤ ਦੇ ਗੌਰਵ ਗ੍ਰੰਥ
- ਦਿਲ ਦੇ ਰੋਗ ਤੋਂ ਕੈਂਸਰ ਤਕ
- ਵਿਗਿਆਨੀਆਂ ਦੀਆਂ ਜੀਵਨ ਕਥਾਵਾਂ
- 1857 ਦਾ ਸੁਤੰਤਰਤਾ ਸੰਗ੍ਰਾਮ
- ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
- ਸ਼ਹੀਦਾਂ ਦੇ ਖ਼ਤ
- ਭਾਰਤ ਦੇ ਲੋਕ ਨਾਚ
- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
- ਫਿੱਡੂ ਫਲੂਗਰ
- ਪੰਜਾਬ ਦੇ ਲੋਕ ਨਾਚ
- ਫ਼ਰਜ਼ ਦੀ ਪਛਾਣ
- ਕਲਪਨਾ ਚਾਵਲਾ
- ਭਾਰਤ ਦੇ ਪੰਛੀ
- ਦਿਆਲ ਸਿੰਘ ਮਜੀਠੀਆ
- ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
- ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਤਕ
- ਕ੍ਰਾਂਤੀਕਾਰੀ ਅਜ਼ੀਮਉੱਲਾ ਖ਼ਾਂ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਦੀਆਂ ਲੋਕ ਕਥਾਵਾਂ
- ਰਵਿੰਦਰ ਨਾਥ ਠਾਕੁਰ ਦੀਆਂ ਬਾਲ ਕਹਾਣੀਆਂ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਪਹਿਲਾ)
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਦੂਜਾ)
- ਭਾਰਤੀ ਸਭਿਆਚਾਰ ਦੀ ਝਾਕੀ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

- ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610)
- ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205)
- 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ -400 614 (ਫ਼ੋਨ-27570686)
- 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030)
- 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ - 600 090 (ਫ਼ੋਨ-24917673)
- ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650)
- ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383)
- ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244)
- ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2683407)
- ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਂਕਟਰ-ਐਚ, ਅਲੀਗੰਜ, ਲਖਨਊ - 226 024, (ਫ਼ੋਨ-2225455)
- ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਯੂਕੋ ਬੈਂਕ ਦੇ ਉਪਰ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669)
- ਕੇ.ਕੇ.ਬੀ.ਰੋਡ, ਨਵੀਂ ਕਾਲੋਨੀ, ਮਕਾਨ ਨੰ:7, ਚੇਨੀਕੁੱਟੀ, ਗੁਵਹਾਟੀ-781 003 (ਫ਼ੋਨ-2665090)

**ਪ੍ਰਕਾਸ਼ਨ ਵਿਭਾਗ**
**ਸੂਚਨਾ ਅਤੇ ਪ੍ਰਸਾਰਣ ਮੰਤਰਾਲਾ**
**ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,**
**ਲੋਧੀ ਰੋਡ, ਨਵੀਂ ਦਿੱਲੀ-110003**

**PUBLICATIONS DIVISION**
**Ministry of Information & Broadcasting**
**Soochna Bhawan, CGO Complex,**
**Lodhi Road, New Delhi-110003**

## COMMERCIAL ADVERTISEMENT RATES FOR DPD JOURNALS
## (w.e.f. 15th March, 2016

| S. No. | Name of Journal (Rate for each Journals for one edition | Inside Text Page Colour (Full Page) | Colour (Half Page) | Black & White (Full Page) | Black & White (Half Page) | Back Cover Full Page | 2nd Cover Page Full Page | 3rd Cover Page Full Page |
|---|---|---|---|---|---|---|---|---|
| 1 | Yojana (English) | 35,000 | 20,000 | 25,000 | 15,000 | 10,0000 | 70,000 | 70,000 |
| 2 | Yojana (Hindi) | 25,000 | 15,000 | 18,000 | 11,000 | 75,000 | 50,000 | 50,000 |
| 3 | Kurukshetra (English & Hindi) | 20,000 | 12,000 | 15,000 | 10,000 | 30,000 | 27,000 | 25,000 |
| 4 | Ajkal (Hindi& Urdu) | 10,000 | 6,000 | 7,000 | 5,000 | 15,000 | 12000 | 11000 |
| 5 | Yojana (Urdu/Punjabi/ Oriya/Assamese/ Gujrati/Malayalam) | 70,00 | 4,500 | 5,000 | 3,000 | 10,000 | 9000 | 8000 |
| 6 | Ball Bharti | 10,000 | | | | 15,000 | 12,000 | 11000 |
| 7 | Yojana (Bengali/Telgu/ Marathi/Tamil/Kannada) | 13,000 | 8,000 | 10,000 | 6,000 | 20,000 | 17,000 | 15000 |

COMMERCIAL ADVERTISEMENT RATES FOR INDIA/BHARAT**

| | India | | Bharat | |
|---|---|---|---|---|
| | Colour | Black & White | Colour | Black & White |
| Full Page | 40,000 | 25,000 | 25,000 | 15,000 |
| 2nd Cover Page | | | | |
| 3rd Cover Page | 70,000 | | 50,000 | |

** Rates of Advertisement tariff in India & Bharat annual reference are inclusive for print & electronic version

Note :

2nd cover page of magazines will be reserved for the DAVP and Government Organizations. The above rate are only for PSU advertisement.

* 2 % extra discount on each additional insertion of advertisement subject to maximum discount of 40%

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |

Advertisement material - Artpull/Artwork/CD/Positives

**Full advance payment by D.D. in favour of ADG(I/c), Publications Division, M/o I&B payable at New Delhi.**
Advertisement material and payment to be sent to the Business Manager (Advt.), Advertisement Unit, Publications Division, Room No. 48-53, Soochna Bhawan, CGO Complex, Lodi Road, New Delhi-1100 03. E-mail : *pdjucir@gmail.com*. For any other query please contact at 011-24367453.